Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA




Vol. 18, Issue- 812, 25 to 31 July, 2024, Ph: 916-320-9444, E-mail: punjabmailusa@yahoo.com, Web: punjabmailusa.com

## ਬਜਟ 2024-25 : ਪੰਜਾਬ ਨਾਲ ਫਿਰ ਤੋਂ ਹੋਇਆ ਮਤਰੇਈ ਮਾਂ ਵਾਲਾ ਸਲੂਕ



■ ਬਜਟ ਵਿਚ ਪੰਜਾਬ ਤੇ ਪੱਛਮੀ ਬੰਗਾਲ ਨੂੰ ਨਹੀਂ ਮਿਲੀ ਕੋਈ ਰਾਹਤ

ਨਵੀਂ ਦਿੱਲੀ, (ਪੰਜਾਬ ਮੇਲ)- ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ ਪੇਸ਼ ਕਰ ਦਿੱਤਾ ਹੈ। ਇਸ ਬਜਟ ਦੇ ਰਲੇ-ਮਿਲੇ ਪ੍ਰਤੀਕਰਮ ਹੋਏ ਹਨ। ਕੇਂਦਰ ਸਰਕਾਰ ਵਿਚ ਭਾਈਵਾਲ ਆਂਧਰਾ ਪ੍ਰਦੇਸ਼ ਅਤੇ ਬਿਹਾਰ ਰਾਜਾਂ ਨੂੰ ਵੱਡੇ ਪੈਕੇਜ ਸਮੇਤ ਕਈ ਹੋਰ ਗੱਫੇ ਦੇਣ ਦਾ ਐਲਾਨ ਕੀਤਾ ਹੈ, ਜਦਕਿ ਪੰਜਾਬ ਅਤੇ ਪੱਛਮੀ ਬੰਗਾਲ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ, ਜਿਸ ਨਾਲ ਇਨ੍ਹਾਂ ਦੋਹਾਂ ਰਾਜਾਂ ਦੇ ਲੋਕ ਸਭਾ ਮੈਂਬਰਾਂ ਨੇ ਵਿੱਤੀ ਪੈਕੇਜ ਨਾ ਦੇਣ ਖਿਲਾਫ ਸੰਸਦ ਮੈਂਬਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ। ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਬੀ.ਜੇ.ਪੀ. ਸਰਕਾਰ ਘੱਟ ਗਿਣਤੀ ਵਿਚ ਹੈ ਅਤੇ ਉਹ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਅਤੇ ਬਿਹਾਰ ਦੇ ਨਿਤੀਸ਼ ਕੁਮਾਰ ਦੀ ਪਾਰਟੀਆਂ ਦੇ ਸਹਿਯੋਗ ਨਾਲ ਇਸ ਵਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋਏ ਹਨ। ਪੰਜਾਬ ਅਤੇ ਬੰਗਾਲ ਤੋਂ ਬੀ.ਜੇ.ਪੀ. ਨੂੰ ਕੋਈ ਫਾਇਦਾ ਨਹੀਂ ਹੋਇਆ, ਜਿਸ ਕਰਕੇ ਕੇਂਦਰ ਦੀ ਬੀ.ਜੇ.ਪੀ. ਸਰਕਾਰ ਨੇ ਇਨ੍ਹਾਂ ਪ੍ਰਾਂਤਾਂ ਨਾਲ ਕਿੜ ਕੱਢੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਸਿਰ ਤਿੰਨ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਹੈ, ਜੋ ਕਿ ਦਿਨੋਂ-ਦਿਨ ਵੱਧ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਇਸ ਸਮੇਂ ਕੋਈ ਵੀ ਪ੍ਰਗਤੀ ਦਾ ਕੰਮ ਨਹੀਂ ਹੋ ਰਿਹਾ।

## ਟਰੰਪ ਵੱਲੋਂ ਚੋਣਾਂ ਜਿੱਤਣ ਤੋਂ ਬਾਅਦ ਸਰਹੱਦਾਂ ਸੀਲ ਕਰਨ ਦਾ ਐਲਾਨ

■ ਮੈਕਸਿਕੋ ਤੋਂ ਹਜ਼ਾਰਾਂ ਪ੍ਰਵਾਸੀਆਂ ਦਾ ਕਾਫ਼ਲਾ ਪੈਦਲ ਹੀ ਅਮਰੀਕੀ ਸਰਹੱਦ ਵੱਲ ਹੋਇਆ ਰਵਾਨਾ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਨਵੰਬਰ 2024 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭੱਖ ਗਿਆ ਹੈ। ਦੁਨੀਆਂ ਭਰ ਦੀ ਨਿਗ੍ਹਾ ਅਮਰੀਕਾ ਦੀ ਰਾਸ਼ਟਰਪਤੀ ਚੋਣ ਲਈ ਖੜ੍ਹੇ ਉਮੀਦਵਾਰਾਂ 'ਤੇ ਲੱਗੀ ਹੋਈ ਹੈ। ਰਿਪਬਲੀਕਨ ਪਾਰਟੀ ਵੱਲੋਂ ਡੋਨਲਡ ਟਰੰਪ ਨੂੰ ਪਾਰਟੀ ਦੀ ਹਮਾਇਤ ਪ੍ਰਾਪਤ ਹੋ ਚੁੱਕੀ ਹੈ, ਜਦਕਿ ਡੈਮੋਕ੍ਰੇਟ ਪਾਰਟੀ ਵੱਲੋਂ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਚੋਣ ਮੈਦਾਨ 'ਚੋਂ ਹੱਟ ਜਾਣ ਅਤੇ ਉਨ੍ਹਾਂ ਵੱਲੋਂ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਦਾ ਉਮੀਦਵਾਰ ਬਣਾਉਣ ਤੋਂ ਬਾਅਦ ਸਥਿਤੀ ਦਿਲਚਸਪ ਹੋ ਗਈ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਕਾਰਜਕਾਲ ਦੌਰਾਨ ਮੈਕਸੀਕੋ-ਅਮਰੀਕੀ ਬਾਰਡਰ ਤੋਂ ਪ੍ਰਵਾਸੀਆਂ ਨੂੰ ਆਉਣ ਦੀ ਪੂਰੀ ਖੁੱਲ੍ਹ ਦੇ ਦਿੱਤੀ ਸੀ। ਪਰ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੁਣ ਐਲਾਨ ਕੀਤਾ ਹੈ ਕਿ ਜੇ ਮੈਂ ਜਿੱਤਦਾ ਹਾਂ, ਤਾਂ ਅਮਰੀਕਾ ਦੇ ਬਾਰਡਰ ਪੂਰੀ ਤਰ੍ਹਾਂ ਸੀਲ ਕਰ ਦਿੱਤੇ ਜਾਣਗੇ। ਇਸ ਐਲਾਨ ਤੋਂ ਬਾਅਦ ਅਮਰੀਕਾ ਆਉਣ ਦੀ ਤਾਂਘ 'ਚ ਬੈਠੇ ਲੋਕਾਂ ਵਿਚ ਹਫੜਾ-ਦਫੜੀ ਮੱਚ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਟਰੰਪ ਜਿੱਤ ਗਿਆ, ਤਾਂ ਅਸੀਂ ਕਦੇ ਵੀ ਅਮਰੀਕਾ ਦਾਖਲ ਨਹੀਂ ਹੋ ਸਕਾਂਗੇ। ਇਸ ਕਰਕੇ ਮੈਕਸੀਕੋ ਤੋਂ ਲੋਕਾਂ ਨੇ ਪੈਦਲ ਹੀ ਅਮਰੀਕਾ ਵੱਲ ਕੂਚ ਕਰ ਦਿੱਤਾ ਹੈ। ਉਹ ਚਾਹੁੰਦੇ ਹਨ ਕਿ ਨਵੰਬਰ ਚੋਣਾਂ ਤੋਂ ਪਹਿਲਾਂ-ਪਹਿਲਾਂ ਉਹ ਅਮਰੀਕਾ ਵਿਚ ਦਾਖਲ ਹੋ ਜਾਣ। ਇਨ੍ਹਾਂ ਪ੍ਰਵਾਸੀਆਂ ਵਿਚ ਅਮਰੀਕਾ ਦੀ ਦੱਖਣੀ ਸਰਹੱਦ ਤੋਂ ਪਿਛਲੇ ਕੁੱਝ ਦਿਨਾਂ ਤੋਂ ਭਾਰੀ ਗਿਣਤੀ ਵਿਚ ਆਮਦ ਸ਼ੁਰੂ ਹੋ ਚੁੱਕੀ ਹੈ।

## ਡਰੱਗ ਰੈਕੇਟ ਮਾਮਲਾ: ਸਿੱਟ ਵੱਲੋਂ ਮਜੀਠੀਆ ਨੂੰ 30 ਜੁਲਾਈ ਨੂੰ ਪੇਸ਼ ਹੋਣ ਲਈ ਸੰਮਨ ਜਾਰੀ



ਚੰਡੀਗੜ੍ਹ, (ਪੰਜਾਬ ਮੇਲ)- ਬਹੁ-ਕਰੋੜੀ ਡਰੱਗ ਰੈਕੇਟ ਮਾਮਲੇ ਦੀ ਜਾਂਚ ਕਰ ਰਹੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਸਿੱਟ) ਨੇ 30 ਜੁਲਾਈ ਨੂੰ ਮੁੜ ਸਾਬਕਾ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਪੇਸ਼ ਹੋਣ ਲਈ ਕਿਹਾ ਹੈ। ਇਸ ਤੋਂ ਪਹਿਲਾਂ 18 ਜੁਲਾਈ ਅਤੇ 20 ਜੁਲਾਈ ਨੂੰ ਪੇਸ਼ ਹੋਣ ਲਈ ਕਿਹਾ ਸੀ ਪਰ ਸੁਪਰੀਮ ਕੋਰਟ 'ਚ ਸੁਣਵਾਈ ਦੀ ਗੱਲ ਆਖ ਕੇ ਮਜੀਠੀਆ ਸਿੱਟ ਅੱਗੇ ਪੇਸ਼ ਨਹੀਂ ਹੋਏ ਸਨ।

ਇਸ ਸਬੰਧੀ ਮਜੀਠੀਆ ਨੇ ਸਿੱਟ ਨੂੰ ਇਕ ਪੱਤਰ ਭੇਜ ਕੇ ਸਪੱਸ਼ਟੀਕਰਨ ਵੀ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਉਹ ਆਪਣੇ ਖ਼ਿਲਾਫ਼ ਸੁਪਰੀਮ ਕੋਰਟ 'ਚ ਰੈਗੂਲਰ ਜ਼ਮਾਨਤ ਰੱਦ ਕਰਵਾਉਣ ਲਈ ਦਾਇਰ ਵਿਸ਼ੇਸ਼ ਲੀਵ ਪਟੀਸ਼ਨ (ਐੱਸ.ਐੱਲ.ਪੀ.) ਦੇ ਮਾਮਲੇ 'ਚ ਵਕੀਲਾਂ ਦੀ ਸਹਾਇਤਾ ਲਈ ਦਿੱਲੀ ਪਹੁੰਚੇ ਹੋਏ ਹਨ। ਹੁਣ ਮਾਣਯੋਗ ਸੁਪਰੀਮ ਕੋਰਟ 'ਚ ਮਜੀਠੀਆ ਨੂੰ ਸਮਾਂ ਮਿਲ ਗਿਆ ਹੈ। ਇੱਧਰ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਤੁਰੰਤ ਪ੍ਰਭਾਵ ਨਾਲ ਸੰਮਨ ਜਾਰੀ ਕਰਕੇ 30 ਜੁਲਾਈ ਨੂੰ ਪੇਸ਼ ਹੋਣ ਲਈ ਬੁਲਾ ਲਿਆ ਹੈ।

## ਅਮਰੀਕੀ ਰਾਜਨੀਤੀ 'ਚ ਕਮਲਾ ਹੈਰਿਸ ਇਤਿਹਾਸ ਰਚਣ ਵੱਲ

■ ਮੁਹਿੰਮ ਲਈ ਆਮ ਲੋਕਾਂ ਵੱਲੋਂ ਰੋਜ਼ਾਨਾ ਦਿੱਤੇ ਜਾ ਰਹੇ ਨੇ ਕਰੋੜਾਂ ਡਾਲਰ

■ ਅਗਲੇ ਮਹੀਨੇ ਡੈਮੋਕ੍ਰੈਟਿਕ ਨੈਸ਼ਨਲ ਕਮੇਟੀ ਦੀ ਹੋਣ ਵਾਲੀ ਕਨਵੈਨਸ਼ਨ ਤੋਂ ਪਹਿਲਾਂ ਵੀ ਪਾਰਟੀ ਉਮੀਦਵਾਰ ਵਜੋਂ ਹੈਰਿਸ ਦੇ ਨਾਂ 'ਤੇ ਲੱਗ ਸਕਦੀ ਹੈ ਮੋਹਰ



ਰਾਸ਼ਟਰਪਤੀ ਜੋਅ ਬਾਈਡਨ ਤੇ ਕਮਲਾ ਹੈਰਿਸ ਗੱਪਸ਼ੱਪ ਦੇ ਮੂਡ ਵਿਚ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਉਪ ਰਾਸ਼ਟਰਪਤੀ ਕਮਲਾ ਹੈਰਿਸ ਅਮਰੀਕੀ ਰਾਜਨੀਤੀ ਵਿਚ ਇਤਿਹਾਸ ਰਚਣ ਵੱਲ ਵਧ ਰਹੀ ਹੈ। ਉਹ ਪਹਿਲਾਂ ਵੀ ਉਪ ਰਾਸ਼ਟਰਪਤੀ ਬਣ ਕੇ ਇਤਿਹਾਸ ਰਚ ਚੁੱਕੀ ਹੈ। ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਚੋਣ ਨਾ ਲੜਣ ਤੇ ਰਾਸ਼ਟਰਪਤੀ ਉਮੀਦਵਾਰ ਵਜੋਂ ਕਮਲਾ ਹੈਰਿਸ ਦਾ ਨਾਂ ਐਲਾਨਣ ਤੋਂ ਬਾਅਦ ਉਸ ਦੇ ਸਮਰਥਨ ਵਿਚ ਬਹੁਤ ਸਾਰੇ ਪਾਰਟੀ ਆਗੂ ਆ ਗਏ ਹਨ। ਸੰਭਾਵਨਾ ਹੈ ਕਿ ਅਗਲੇ ਕੁਝ ਦਿਨਾਂ ਦੌਰਾਨ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਉਮੀਦਵਾਰ ਵਜੋਂ ਪਾਰਟੀ ਪ੍ਰਵਾਨ ਕਰ ਲਵੇਗੀ, ਹਾਲਾਂਕਿ ਅਗਲੇ ਮਹੀਨੇ 19 ਅਗਸਤ ਨੂੰ ਡੈਮੋਕ੍ਰੈਟਿਕ ਨੈਸ਼ਨਲ ਕਮੇਟੀ ਦੀ ਹੋਣ ਵਾਲੀ ਕਨਵੈਨਸ਼ਨ ਵਿਚ ਰਾਸ਼ਟਰਪਤੀ ਉਮੀਦਵਾਰ ਵਜੋਂ ਹੈਰਿਸ ਦੇ ਨਾਂ 'ਤੇ ਰਸਮੀ ਮੋਹਰ ਲਾਈ ਜਾਣੀ ਹੈ। ਉਹ ਪਹਿਲੀ ਅਫਰੀਕੀ-ਅਮਰੀਕੀ, ਪਹਿਲੀ ਏਸ਼ੀਅਨ-ਅਮਰੀਕੀ ਤੇ ਪਹਿਲੀ ਭਾਰਤੀ-ਅਮਰੀਕੀ ਔਰਤ ਹੋਵੇਗੀ, ਜੋ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਹੋਵੇਗੀ। ਜੇਕਰ ਚੋਣ ਜਿੱਤ ਜਾਂਦੀ ਹੈ, ਤਾਂ ਉਹ ਅਮਰੀਕਾ ਦੀ ਪਹਿਲੀ ਔਰਤ ਰਾਸ਼ਟਰਪਤੀ ਹੋਵੇਗੀ। ਹੈਰਿਸ ਨੂੰ ਰਾਸ਼ਟਰਪਤੀ ਬਾਇਡਨ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਸਮੇਤ ਚੋਟੀ ਦੇ ਪਾਰਟੀ ਆਗੂਆਂ ਦਾ ਸਮਰਥਨ ਮਿਲ ਚੁੱਕਾ ਹੈ। ਇਸ ਤੋਂ ਇਲਾਵਾ ਅਨੇਕਾਂ ਹੋਰ ਸੰਸਦ ਮੈਂਬਰ ਤੇ ਪਾਰਟੀ ਅਹੁਦੇਦਾਰ ਉਨ੍ਹਾਂ ਦੇ ਸਮਰਥਨ ਵਿਚ ਆ ਗਏ ਹਨ।

■ ਬਾਕੀ ਖਬਰ ਸਫਾ 17 'ਤੇ

## ਕੇ.ਕੇ. ਬਾਵਾ ਅਮਰੀਕਾ ਦੌਰੇ 'ਤੇ



ਸੈਕਰਾਮੈਂਟੋ, (ਪੰਜਾਬ ਮੇਲ)- ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ 26 ਜੁਲਾਈ ਤੋਂ 20 ਅਗਸਤ ਤੱਕ ਅਮਰੀਕਾ ਦਾ ਦੌਰਾ ਕਰ ਰਹੇ ਹਨ। ਇਥੇ ਉਹ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ 'ਇਲਾਹੀ ਗਿਆਨ ਦਾ ਸਾਗਰ, ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ ਰਿਲੀਜ਼ ਕਰਨਗੇ, ਤਾਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਾਲਤਾ, ਮਹਾਨਤਾ ਅਤੇ ਸੱਚ ਦੇ ਉਪਦੇਸ਼ ਨੂੰ ਵਿਸ਼ਵ ਭਰ ਵਿਚ ਪ੍ਰਚਾਰਿਆ ਜਾ ਸਕੇ। ਹੋਰ ਜਾਣਕਾਰੀ ਲਈ ਪੰਜਾਬ ਮੇਲ ਵਿਚ ਸਫਾ ਨੰਬਰ 3 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

## ਐਲਕ ਗਰੋਵ ਤੀਆਂ 11 ਅਗਸਤ ਨੂੰ




ਸੈਕਰਾਮੈਂਟੋ, (ਪੰਜਾਬ ਮੇਲ)- ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਵੱਲੋਂ 16ਵਾਂ ਸਾਲਾਨਾ 'ਤੀਆਂ ਦਾ ਮੇਲਾ' ਇਸ ਵਾਰ 11 ਅਗਸਤ, ਦਿਨ ਐਤਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਦੁਪਹਿਰ 2 ਵਜੇ ਤੋਂ ਕਰਵਾਇਆ ਜਾ ਰਿਹਾ ਹੈ। ਪੰਜਾਬ ਵਾਂਗ ਦਰੱਖਤਾਂ ਦੀ ਛਾਂ ਹੇਠ ਕਰਵਾਈਆਂ ਜਾਂਦੀਆਂ ਇਨ੍ਹਾਂ ਤੀਆਂ ਵਿਚ ਗਿੱਧੇ, ਭੰਗੜੇ, ਗੀਤ-ਸੰਗੀਤ, ਡੀ.ਜੇ., ਸੁਹਾਗ, ਸਿੱਠਣੀਆਂ, ਬੋਲੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਕੱਪੜੇ, ਗਹਿਣੇ, ਦੇਸੀ ਜੁੱਤੀਆਂ, ਮਹਿੰਦੀ, ਖਾਣੇ ਆਦਿ ਦੇ ਸਟਾਲ ਵੀ ਲੱਗਣਗੇ। ਸਿਰਫ ਔਰਤਾਂ ਲਈ ਹੋਣ ਵਾਲੀਆਂ ਇਨ੍ਹਾਂ ਤੀਆਂ ਲਈ ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ। ਹੋਰ ਜਾਣਕਾਰੀ ਲਈ ਸਫਾ ਨੰਬਰ 2 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

## ਭਾਰਤ ਵੱਲੋਂ ਅੰਤਰਰਾਸ਼ਟਰੀ ਯਾਤਰੀਆਂ ਲਈ ਪੇਮੈਂਟ ਵਾਲਿਟ ਲਾਂਚ



ਨਵੀਂ ਦਿੱਲੀ, (ਪੰਜਾਬ ਮੇਲ)- ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ ਇੰਡੀਆ (ਐੱਨ.ਪੀ.ਸੀ.ਆਈ.), ਜੋ ਕਿ ਭਾਰਤ ਦੇ ਭੁਗਤਾਨ ਪ੍ਰਣਾਲੀਆਂ ਦਾ ਪ੍ਰਬੰਧਨ ਕਰਦੀ ਹੈ, ਨੇ ਭਾਰਤ ਆਉਣ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਲਈ ਇੱਕ ਵਾਲਿਟ ਲਾਂਚ ਕੀਤਾ ਹੈ।

'ਯੂ.ਪੀ.ਆਈ. ਵਨ ਵਰਲਡ' ਵਾਲਿਟ, ਜੋ ਕਿ ਯੂਨੀਫਾਈਡ ਪੇਮੈਂਟਸ ਇੰਟਰਫੇਸ ਵਜੋਂ ਜਾਣੇ ਜਾਂਦੇ ਭਾਰਤ ਦੇ ਫਲੈਗਸ਼ਿਪ ਤਤਕਾਲ ਭੁਗਤਾਨ ਪ੍ਰਣਾਲੀ ਦੀ ਵਰਤੋਂ ਕਰੇਗਾ, ਜਿਸ ਨੂੰ ਆਮ ਤੌਰ 'ਤੇ ਯੂ.ਪੀ.ਆਈ. ਕਿਹਾ ਜਾਂਦਾ ਹੈ, ਦਾ ਉਦੇਸ਼ ਸੈਲਾਨੀਆਂ ਲਈ ਡਿਜ਼ੀਟਲ ਭੁਗਤਾਨਾਂ ਨੂੰ ਆਸਾਨ ਅਤੇ ਸੁਵਿਧਾਜਨਕ ਬਣਾਉਣਾ ਹੈ। ਇਹ ਸੇਵਾ 21-31 ਜੁਲਾਈ, 2024 ਨੂੰ ਨਵੀਂ ਦਿੱਲੀ ਵਿਚ ਵਿਸ਼ਵ ਵਿਰਾਸਤ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਵਾਲੇ ਡੈਲੀਗੇਟਾਂ ਨੂੰ ਪ੍ਰਦਾਨ ਕੀਤੀ ਗਈ ਹੈ, ਜਿਸ ਨਾਲ ਇਵੈਂਟ ਦੌਰਾਨ ਉਨ੍ਹਾਂ ਦੇ

■ ਬਾਕੀ ਖਬਰ ਸਫਾ 17 'ਤੇ


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(2.30pm to 6.30 pm)
Free Entry
ਤੀਆਂ ਤੀਜ਼ ਦੀਆਂ
Only For Ladies
ਐਲਕ ਗਰੋਵ ਪਾਰਕ ਵਿਚ
11 ਅਗਸਤ 2024, ਦਿਨ ਐਤਵਾਰ
(ਦੁਪਹਿਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by PUNJAB MAIL USA TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਕਮਲਾ ਹੈਰਿਸ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਮੁੜ ਸਰਗਰਮ ਹੋਈ

ਵਾਸ਼ਿੰਗਟਨ, (ਪੰਜਾਬ ਮੇਲ)- ਜੋਅ ਬਾਇਡਨ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਲਾਂਭੇ ਹੋਣ ਮਗਰੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਮੁੜ ਸਰਗਰਮ ਹੋ ਗਈ ਹੈ। ਡੈਮੋਕਰੈਟਿਕ ਪਾਰਟੀ ਦੇ ਕਈ ਆਗੂ ਅਤੇ ਸਿਆਸੀ ਜਥੇਬੰਦੀਆਂ ਕਮਲਾ ਦੇ ਪੱਖ 'ਚ ਆ ਗਏ ਹਨ। ਜੇ ਉਹ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਚੁਣੀ ਗਈ, ਤਾਂ ਉਸ ਨੂੰ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੀ ਵੀ ਚੋਣ ਕਰਨੀ ਪਵੇਗੀ। ਬਾਇਡਨ ਦੀ ਪ੍ਰਚਾਰ ਟੀਮ ਨੇ ਤੁਰੰਤ 'ਰਾਸ਼ਟਰਪਤੀ ਲਈ ਹੈਰਿਸ' ਦੇ ਨਾਮ 'ਤੇ ਮੋਹਰ ਲਗਾ ਦਿੱਤੀ ਹੈ। ਹੈਰਿਸ ਨੇ ਐਤਵਾਰ ਨੂੰ ਪਰਿਵਾਰ ਅਤੇ ਅਮਲੇ ਨਾਲ ਮਿਲ ਕੇ 100 ਤੋਂ ਵੱਧ ਡੈਮੋਕਰੈਟਿਕ ਆਗੂਆਂ ਨੂੰ ਫੋਨ ਕਰਕੇ ਆਪਣੀ ਉਮੀਦਵਾਰੀ ਲਈ ਹਮਾਇਤ ਮੰਗੀ। ਪਾਰਟੀ ਆਗੂਆਂ ਨਾਲ ਗੱਲਬਾਤ ਕਰਦਿਆਂ ਹੈਰਿਸ ਨੇ ਬਾਇਡਨ ਦੀ ਹਮਾਇਤ ਲਈ ਉਨ੍ਹਾਂ ਨੂੰ ਧੰਨਵਾਦ ਦਿੱਤਾ। ਉਂਜ ਤਿੰਨ ਭਾਰਤੀ ਸੰਸਦ ਮੈਂਬਰਾਂ ਰੋ ਖੰਨਾ, ਸ੍ਰੀ ਥਾਨੇਦਾਰ ਅਤੇ ਪ੍ਰਮਿਲਾ ਜਯਾਪਾਲ ਨੇ ਕਮਲਾ ਹੈਰਿਸ ਨੂੰ ਖੁੱਲ੍ਹ ਕੇ ਹਮਾਇਤ ਦੇ ਦਿੱਤੀ ਹੈ।

## ਬਾਇਡਨ ਦੀ ਕੀਤੀ ਤਾਰੀਫ਼



ਹੈਰਿਸ ਨੇ ਇਕ ਬਿਆਨ 'ਚ ਬਾਇਡਨ ਦੇ ਮੈਦਾਨ ਤੋਂ ਹਟਣ ਦੇ ਫੈਸਲੇ ਨੂੰ ਇਕ 'ਨਿਰਸਵਾਰਥ ਅਤੇ ਦੇਸ਼ਭਗਤੀ ਵਾਲਾ ਕੰਮ' ਦੱਸਿਆ ਅਤੇ ਕਿਹਾ ਕਿ ਉਹ ਜਿੱਤਣ ਅਤੇ ਆਪਣੀ (ਡੈਮੋਕਰੇਟਿਕ) ਪਾਰਟੀ ਦੀ ਅਧਿਕਾਰਤ ਉਮੀਦਵਾਰ ਬਣਨ ਦਾ ਇਰਾਦਾ ਰੱਖਦੀ ਹੈ। ਐਤਵਾਰ ਨੂੰ ਬਾਇਡਨ ਦੁਆਰਾ ਰਸਮੀ ਤੌਰ 'ਤੇ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਨਿਕਲਣ ਦਾ ਐਲਾਨ ਕਰਨ ਤੋਂ ਬਾਅਦ ਹੈਰਿਸ ਨੂੰ ਸੰਭਾਵੀ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਗਿਆ ਸੀ, ਜੋ ਇਹ ਦਰਸਾਉਂਦਾ ਹੈ ਕਿ ਉਸ ਨੂੰ 1,000 ਤੋਂ ਵੱਧ ਸਟਾਫ ਅਤੇ ਇਕ ਰਣਨੀਤਕ ਟੀਮ ਮਿਲ ਰਹੀ ਹੈ, ਜਿਸ ਨੇ ਜੂਨ ਦੇ ਅੰਤ ਵਿਚ ਲਗਭਗ 96 ਮਿਲੀਅਨ ਡਾਲਰ ਦਾ ਦਾਨ ਇਕੱਠਾ ਕੀਤਾ।

ਹੈਰਿਸ ਦੀ ਭਵਿੱਖੀ ਉਮੀਦਵਾਰੀ ਦੇ ਮੱਦੇਨਜ਼ਰ ਉਸ ਨੂੰ ਮਿਲ ਰਹੇ ਦਾਨ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਮੁਹਿੰਮ ਦੇ ਬੁਲਾਰੇ ਲੌਰੇਨ ਹਿੱਟ ਨੇ ਸੋਮਵਾਰ ਨੂੰ ਕਿਹਾ ਕਿ ਹੈਰਿਸ ਨੇ ਬਾਇਡਨ ਦੇ ਸਮਰਥਨ ਤੋਂ ਬਾਅਦ ਪਹਿਲੇ 15 ਘੰਟਿਆਂ ਵਿਚ 49.6 ਮਿਲੀਅਨ ਡਾਲਰ ਦਾ ਦਾਨ ਇਕੱਠਾ ਕੀਤਾ ਹੈ। ਬਾਇਡਨ ਦੇ ਦੌੜ ਤੋਂ ਹਟਣ ਤੋਂ ਬਾਅਦ ਹੈਰਿਸ ਨੇ ਸੋਮਵਾਰ ਸਵੇਰੇ ਵ੍ਹਾਈਟ ਹਾਊਸ ਵਿਚ ਆਪਣੀ ਪਹਿਲੀ ਜਨਤਕ ਹਾਜ਼ਰੀ ਦਰਜ ਕਰਵਾਈ। ਇਸ ਮੌਕੇ ਉਨ੍ਹਾਂ ਨੈਸ਼ਨਲ ਕਾਲਜੀਏਟ ਐਥਲੈਟਿਕ ਐਸੋਸੀਏਸ਼ਨ ਚੈਂਪੀਅਨਸ਼ਿਪ ਟੀਮ ਨੂੰ ਸੰਬੋਧਨ ਕਰਦਿਆਂ ਬਾਇਡਨ ਦੀ 'ਅਨੋਖੀ' ਵਿਰਾਸਤ ਦੀ ਸ਼ਲਾਘਾ ਕੀਤੀ। ਹੈਰਿਸ ਨੇ ਕਿਹਾ ਕਿ ਉਹ "ਸਾਡੇ ਰਾਸ਼ਟਰ ਪ੍ਰਤੀ ਉਨ੍ਹਾਂ ਦੀ ਸੇਵਾ ਲਈ ਬਹੁਤ ਧੰਨਵਾਦੀ ਹਨ।"

# 56 ਸਾਲਾਂ ਬਾਅਦ ਕੋਈ ਅਮਰੀਕੀ ਰਾਸ਼ਟਰਪਤੀ ਚੋਣ ਮੈਦਾਨ ਤੋਂ ਹੋਇਆ ਬਾਹਰ

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਜੋਅ ਬਾਈਡਨ ਦਾ ਰਾਸ਼ਟਰਪਤੀ ਚੋਣ ਤੋਂ ਹਟਣਾ 81 ਸਾਲ ਦੇ ਰਾਸ਼ਟਰਪਤੀ ਦੀ ਸਹਿਣਸ਼ਕਤੀ ਅਤੇ ਮਾਨਸਿਕ ਸਮਰਥਾਵਾਂ ਦੇ ਬਾਰੇ ਹਫ਼ਤਿਆਂ ਦੀਆਂ ਚਿੰਤਾਵਾਂ ਤੋਂ ਬਾਅਦ ਆਇਆ ਹੈ। ਇਹ ਦਹਾਕਿਆਂ ਵਿਚ ਪਹਿਲੀ ਵਾਰ ਹੈ, ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਦੁਬਾਰਾ ਚੋਣ ਦੀ ਦੌੜ ਤੋਂ ਹਟਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ 1968 'ਚ ਰਾਸ਼ਟਰਪਤੀ ਲਿੰਡਨ ਜਾਨਸਨ ਦੁਆਰਾ ਦੂਜੇ ਪੂਰੇ ਕਾਰਜਕਾਲ ਦੀ ਮੰਗ ਨਾ ਕਰਨ ਦੇ ਫ਼ੈਸਲੇ ਦੀ ਯਾਦ ਦਿਵਾਉਂਦਾ ਹੈ। ਇਸ ਫ਼ੈਸਲੇ ਦੇ 56 ਸਾਲਾਂ ਬਾਅਦ ਕੋਈ ਅਮਰੀਕੀ ਰਾਸ਼ਟਰਪਤੀ ਚੋਣ ਮੈਦਾਨ ਤੋਂ ਬਾਹਰ ਹੋਇਆ ਹੈ।

ਅਸਲ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕਰਨ ਅਤੇ ਅਗਲੇ ਚਾਰ ਸਾਲਾਂ ਤੱਕ ਦੇਸ਼ ਨੂੰ ਸ਼ਾਸਨ ਕਰਨ ਦੀ ਉਨ੍ਹਾਂ ਦੀ ਸਮਰੱਥਾ ਦੇ ਬਾਰੇ ਵੀ ਬਹੁਤ ਸੰਦੇਹ ਸੀ। ਬਾਇਡਨ ਦੇ ਇਸ ਫ਼ੈਸਲੇ ਤੋਂ ਉਨ੍ਹਾਂ ਦੇ ਬਾਕੀ ਕਾਰਜਕਾਲ ਦੌਰਾਨ ਰਾਸ਼ਟਰਪਤੀ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਸਮਰੱਥਾ 'ਤੇ ਵੀ ਸਵਾਲ ਉੱਠ ਸਕਦੇ ਹਨ। ਇਹ ਇਕ ਬਹੁਤ ਹੀ ਤਣਾਅਪੂਰਨ ਰਾਜਨੀਤਿਕ ਪ੍ਰਚਾਰ ਵਿਚ ਸਭ ਤੋਂ ਨਵਾਂ ਹੈਰਾਨ ਕਰਨ ਵਾਲਾ ਸਿਆਸੀ ਵਿਕਾਸ ਵੀ ਹੈ, ਜਿਸ ਵਿਚ ਟਰੰਪ ਦੀ ਹੱਤਿਆ ਦਾ ਯਤਨ ਵੀ ਸ਼ਾਮਲ ਸੀ। ਪਰ ਟਰੰਪ ਦੀ ਹੱਤਿਆ ਦੇ ਯਤਨ ਅਤੇ ਉਸ ਦੇ ਚੋਣ 'ਤੇ ਪ੍ਰਭਾਵ ਦੇ ਬਾਵਜੂਦ ਬਾਇਡਨ ਨੂੰ ਕਾਂਗਰਸ ਦੇ ਡੈਮੋਕ੍ਰੈਟਸ ਦੇ ਵਿਚਕਾਰ ਸਮਰਥਨ ਦੀ ਹਾਨੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਇਹ ਵਿਸ਼ਵਾਸ ਹੁੰਦਾ ਜਾ ਰਿਹਾ ਸੀ ਕਿ ਨਵੰਬਰ ਵਿਚ ਇਕ ਭਾਰੀ ਹਾਰ ਉਨ੍ਹਾਂ ਦੀਆਂ ਹੋਰ ਚੋਣਾਂ ਨੂੰ ਵੀ ਪ੍ਰਭਾਵਿਤ ਕਰੇਗੀ।

# ਨੈਨਸੀ ਪੇਲੋਸੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਕਮਲਾ ਹੈਰਿਸ ਦਾ ਕੀਤਾ ਸਮਰਥਨ

ਵਾਸ਼ਿੰਗਟਨ, (ਪੰਜਾਬ ਮੇਲ)- ਬਾਇਡਨ ਦੇ ਰਾਸ਼ਟਰਪਤੀ ਚੋਣਾਂ 'ਚੋਂ ਕਦਮ ਪਿੱਛੇ ਹਟਾਉਣ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਵਿਚ ਕਮਲਾ ਹੈਰਿਸ ਨੂੰ ਲੈ ਕੇ ਲਾਮਬੰਦੀ ਤੇਜ਼ ਹੋ ਰਹੀ ਹੈ। ਪ੍ਰਤੀਨਿਧੀ ਸਭਾ ਦੀ ਸਪੀਕਰ ਨੈਨਸੀ ਪੇਲੋਸੀ ਨੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਕਮਲਾ ਹੈਰਿਸ ਦੇ ਨਾਂ ਦਾ ਸਮਰਥਨ ਕੀਤਾ ਹੈ। ਇਸ ਤੋਂ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਦੇ ਕਈ ਨੇਤਾ ਕਮਲਾ ਹੈਰਿਸ ਨੂੰ ਸਮਰਥਨ ਜ਼ਾਹਰ ਕਰ ਚੁੱਕੇ ਹਨ।

ਉਨ੍ਹਾਂ ਇਕ ਬਿਆਨ ਵਿਚ ਕਿਹਾ, "ਅੱਜ ਮੈਂ ਆਪਣੇ ਦੇਸ਼ ਦੇ ਭਵਿੱਖ ਲਈ ਬਹੁਤ ਮਾਣ ਨਾਲ ਉਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਲਈ ਸਮਰਥਨ ਕਰਦੀ ਹਾਂ। ਰਾਸ਼ਟਰਪਤੀ ਲਈ ਕਮਲਾ ਹੈਰਿਸ ਲਈ ਮੇਰਾ ਉਤਸ਼ਾਹੀ ਸਮਰਥਨ ਅਧਿਕਾਰਤ, ਨਿੱਜੀ ਅਤੇ ਸਿਆਸੀ ਹੈ।"



"ਅਧਿਕਾਰਤ ਤੌਰ 'ਤੇ, ਮੈਂ ਕੰਮਕਾਜੀ ਪਰਿਵਾਰਾਂ ਲਈ ਇਕ ਚੈਂਪੀਅਨ ਵਜੋਂ ਕਮਲਾ ਹੈਰਿਸ ਦੀ ਤਾਕਤ ਅਤੇ ਸਾਹਸ ਨੂੰ ਦੇਖਿਆ ਹੈ। ਨਿੱਜੀ ਤੌਰ 'ਤੇ ਮੈਂ ਕਮਲਾ ਹੈਰਿਸ ਨੂੰ ਦਹਾਕਿਆਂ ਤੋਂ ਮਜ਼ਬੂਤ ਕਦਰਾਂ-ਕੀਮਤਾਂ, ਵਿਸ਼ਵਾਸ ਅਤੇ ਜਨਤਕ ਸੇਵਾ ਪ੍ਰਤੀ ਪ੍ਰਤੀਬੱਧਤਾ ਦੇ ਰੂਪ ਵਿਚ ਜਾਣਦੀ ਹਾਂ। ਰਾਜਨੀਤਕ ਰੂਪ ਨਾਲ, ਕੋਈ ਗਲਤੀ ਨਾ ਕਰੋ, ਰਾਜਨੀਤੀ ਵਿਚ ਇਕ ਮਹਿਲਾ ਦੇ ਰੂਪ ਵਿਚ ਕਮਲਾ ਹੈਰਿਸ ਸ਼ਾਨਦਾਰ ਰੂਪ ਨਾਲ ਹੁਸ਼ਿਆਰ ਹਨ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਨਵੰਬਰ ਵਿਚ ਸਾਨੂੰ ਜਿੱਤ ਵੱਲ ਲੈ ਜਾਵੇਗੀ।"

# ਮੈਕਸਿਕੋ ਤੋਂ ਹਜ਼ਾਰਾਂ ਪ੍ਰਵਾਸੀਆਂ ਦਾ ਕਾਫ਼ਲਾ ਪੈਦਲ ਹੀ ਅਮਰੀਕੀ ਸਰਹੱਦ ਵੱਲ ਹੋਇਆ ਰਵਾਨਾ

ਮੈਕਸਿਕੋ ਸਿਟੀ, (ਪੰਜਾਬ ਮੇਲ)- ਮੈਕਸਿਕੋ ਦੀ ਦੱਖਣੀ ਸਰਹੱਦ ਤੋਂ ਐਤਵਾਰ ਨੂੰ ਕਰੀਬ ਇਕ ਦਰਜਨ ਦੇਸ਼ਾਂ ਦੇ ਹਜ਼ਾਰਾਂ ਪ੍ਰਵਾਸੀਆਂ ਦਾ ਕਾਫ਼ਲਾ ਪੈਦਲ ਹੀ ਅਮਰੀਕੀ ਸਰਹੱਦ ਵੱਲ ਤੁਰ ਪਿਆ। ਉਨ੍ਹਾਂ ਅਮਰੀਕੀ ਸਰਹੱਦ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਸਮੂਹ ਦੇ ਕੁਝ ਮੈਂਬਰਾਂ ਦਾ ਕਹਿਣਾ ਸੀ ਕਿ ਉਹ ਅਮਰੀਕੀ ਸਰਹੱਦ ਤੱਕ ਪਹੁੰਚਣ ਦੀ ਆਸ ਨਾਲ ਚੱਲੇ ਹਨ। ਉਹ ਨਵੰਬਰ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਅਮਰੀਕਾ ਦੀ ਸਰਹੱਦ ਪਾਰ ਕਰਨਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਜੇ ਡੋਨਾਲਡ ਟਰੰਪ ਰਾਸ਼ਟਰਪਤੀ ਚੋਣਾਂ ਜਿੱਤ ਜਾਂਦਾ ਹੈ, ਤਾਂ ਉਹ ਸ਼ਰਨਾਰਥੀਆਂ ਲਈ ਸਰਹੱਦ ਬੰਦ ਕਰਨ ਦਾ ਆਪਣਾ ਵਾਅਦਾ ਪੂਰਾ ਕਰੇਗਾ।







# ਜੈਕਸਨਵਿਲੇ ਜੈਗੁਆਰਸ ਵੱਲੋਂ ਭਾਰਤੀ-ਅਮਰੀਕੀ 'ਤੇ 22 ਮਿਲੀਅਨ ਡਾਲਰ ਤੋਂ ਵੱਧ ਦੀ ਚੋਰੀ ਦਾ ਕੇਸ ਦਾਇਰ



ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ 'ਚ ਜੈਕਸਨਵਿਲੇ ਜੈਗੁਆਰਜ਼ ਨੇ ਆਪਣੇ ਭਾਰਤੀ ਮੂਲ ਦੇ ਸਾਬਕਾ ਕਰਮਚਾਰੀ ਅਮਿਤ ਪਟੇਲ 'ਤੇ 66 ਮਿਲੀਅਨ ਡਾਲਰ ਦਾ ਮੁਕੱਦਮਾ ਕੀਤਾ ਹੈ। ਅਮਿਤ ਪਟੇਲ ਨੇ ਇਸ ਟੀਮ ਲਈ ਕੰਮ ਕੀਤਾ ਸੀ ਅਤੇ ਆਪਣੀ ਸ਼ਾਨਦਾਰ ਜੀਵਨ ਸ਼ੈਲੀ ਨੂੰ ਜਿਊਣ ਲਈ ਟੀਮ ਦੇ ਖਾਤੇ ਵਿਚੋਂ 22 ਮਿਲੀਅਨ ਡਾਲਰ ਕੱਢ ਲਏ। ਹੁਣ ਉਸ ਨੇ ਕ੍ਰੈਡਿਟ ਕਾਰਡ ਨਾਲ ਇੰਨੇ ਡਾਲਰ ਲਾਪ੍ਰਵਾਹੀ ਨਾਲ ਖਰਚ ਕਰਨ ਦੀ ਗੱਲ ਮੰਨ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਇਹ ਵੀ ਇਲਜ਼ਾਮ ਲੱਗੇ ਹਨ ਕਿ ਅਮਿਤ ਪਟੇਲ ਨੇ ਜੂਏ ਅਤੇ ਦਿਖਾਵੇ ਦੀ ਜੀਵਨ ਸ਼ੈਲੀ ਨੂੰ ਜੀਣ ਲਈ ਇੰਨਾ ਵੱਡਾ ਘਪਲਾ ਕੀਤਾ ਸੀ ਅਤੇ ਇਸ ਦੌਰਾਨ ਟੀਮ ਨੇ ਮਿਲੀਅਨ ਡਾਲਰਾਂ ਦਾ ਘਪਲਾ ਫੜਦਿਆਂ ਇੰਨੀ ਵੱਡੀ ਕਾਰਵਾਈ ਕੀਤੀ ਹੈ। ਡੁਵਲ ਕਾਊਂਟੀ ਸੀਕਰੇਟ ਕੋਰਟ ਵਿਚ ਬੀਤੇਂ ਦਿਨੀਂ ਵੀਰਵਾਰ ਨੂੰ ਦਾਇਰ ਮੁਕੱਦਮੇ ਵਿਚ ਅਮਿਤ ਪਟੇਲ ਦੇ 22 ਮਿਲੀਅਨ ਡਾਲਰ ਦੀ ਚੋਰੀ ਦੇ ਕਬੂਲਨਾਮੇ ਦਾ ਵੀ ਜ਼ਿਕਰ ਕੀਤਾ ਗਿਆ ਸੀ। ਅਮਿਤ ਪਟੇਲ ਨੇ ਕੋਰਟ 'ਚ ਮੰਨਿਆ ਕਿ ਉਸ ਨੇ ਆਪਣੀ ਜੂਏ ਦੀ ਲੱਤ ਅਤੇ ਜੀਵਨ ਸ਼ੈਲੀ ਨੂੰ ਬਣਾਈ ਰੱਖਣ ਲਈ ਇਸ ਤਰ੍ਹਾਂ ਡਾਲਰ ਖਰਚ ਕੀਤੇ। ਇਸ ਲਈ ਜੈਕਸਨਵਿਲੇ ਜੈਗੁਆਰਜ਼ ਨੇ ਚੋਰੀ ਕੀਤੀ ਰਕਮ ਤੋਂ ਤਿੰਨ ਗੁਣਾ, ਲਗਭਗ 66 ਮਿਲੀਅਨ ਡਾਲਰ ਦਾ ਮੁਕੱਦਮਾ ਕੀਤਾ ਹੈ। ਦੱਸਣਯੋਗ ਹੈ ਕਿ 31 ਸਾਲਾ ਗੁਜਰਾਤੀ ਭਾਰਤੀ ਅਮਿਤ ਪਟੇਲ ਨੂੰ ਅਦਾਲਤ ਨੇ ਦੋਸ਼ੀ ਠਹਿਰਾਇਆ ਸੀ ਅਤੇ ਉਸ ਨੂੰ 6 ਸਾਲ ਤੋਂ ਵੱਧ ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਸ ਨੂੰ ਇਹ ਸਜ਼ਾ ਮਾਰਚ ਮਹੀਨੇ 'ਚ ਮਿਲੀ ਹੈ। ਅਮਿਤ ਪਟੇਲ 'ਤੇ ਵਾਇਰ ਫਰਾਡ ਅਤੇ ਗੈਰ-ਕਾਨੂੰਨੀ ਪੈਸੇ ਦੇ ਲੈਣ-ਦੇਣ ਦੇ ਦੋਸ਼ ਵੀ ਲਗਾਏ ਗਏ ਹਨ। ਇੰਨਾ ਹੀ ਨਹੀਂ, ਉਸ ਨੇ ਜੋ ਵੀ ਰਕਮ ਚੋਰੀ ਕੀਤੀ ਹੈ, ਉਸ ਲਈ ਉਸ ਨੂੰ ਅਦਾਲਤ ਨੇ ਜੈਗੁਆਰ ਨੂੰ ਮੁਆਵਜ਼ਾ ਦੇਣ ਦਾ ਹੁਕਮ ਵੀ ਦਿੱਤਾ ਗਿਆ ਹੈ।

## ਕੈਨੇਡਾ 'ਚ ਭਾਰਤੀ ਵਿਦਿਆਰਥੀ ਦੀ ਝੀਲ 'ਚ ਡੁੱਬਣ ਕਾਰਨ ਮੌਤ

ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)- ਕੈਨੇਡਾ 'ਚ ਇਕ ਗੁਜਰਾਤੀ ਨੌਜਵਾਨ ਦੀ ਡੁੱਬਣ ਕਾਰਨ ਮੌਤ ਹੋ ਗਈ, ਜਿਸ ਦੀ ਪਹਿਚਾਣ ਉਰੇਨ ਪਟੇਲ ਦੇ ਵਜੋਂ ਹੋਈ ਹੈ। ਗੁਜਰਾਤੀ ਲੜਕਾ ਉਰੇਨ ਪਟੇਲ ਤੈਰਾਕੀ ਕਰਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਉਸ ਦੀ ਮੌਤ ਹੋ ਗਈ ਹੈ।

ਦੱਸਿਆ ਜਾਂਦਾ ਹੈ ਕਿ ਉਹ ਆਪਣੇ ਦੋਸਤਾਂ ਦੇ ਨਾਲ ਘੁੰਮਣ ਲਈ ਪ੍ਰਿੰਸ ਐਲਬਰਟ ਵਿਚ ਵੇਸਕਾਸਿਓ ਨਾਂ ਦੀ ਝੀਲ 'ਤੇ ਗਿਆ ਸੀ। ਉਹ ਤੈਰਨ ਲਈ ਬਹੁਤ ਡੂੰਘੇ ਪਾਣੀ ਵਿਚ ਚਲਾ ਗਿਆ ਅਤੇ ਪਾਣੀ ਦੇ ਤੇਜ਼ ਵਹਾਅ ਕਾਰਨ ਉਹ ਆਪਣਾ ਸੰਤੁਲਨ ਨਾ ਬਣਾ ਸਕਿਆ ਅਤੇ ਡੁੱਬਣ ਲੱਗਾ। ਉਹ ਮਦਦ ਲਈ ਆਪਣੇ ਦੋਸਤਾਂ ਨੂੰ ਬੁਲਾਂਦਾ ਰਿਹਾ ਕਿ ਪਾਣੀ ਮੈਨੂੰ ਅੰਦਰ ਨੂੰ ਖਿੱਚ ਰਿਹਾ ਹੈ, ਮੈਨੂੰ ਬਚਾਓ, ਪਰ ਉਰੇਨ ਪਟੇਲ ਦੋਸਤਾਂ ਵੱਲੋਂ ਮਦਦ ਮਿਲਣ ਤੋਂ ਪਹਿਲਾਂ ਹੀ ਡੁੱਬ ਗਿਆ। ਬਾਅਦ ਵਿਚ ਉਸ ਦੀ ਲਾਸ਼ ਨੂੰ ਬਾਹਰ ਕੱਢਿਆ ਗਿਆ ਅਤੇ ਪੈਰਾਮੈਡਿਕਸ ਨੇ ਵੀ ਜਾਂਚ ਕੀਤੀ ਪਰ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਟੈਕਸਾਸ ਦੀ ਕਾਂਗਰਸਵੂਮੈਨ ਸ਼ੀਲਾ ਜੈਕਸਨ ਲੀ ਦੀ ਕੈਂਸਰ ਨਾਲ ਮੌਤ



ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਟੈਕਸਾਸ ਦੀ ਕਾਂਗਰਸਵੂਮੈਨ ਸ਼ੀਲਾ ਜੈਕਸਨ ਲੀ ਦੀ ਬੀਤੇ ਦਿਨੀਂ ਮੌਤ ਹੋ ਗਈ। 74 ਸਾਲਾ ਕਾਂਗਰਸਵੂਮੈਨ ਸ਼ੀਲਾ ਜੈਕਸਨ ਲੀ ਪੈਨਕ੍ਰੀਆਟਿਕ ਕੈਂਸਰ ਤੋਂ ਪੀੜਤ ਸੀ। ਉਸ ਨੇ 30 ਸਾਲਾਂ ਤੋਂ ਵੱਧ ਸਮੇਂ ਤੱਕ ਜਨਤਾ ਦੀ ਸੇਵਾ ਕੀਤੀ। ਪਰਿਵਾਰ ਨੇ ਸ਼ੁੱਕਰਵਾਰ ਰਾਤ ਨੂੰ ਉਸ ਦੀ ਮੌਤ ਦਾ ਐਲਾਨ ਕੀਤਾ। ਉਸ ਦੇ ਪਰਿਵਾਰ ਨੇ ਇੱਕ ਬਿਆਨ ਵਿਚ ਕਿਹਾ, 'ਬੜੇ ਦੁੱਖ ਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਟੈਕਸਾਸ ਦੇ 18ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਦੀ ਸੰਯੁਕਤ ਰਾਜ ਦੀ ਪ੍ਰਤੀਨਿਧੀ ਸ਼ੀਲਾ ਜੈਕਸਨ ਲੀ ਦੇ ਦੇਹਾਂਤ ਦੀ ਅਸੀਂ ਘੋਸ਼ਣਾ ਕਰਦੇ ਹਾਂ। ਉਹ ਕੈਂਸਰ ਤੋਂ ਪੀੜਤ ਸੀ। ਪਰਿਵਾਰ ਨੇ ਇੱਕ ਬਿਆਨ 'ਚ ਕਿਹਾ ਕਿ "ਉਸ ਨੇ ਨਸਲੀ ਨਿਆਂ, ਅਪਰਾਧਿਕ ਨਿਆਂ ਅਤੇ ਮਨੁੱਖੀ ਅਧਿਕਾਰਾਂ ਲਈ, ਔਰਤਾਂ ਅਤੇ ਬੱਚਿਆਂ 'ਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ ਦਲੇਰਾਨਾ ਲੜਾਈਆਂ ਲੜੀਆਂ, ਇਸ ਲਈ ਦੁਨੀਆਂ ਭਰ ਵਿਚ ਉਸ ਨੂੰ ਮਾਨਤਾ ਦਿੱਤੀ ਗਈ ਸੀ"। ਪਰਿਵਾਰ ਨੇ ਕਿਹਾ, "ਪਿਛਲੇ ਮਹੀਨੇ, ਜੈਕਸਨ ਲੀ ਨੇ ਘੋਸ਼ਣਾ ਕੀਤੀ ਸੀ ਕਿ ਉਹ ਪੈਨਕ੍ਰੀਆਟਿਕ ਕੈਂਸਰ ਦੀ ਨਾਮੁਰਾਦ ਬਿਮਾਰੀ ਦੇ ਨਾਲ ਲੜ ਰਹੀ ਹੈ। ਆਪਣੀ ਇਸ ਘੋਸ਼ਣਾ ਸਮੇਂ ਜੈਕਸਨ ਲੀ ਨੇ ਕਿਹਾ ਕਿ ਉਹ ਬਿਮਾਰੀ ਨਾਲ ਲੜਨ ਲਈ ਇਲਾਜ ਵੀ ਕਰਵਾ ਰਹੀ ਹੈ, ਜੋ ਹਰ ਸਾਲ ਹਜ਼ਾਰਾਂ ਅਮਰੀਕੀਆਂ ਨੂੰ ਪ੍ਰਭਾਵਤ ਕਰਦੀ ਹੈ। ਮੈਂ ਰੱਬ ਦੇ ਵਿਸ਼ਵਾਸ ਵਿਚ ਖੜ੍ਹੀ ਹਾਂ ਕਿ ਰੱਬ ਮੈਨੂੰ ਠੀਕ ਕਰੇਗਾ'? ਯੂ.ਐੱਸ. ਰਿਪ. ਸ਼ੀਲਾ ਜੈਕਸਨ ਲੀ ਨੇ ਪੈਨਕ੍ਰੀਆਟਿਕ ਕੈਂਸਰ ਦੀ ਬਿਮਾਰੀ ਦੇ ਬਾਰੇ ਪਹਿਲੇ ਘੋਸ਼ਣਾ ਕੀਤੀ ਸੀ। ਜੈਕਸਨ ਲੀ ਦੇ ਪਰਿਵਾਰ ਨੇ ਕਿਹਾ, "ਉਸ ਨੂੰ ਬਹੁਤ ਯਾਦ ਕੀਤਾ ਜਾਵੇਗਾ, ਪਰ ਉਸਦੀ ਵਿਰਾਸਤ ਆਜ਼ਾਦੀ, ਨਿਆਂ ਅਤੇ ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੇ ਸਾਰਿਆਂ ਨੂੰ ਪ੍ਰੇਰਿਤ ਕਰਦੀ ਰਹੇਗੀ। ਪ੍ਰਮਾਤਮਾ ਕਾਂਗਰਸਵੂਮੈਨ ਦਾ ਭਲਾ ਕਰੇ ਅਤੇ ਪਰਮੇਸ਼ਰ ਸੰਯੁਕਤ ਰਾਜ ਅਮਰੀਕਾ ਦਾ ਭਲਾ ਕਰੇ।" ਜੈਕਸਨ ਲੀ ਦਾ ਦਹਾਕਿਆਂ ਦੌਰਾਨ ਕਈ ਵਿਧਾਨਕ ਜਿੱਤਾਂ ਵਿਚ ਹੱਥ ਸੀ, ਜਿਸ ਵਿਚ ਜੂਨਟੀਨਥ ਫੈਡਰਲ ਹੋਲੀਡੇ ਦੀ ਸਥਾਪਨਾ ਅਤੇ ਔਰਤਾਂ ਵਿਰੁੱਧ ਹਿੰਸਾ ਐਕਟ ਨੂੰ ਮੁੜ ਅਧਿਕਾਰਤ ਕਰਨਾ ਸ਼ਾਮਲ ਹੈ।

# ਭਾਰਤੀ ਵਿਦਿਆਰਥਣ ਦੀ ਮੌਤ 'ਤੇ ਹੱਸਣ ਵਾਲਾ ਪੁਲਿਸ ਅਧਿਕਾਰੀ ਬਰਖ਼ਾਸਤ



ਫਾਈਲ ਫੋਟੋ ਜ੍ਹਾਨਵੀ ਕੰਡੁਲਾ।

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ 'ਚ ਭਾਰਤੀ ਵਿਦਿਆਰਥਣ ਦੀ ਮੌਤ ਤੋਂ ਬਾਅਦ ਅਸੰਵੇਦਨਸ਼ੀਲ ਟਿੱਪਣੀ ਕਰਨ ਅਤੇ ਹੱਸਣ ਵਾਲੇ ਪੁਲਿਸ ਅਧਿਕਾਰੀ ਨੂੰ ਬਰਖ਼ਾਸਤ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਭਾਰਤੀ ਵਿਦਿਆਰਥਣ ਜ੍ਹਾਨਵੀ ਕੰਡੁਲਾ (23) ਨੂੰ ਸੜਕ ਪਾਰ ਕਰਨ ਮੌਕੇ ਪੁਲਿਸ ਦੀ ਕਾਰ ਨੇ ਟੱਕਰ ਮਾਰ ਦਿੱਤੀ ਸੀ। ਉਸ ਦਾ ਕਾਰ ਚਾਲਕ ਕੇਵਿਨ ਡੇਵ ਨਾਂ ਦਾ ਪੁਲਿਸ ਅਧਿਕਾਰੀ ਕਿਸੇ ਕੇਸ ਦੀ ਜਾਂਚ ਲਈ ਤੇਜ਼ੀ ਨਾਲ ਜਾ ਰਿਹਾ ਸੀ। ਟੱਕਰ ਤੋਂ ਬਾਅਦ ਜ੍ਹਾਨਵੀ 100 ਫੁੱਟ ਦੂਰ ਜਾ ਡਿੱਗੀ ਸੀ।

ਸਿਆਟਲ ਪੁਲਿਸ ਵਿਭਾਗ ਵੱਲੋਂ ਕੀਤੀ ਜਾਂਚ ਵਿਚ ਪਾਇਆ ਗਿਆ ਕਿ ਟੱਕਰ ਮਾਰਨ ਤੋਂ ਬਾਅਦ ਪੁਲਿਸ ਅਧਿਕਾਰੀ ਨੇ ਅਸੰਵੇਦਨਸ਼ੀਲ ਟਿੱਪਣੀਆਂ ਕੀਤੀਆਂ ਅਤੇ ਚਾਰ ਸਕਿੰਟ ਤੱਕ ਹੱਸਿਆ। ਉਨ੍ਹਾਂ ਕਿਹਾ ਕਿ ਅਧਿਕਾਰੀ ਦੇ ਇਸ ਰਵੱਈਏ ਨੇ ਪੂਰੇ ਪੁਲਿਸ ਵਿਭਾਗ ਅਤੇ ਪੇਸ਼ੇ ਨੂੰ ਸ਼ਰਮਸਾਰ ਕੀਤਾ ਹੈ। ਰਾਹ ਨੇ ਕਿਹਾ ਇਸ ਅਧਿਕਾਰੀ ਨੂੰ ਪੁਲਿਸ ਬਲ ਵਿਚ ਬਣੇ ਰਹਿਣ ਨਾ ਵਿਭਾਗ ਲਈ ਅਪਮਾਨਜਨਕ ਹੋਵੇਗਾ, ਇਸ ਲਈ ਉਸਨੂੰ ਬਰਖ਼ਾਸਤ ਕੀਤਾ ਜਾਂਦਾ ਹੈ।




# ਹਮਲੇ ਤੋਂ ਬਾਅਦ ਟਰੰਪ ਵੱਲੋਂ ਮਿਸ਼ੀਗਨ 'ਚ ਪਹਿਲੀ ਜਨਤਕ ਰੈਲੀ

■ ਕਿਹਾ: ਅਮਰੀਕਾ ਕਮਜ਼ੋਰ ਹੋਇਆ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ




ਸਾਬਕਾ ਰਾਸ਼ਟਰਪਤੀ ਟਰੰਪ ਮਿਸ਼ੀਗਨ 'ਚ ਰੈਲੀ ਨੂੰ ਸੰਬੋਧਨ ਕਰਦੇ ਹੋਏ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਇਕ ਹਫਤਾ ਪਹਿਲਾਂ ਪੈਨਸਿਲਵਾਨੀਆ ਵਿਚ ਜਾਨ ਲੈਣ ਦੀ ਹੋਈ ਅਸਫਲ ਕੋਸ਼ਿਸ਼ ਉਪਰੰਤ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ੍ਰੈਂਡ ਰੈਪਿਡਸ ਵਿਚ ਵੈਨ ਅਨਡੇਲ ਅਰੇਨਾ ਵਿਖੇ ਕੀਤੀ ਪਹਿਲੀ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਮਰੀਕਾ ਕਮਜ਼ੋਰ ਹੋ ਰਿਹਾ ਹੈ, ਅਸੀਂ ਇਸ ਨੂੰ ਹੋਰ ਡਿੱਗਣ ਨਹੀਂ ਦੇ ਸਕਦੇ ਤੇ ਅਸੀਂ ਲੋਕਾਂ ਨਾਲ ਧੋਖਾ ਹੁੰਦਾ ਨਹੀਂ ਵੇਖ ਸਕਦੇ। ਟਰੰਪ ਨੇ ਆਪਣੇ ਜੋਸ਼ੀਲੇ ਸਮਰਥਕਾਂ ਨੂੰ ਕਿਹਾ ਕਿ ਰਿਪਬਲੀਕਨ ਇਸ ਸਾਲ ਮਿਸ਼ੀਗਨ ਜਿੱਤਣਗੇ ਕਿਉਂਕਿ ਅਸੀਂ ਆਪਣੇ ਆਪ ਨੂੰ ਲੋਕਾਂ ਦੀ ਪਾਰਟੀ ਬਣਾਇਆ ਹੈ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਗਵਰਨਰ ਗਰੇਚਨ ਵਿਟਮਰ ਉਪਰ ਸ਼ਬਦੀ ਹਮਲਾ ਕਰਦਿਆਂ ਉਸ ਨੂੰ "ਬੇਕਾਰ" ਕਰਾਰ ਦਿੱਤਾ ਤੇ ਕਿਹਾ ਕਿ ਉਹ ਅਸਲ ਵਿਚ ਉਸ ਵਿਰੁੱਧ ਚੋਣ ਲੜਨਾ ਚਾਹੁੰਣਗੇ ਕਿਉਂਕਿ ਰਾਸ਼ਟਰਪਤੀ ਜੋਅ ਬਾਇਡਨ ਦੀ ਆਪਣੀ ਪਾਰਟੀ ਉਨ੍ਹਾਂ 'ਤੇ ਚੋਣ ਮੈਦਾਨ ਵਿਚੋਂ ਹਟਣ ਲਈ ਦਬਾਅ ਪਾ ਰਹੀ ਹੈ ਤੇ ਵਿਟਮਰ ਨੂੰ ਕੁਝ ਲੋਕਾਂ ਵੱਲੋਂ ਉਨ੍ਹਾਂ ਦੀ ਜਗ੍ਹਾ 'ਤੇ ਉਮੀਦਵਾਰ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ। ਟਰੰਪ ਨੇ ਡੈਮੋਕਰੈਟਾਂ ਦਾ ਇਹ ਪ੍ਰਚਾਰ ਰੱਦ ਕਰ ਦਿੱਤਾ ਕਿ ਉਹ ਲੋਕਤੰਤਰ ਲਈ ਖਤਰਾ ਹਨ। ਟਰੰਪ ਜਿਸ ਨੇ ਪਿਛਲੇ ਹਫਤੇ ਗੋਲੀ ਕਾਰਨ ਜ਼ਖਮੀ ਹੋਏ ਆਪਣੇ ਸੱਜੇ ਕੰਨ ਉਪਰ ਚਮੜੀ ਦੇ ਰੰਗ ਦੀ ਬੈਂਡੇਜ ਬੰਨੀ ਹੋਈ ਸੀ, ਨੇ ਕਿਹਾ ਕਿ ਪਿਛਲੇ ਹਫਤੇ ਮੈਨੂੰ ਲੋਕਤੰਤਰ ਕਾਰਨ ਗੋਲੀ ਖਾਣੀ ਪਈ ਹੈ। ਉਨ੍ਹਾਂ ਸਵਾਲ ਕੀਤਾ ਕਿ ਮੈ ਲੋਕਤੰਤਰ ਖਿਲਾਫ ਕੀ ਕੀਤਾ ਹੈ? ਸਖਤ ਸੁਰੱਖਿਆ ਪ੍ਰਬੰਧਾਂ ਤਹਿਤ ਹੋਈ ਰੈਲੀ ਵਿਚ ਟਰੰਪ ਨੇ ਕਿਹਾ ਕਿ ਜਦੋਂ ਉਹ ਰਾਸ਼ਟਰਪਤੀ ਸਨ, ਤਾਂ ਉਨ੍ਹਾਂ ਨੇ ਮਿਸ਼ੀਗਨ ਵਿਚ ਆਟੋ ਖੇਤਰ ਵਿਚ ਨੌਕਰੀਆਂ ਪੈਦਾ ਕੀਤੀਆਂ ਸਨ ਤੇ ਉਨ੍ਹਾਂ ਨੂੰ ਬਹੁਤ ਸਾਲ ਪਹਿਲਾਂ ਮਿਸ਼ੀਗਨ ਵਿਚ "ਮੈਨ ਆਫ ਦੀ ਯੀਅਰ" ਪੁਰਸਕਾਰ ਦਿੱਤਾ ਗਿਆ ਸੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਮੀਗ੍ਰੇਸ਼ਨ ਨੀਤੀਆਂ ਕਾਰਨ ਅਮਰੀਕਾ ਵਿਚ ਅਪਰਾਧ ਵਧਿਆ ਹੈ। ਮੈ ਸੱਤਾ 'ਤੇ ਆਇਆ, ਤਾਂ ਇਸ ਖੇਤਰ ਵਿਚ ਸੁਧਾਰ ਕੀਤੇ ਜਾਣਗੇ।

# ਆਲਮੀ ਆਗੂਆਂ ਨੇ ਅਮਰੀਕੀ ਰਾਸ਼ਟਰਪਤੀ ਬਾਇਡਨ ਦੀ ਕੀਤੀ ਪ੍ਰਸ਼ੰਸਾ




ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਆਪਣੇ ਮੁਲਕ ਨਾਲ ਪਿਆਰ ਕਰਨ ਵਾਲਾ ਮਹਾਨ ਵਿਅਕਤੀ ਦੱਸਦਿਆਂ ਆਲਮੀ ਆਗੂਆਂ ਨੇ ਮੁਸ਼ਕਲ ਦੌਰ 'ਚ ਚੁੱਕੇ ਗਏ ਅਹਿਮ ਕਦਮਾਂ ਅਤੇ ਅਗਵਾਈ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ 'ਐਕਸ' 'ਤੇ ਕਿਹਾ ਕਿ ਉਹ ਰਾਸ਼ਟਰਪਤੀ ਬਾਇਡਨ ਦੇ ਫ਼ੈਸਲੇ ਦਾ ਸਨਮਾਨ ਕਰਦੇ ਹਨ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਕਾਰਜਕਾਲ 'ਚ ਰਲ ਕੇ ਕੰਮ ਕਰਨਾ ਚਾਹੁਣਗੇ। ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਇਕ ਪੋਸਟ 'ਚ ਕਿਹਾ ਕਿ ਬਾਇਡਨ ਨਾਲ ਕੰਮ ਕਰਦੇ ਸਮੇਂ ਉਨ੍ਹਾਂ ਦੇ ਅਮਰੀਕਾ ਪ੍ਰਤੀ ਪਿਆਰ ਅਤੇ ਸੇਵਾ ਪ੍ਰਤੀ ਸਮਰਪਣ ਦੇਖਿਆ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਬਾਇਡਨ ਦੀ ਅਗਵਾਈ ਅਤੇ ਸੇਵਾਵਾਂ ਲਈ ਉਨ੍ਹਾਂ ਦਾ ਸ਼ੁਕਰੀਆ ਕੀਤਾ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਾਇਡਨ ਦੀ ਇਕ ਤਸਵੀਰ ਸਾਂਝੀ ਕਰਦਿਆਂ ਪੋਸਟ 'ਚ ਕਿਹਾ ਕਿ ਉਹ ਜੋ ਕੁਝ ਵੀ ਕਰਦੇ ਹਨ, ਉਸ 'ਚ ਆਪਣੇ ਮੁਲਕ ਪ੍ਰਤੀ ਉਨ੍ਹਾਂ ਦਾ ਪਿਆਰ ਹੁੰਦਾ ਹੈ। ਜਪਾਨ ਦੇ ਪ੍ਰਧਾਨ ਮੰਤਰੀ ਫੁਮੀਓ ਕਿਸ਼ਿਦਾ ਨੇ ਕਿਹਾ ਕਿ ਇਹ ਅਮਰੀਕਾ ਦੀ ਅੰਦਰੂਨੀ ਸਿਆਸਤ ਦਾ ਮਾਮਲਾ ਹੈ ਪਰ ਰਾਸ਼ਟਰਪਤੀ ਬਾਇਡਨ ਦਾ ਫ਼ੈਸਲਾ ਸਭ ਤੋਂ ਵਧੀਆ ਸਿਆਸੀ ਫ਼ੈਸਲਾ ਲੈਣ ਦੀ ਉਨ੍ਹਾਂ ਦੀ ਇੱਛਾ 'ਤੇ ਆਧਾਰਿਤ ਹੈ।

# ਭਾਈ ਰੂਪ ਚੰਦ ਦੀ ਬਰਸੀ ਫਰਿਜ਼ਨੋ ਵਿਖੇ ਮਨਾਈ ਗਈ









ਫਰਿਜ਼ਨੋ, (ਪੰਜਾਬ ਮੇਲ)- ਗੁਰਦੁਆਰਾ ਨਾਨਕਸਰ ਕਰਨੀਲੀਆ ਰੋਡ ਫਰਿਜ਼ਨੋ ਵਿਖੇ ਭਾਈ ਰੂਪ ਚੰਦ ਜੀ ਦੀ ਬਰਸੀ, ਪਿੰਡ ਸਮਾਧ ਭਾਈ ਦੀ ਸੰਗਤ ਵੱਲੋਂ ਸ਼ਰਧਾ-ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਸਮੂਹ ਪਿੰਡ ਅਤੇ ਇਲਾਕਾ ਨਿਵਾਸੀ ਸੰਗਤ ਵੱਡੀ ਗਿਣਤੀ ਵਿਚ ਪਹੁੰਚੀ ਹੋਈ ਸੀ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਜਥੇ ਨੇ ਧਾਰਨਾ ਪੜ੍ਹਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤ ਵੱਲੋਂ ਚੱਲ ਰਹੇ ਪਾਠ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਕੜ੍ਹਾਹ ਪ੍ਰਸ਼ਾਦ ਦੀ ਦੇਗ ਵਰਤੀ। ਉਪਰੰਤ ਡਾ. ਮਲਕੀਤ ਸਿੰਘ ਕਿੰਗਰਾ ਅਤੇ ਰਾਜਵਿੰਦਰ ਸਿੰਘ ਧਾਲੀਵਾਲ ਨੇ ਭਾਈ ਰੂਪ ਚੰਦ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਉਨ੍ਹਾਂ ਕਿਹਾ ਕਿ ਭਾਈ ਰੂਪ ਚੰਦ ਜੀ ਨੇ ਛੇਵੇਂ ਪਾਤਸ਼ਾਹ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਗੁਰੂ ਸਹਿਬਾਨਾਂ ਦੀ ਸੇਵਾ ਕੀਤੀ ਤੇ ਭਾਈ ਦੀ ਉਪਾਧੀ ਵੀ ਉਨ੍ਹਾਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਤੋਂ ਮਿਲੀ। ਉਨ੍ਹਾਂ ਦੱਸਿਆ ਕਿ ਗੁਰੂ ਹਰਗੋਬਿੰਦ ਸਹਿਬ ਨੇ ਭਾਈ ਸਾਹਿਬ ਦੇ ਨਾਮ 'ਤੇ ਮਾਲਵੇ ਦਾ ਨਗਰ ਭਾਈ ਰੂਪਾ ਵਸਾਇਆ, ਜਿੱਥੇ ਅੱਜ ਵੀ ਉਨ੍ਹਾਂ ਦੇ ਵੰਸ਼ ਕੋਲ ਗੁਰੂ ਸਾਹਿਬ ਦੀ ਨਿਸ਼ਾਨੀ ਰੱਥ ਦੇ ਰੂਪ ਵਿਚ ਸਾਂਭੀ ਹੋਈ ਹੈ। ਉਨ੍ਹਾਂ ਕਿਹਾ ਕਿ ਸਮਾਧ ਭਾਈ ਵਿਖੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ, ਉਪਰੰਤ ਭਾਈ ਸਾਹਿਬ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਸਮਾਧ ਉੱਤੇ ਅੱਜ ਤੋਂ 301 ਸਾਲ ਪਹਿਲਾ ਪਿੰਡ ਸਮਾਧ ਭਾਈ ਵਸਾਇਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਾਨੇ ਪੰਜਾਬ ਵਾਲੇ ਸ. ਸੁਖਦੇਵ ਸਿੰਘ ਅਤੇ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਇਹ ਬਰਸੀ ਹਰ ਸਾਲ ਮਨਾਇਆ ਕਰਾਂਗੇ ਅਤੇ ਹਰ ਸੰਭਵ ਮਦਦ ਵੀ ਕਰਾਂਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸੈਕਰਾਮੈਂਟੋ 'ਚ ਹੋਈਆਂ ਸੀਨੀਅਰ ਖੇਡਾਂ 'ਚ ਲਿਆ ਪੰਜਾਬੀ ਚੋਬਰਾਂ ਨੇ ਹਿੱਸਾ



**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਯੂ.ਐੱਸ.ਏ. ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿਚ ਹੋਈ, ਜਿਸ ਵਿਚ ਦੁਨੀਆਂ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ। ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ। ਇਨ੍ਹਾਂ ਖੇਡਾਂ ਵਿਚ ਪੰਜ ਪੰਜਾਬੀ ਚੋਬਰਾਂ ਨੇ ਵੀ ਹਿੱਸਾ ਲਿਆ।

ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿਚ ਚੌਥਾ ਸਥਾਨ ਹਾਸਲ ਕੀਤਾ।

ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿਚ ਚਾਂਦੀ ਦਾ ਤਗਮਾ ਜਿੱਤਿਆ।

ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿਚ 5ਵਾਂ ਅਤੇ ਲੰਬੀ ਛਾਲ ਵਿਚ 8ਵਾਂ ਸਥਾਨ ਪ੍ਰਾਪਤ ਕੀਤਾ।


ਸੈਲਮਾ ਦੇ ਕੁਲਵੰਤ ਸਿੰਘ ਲੰਬਰ ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ, ਨੇ ਡਿਸਕਸ ਥਰੋਅ ਵਿਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ।

ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿਚ ਭਾਰਤ ਤੋਂ ਪੰਜਾਬ ਪੁਲਿਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿਚ ਕਾਂਸੀ ਦਾ ਤਗਮਾ ਜਿੱਤਿਆ।

## ਏਅਰ-ਇੰਡੀਆ ਦੀ ਨਵੀਂ ਸਿੱਧੀ ਫਲਾਈਟ ਦਿੱਲੀ ਤੋਂ ਅਮਰੀਕੀ ਲਈ ਹੋਵੇਗੀ ਸਿੱਧੀ ਉਡਾਣ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਏਅਰ ਇੰਡੀਆ ਨੇ ਕਿਹਾ ਕਿ ਉਸ ਦਾ ਫਲੈਗਸ਼ਿਪ ਵਾਈਡ-ਬਾਡੀ ਏਅਰਕ੍ਰਾਫਟ ਨਵੰਬਰ ਤੋਂ ਅਤਿ-ਲੰਬੀ ਦੂਰੀ ਵਾਲੇ ਰੂਟਾਂ 'ਤੇ ਕੰਮ ਕਰਨਾ ਸ਼ੁਰੂ ਕਰ ਦੇਵੇਗਾ। ਇਹ ਜਹਾਜ਼ ਦਿੱਲੀ-ਨਿਊਯਾਰਕ ਰੂਟ 'ਤੇ ਸੰਚਾਲਨ ਸ਼ੁਰੂ ਕਰੇਗਾ। ਏਅਰ ਇੰਡੀਆ ਨੇ ਕਿਹਾ ਕਿ 2 ਜਨਵਰੀ 2025 ਤੋਂ ਏਅਰਲਾਈਨ ਦੀਆਂ ਦਿੱਲੀ-ਨੇਵਾਰਕ ਨਿਊਜਰਸੀ ਦੀਆਂ ਉਡਾਣਾਂ ਵੀ ਏਅਰਬੱਸ ਏ 350-900 ਦੁਆਰਾ ਸੰਚਾਲਿਤ ਕੀਤੀਆਂ ਜਾਣਗੀਆਂ। ਇਸ ਲਈ ਹੁਣ ਲੱਗਦਾ ਹੈ ਕਿ ਅਮਰੀਕਾ ਤੋਂ ਸਿੱਧੀਆਂ ਉਡਾਣਾਂ ਦੇ ਵੱਧਣ ਦੇ ਨਾਲ ਲੋਕਾਂ ਨੂੰ ਸਫਰ ਕਰਨ 'ਚ ਚੰਗਾ ਫਾਇਦਾ ਵੀ ਮਿਲੇਗਾ।

# ਟਰੰਪ ਵੱਲੋਂ ਬਾਇਡਨ ਦੇ ਚੋਣ ਮੈਦਾਨ 'ਚੋਂ ਅਚਾਨਕ ਪਿੱਛੇ ਹਟਣ ਦੀ ਆਲੋਚਨਾ



**ਵਾਸ਼ਿੰਗਟਨ, (ਪੰਜਾਬ ਮੇਲ)**- ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਲਡ ਟਰੰਪ ਨੇ ਰਾਸ਼ਟਰਪਤੀ ਚੋਣ ਦੀ ਦੌੜ 'ਚੋਂ ਅਚਾਨਕ ਪਿੱਛੇ ਹਟਣ ਲਈ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਬਾਇਡਨ ਦੇ ਡਾਕਟਰਾਂ ਸਮੇਤ ਉਸ ਦੇ ਕਰੀਬੀ ਵਿਅਕਤੀ ਵੀ ਜਾਣਦੇ ਸਨ ਕਿ ਉਹ ਰਾਸ਼ਟਰਪਤੀ ਅਹੁਦੇ ਦੀ ਚੋਣ ਲੜਨ ਜਾਂ ਰਾਸ਼ਟਰਪਤੀ ਬਣਨ ਦੇ ਯੋਗ ਨਹੀਂ ਹਨ। ਟਰੰਪ ਨੇ ਇਹ ਟਿੱਪਣੀ ਉਸ ਸਮੇਂ ਕੀਤੀ, ਜਦੋਂ ਬਾਇਡਨ (81) ਨੇ ਐਤਵਾਰ ਨੂੰ ਇਹ ਐਲਾਨ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਿ ਉਹ ਰਾਸ਼ਟਰਪਤੀ ਅਹੁਦੇ ਦੀ ਦੌੜ ਤੋਂ ਪਿੱਛੇ ਹਟ ਰਹੇ ਹਨ ਅਤੇ ਉਨ੍ਹਾਂ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਭਾਰਤੀ-ਅਫ਼ਰੀਕੀ ਮੂਲ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦੀ ਤਾਈਦ ਕੀਤੀ ਹੈ। ਟਰੰਪ ਨੇ ਬਾਇਡਨ ਦੇ ਕੋਵਿਡ-19 ਤੋਂ ਪੀੜਤ ਹੋਣ ਨੂੰ ਲੈ ਕੇ ਵੀ ਸ਼ੱਕ ਜਤਾਇਆ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੈਟਫਾਰਮ 'ਟਰੁੱਥ ਸੋਸ਼ਲ' 'ਤੇ ਇਕ ਪੋਸਟ 'ਚ ਕਿਹਾ, "ਸਾਨੂੰ ਚਲਾਕ ਜੋਅ ਬਾਇਡਨ ਨਾਲ ਲੜਨ ਲਈ ਸਮਾਂ ਅਤੇ ਪੈਸਾ ਖ਼ਰਚ ਕਰਨ ਲਈ ਮਜਬੂਰ ਹੋਣਾ ਪਿਆ। ਬਹਿਸ 'ਚ ਨਿਰਾਸ਼ਾਜਨਕ ਪ੍ਰਦਰਸ਼ਨ ਮਗਰੋਂ ਉਹ ਚੋਣ ਮੈਦਾਨ ਤੋਂ ਪਿੱਛੇ ਹਟ ਗਏ। ਹੁਣ ਸਾਨੂੰ ਸਾਰਾ ਕੁਝ ਮੁੜ ਤੋਂ ਸ਼ੁਰੂ ਕਰਨਾ ਪਵੇਗਾ।"

ਸਾਬਕਾ ਰਾਸ਼ਟਰਪਤੀ ਨੇ ਸਵਾਲ ਕੀਤਾ ਕਿ ਕੀ ਰਿਪਬਲਿਕਨ ਪਾਰਟੀ ਨੂੰ ਧੋਖਾਧੜੀ ਲਈ ਮੁਆਵਜ਼ਾ ਨਹੀਂ ਮਿਲਣਾ ਚਾਹੀਦਾ ਹੈ। ਉਨ੍ਹਾਂ ਬਾਇਡਨ ਨੂੰ ਅਮਰੀਕਾ ਦੇ ਇਤਿਹਾਸ 'ਚ ਸਭ ਤੋਂ ਖ਼ਰਾਬ ਰਾਸ਼ਟਰਪਤੀ ਦੱਸਿਆ।

# ਟਰੰਪ ਦੀ ਉਮੀਦਵਾਰੀ ਬਾਰੇ ਐਲਨ ਮਸਕ ਤੇ ਪੂੰਜੀਪਤੀ ਖੋਸਲਾ ਆਹਮੋ ਸਾਹਮਣੇ

**ਨਿਊਯਾਰਕ, (ਪੰਜਾਬ ਮੇਲ)**- ਟੈੱਕ ਅਰਬਪਤੀ ਐਲਨ ਮਸਕ ਤੇ ਭਾਰਤੀ ਅਮਰੀਕੀ ਪੂੰਜੀਪਤੀ ਵਿਨੋਦ ਖੋਸਲਾ ਅਮਰੀਕੀ ਰਾਸ਼ਟਰਪਤੀ ਦੇ ਅਹੁਦੇ ਲਈ ਡੋਨਲਡ ਟਰੰਪ ਦੀ ਉਮੀਦਵਾਰੀ ਨੂੰ ਲੈ ਕੇ ਆਹਮੋ ਸਾਹਮਣੇ ਹੋ ਗਏ ਹਨ। ਟਰੰਪ (78) ਨੇ ਲਗਾਤਾਰ ਤੀਜੀ ਵਾਰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜਨ ਲਈ ਵੀਰਵਾਰ ਰਾਤ ਨੂੰ ਪਾਰਟੀ ਦੀ ਨਾਮਜ਼ਦਗੀ ਸਵੀਕਾਰ ਕਰ ਲਈ ਸੀ। ਉਧਰ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੇ ਅਗਾਮੀ ਰਾਸ਼ਟਰਪਤੀ ਚੋਣਾਂ ਵਿਚ ਡੈਮੋਕਰੈਟਿਕ ਉਮੀਦਵਾਰ ਵਜੋਂ ਆਪਣਾ ਨਾਮ ਵਾਪਸ ਲੈ ਲਿਆ ਹੈ। ਪਿਛਲੇ ਮਹੀਨੇ ਰਿਪਬਲਿਕਨ ਉਮੀਦਵਾਰ ਟਰੰਪ ਨਾਲ ਬਹਿਸ



**ਐਲਨ ਮਸਕ, ਵਿਨੋਦ ਖੋਸਲਾ**

ਦੌਰਾਨ ਢਿੱਲੀ ਕਾਰਗੁਜ਼ਾਰੀ ਮਗਰੋਂ ਬਾਇਡਨ 'ਤੇ ਖਾਸਾ ਦਬਾਅ ਸੀ। ਬਾਇਡਨ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਨਵੇਂ ਡੈਮੋਕਰੈਟਿਕ ਉਮੀਦਵਾਰ ਵਜੋਂ ਮੌਜੂਦਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦੀ ਤਾਈਦ ਕੀਤੀ ਹੈ।

ਖੋਸਲਾ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਉਸ ਲਈ ਟਰੰਪ ਜਿਹੇ ਰਿਪਬਲਿਕਨ ਦੀ ਹਮਾਇਤ ਕਰਨਾ ਮੁਸ਼ਕਲ ਹੈ, ਜਿਸ ਦੀਆਂ ਕੋਈ 'ਕਦਰਾਂ ਕੀਮਤਾਂ ਨਹੀਂ ਹਨ, ਝੂਠ ਬੋਲਦਾ ਹੈ, ਧੋਖਾਧੜੀ ਕਰਦਾ ਹੈ, ਜਿਸ 'ਤੇ ਬਲਾਤਕਾਰ ਦੇ ਦੋਸ਼ ਹਨ, ਜਿਸ ਨੇ ਮਹਿਲਾਵਾਂ ਦਾ ਮਾਣ ਸਤਿਕਾਰ ਘਟਾਇਆ' ਅਤੇ ਉਨ੍ਹਾਂ ਵਾਂਗ 'ਪ੍ਰਵਾਸੀਆਂ ਨੂੰ ਨਫ਼ਰਤ' ਕਰਦਾ ਹੈ। ਖੋਸਲਾ ਨੇ ਕਿਹਾ, "ਉਹ ਸ਼ਾਇਦ ਮੇਰੇ ਟੈਕਸਾਂ ਨੂੰ ਘਟਾ ਸਕਦਾ ਹੈ ਜਾਂ ਕੁਝ ਨੇਮਾਂ ਵਿਚ ਕਟੌਤੀ ਕਰ ਸਕਦਾ ਹੈ, ਪਰ ਇਹ ਉਸ ਦੀਆਂ ਕਦਰਾਂ ਕੀਮਤਾਂ ਵਿਚ ਬਦਚਲਣੀ ਨੂੰ ਸਵੀਕਾਰ ਕਰਨ ਦਾ ਕੋਈ ਕਾਰਨ ਨਹੀਂ ਹੈ। ਕੀ ਤੁਸੀਂ ਅਜਿਹਾ ਰਾਸ਼ਟਰਪਤੀ ਚਾਹੁੰਦੇ ਹੋ, ਜੋ ਆਪਣੇ ਪਹਿਲੇ ਸਾਲ ਵਿਚ ਵਾਤਾਵਰਨ ਨੂੰ ਇਕ ਦਹਾਕੇ ਦੀ ਸੱਟ ਮਾਰ ਸਕਦਾ ਹੈ? ਕੀ ਤੁਸੀਂ ਆਪਣੇ ਬੱਚਿਆਂ ਲਈ ਕਦਰਾਂ-ਕੀਮਤਾਂ ਵਜੋਂ ਉਸ ਦੀ ਮਿਸਾਲ ਚਾਹੁੰਦੇ ਹੋ?"

ਉਧਰ ਮਸਕ ਨੇ ਖੋਸਲਾ ਦੀ ਪੋਸਟ ਦੇ ਜਵਾਬ ਵਿਚ ਕਿਹਾ ਕਿ ਟਰੰਪ 'ਤੁਹਾਨੂੰ ਨਫ਼ਰਤ ਨਹੀਂ ਕਰਦਾ। ਅਸਲ ਵਿਚ ਮੈਨੂੰ ਲੱਗਦਾ ਹੈ ਕਿ ਉਹ ਤੁਹਾਨੂੰ ਪਸੰਦ ਕਰਦਾ ਹੈ। ਉਸ ਨੂੰ ਮਿਲੋ ਤੇ ਆਪਣੇ ਲਈ ਉਸ ਨੂੰ ਫਰੋਲੋ।" ਟੈਸਲਾ ਤੇ ਸਪੇਸਐੱਕਸ ਦੇ ਸੀ.ਈ.ਓ. ਮਸਕ ਨੇ ਕਿਹਾ ਕਿ ਉਹ ਇਹ ਨਹੀਂ ਕਹਿ ਰਹੇ ਕਿ ਟਰੰਪ ਵਿਚ ਕੋਈ ਖਾਮੀ ਨਹੀਂ ਹੈ। ਮਸਕ ਨੇ ਕਿਹਾ, "ਤੁਸੀਂ ਮੀਡੀਆ ਵਿਚ ਕਿੰਨੀ ਵਾਰ ਕੁਝ ਪੜ੍ਹਿਆ ਹੈ, ਜਿੱਥੇ ਤੁਸੀਂ ਅਸਲ ਕਹਾਣੀ ਨੂੰ ਜਾਣਦੇ ਹੋ, ਪਰ ਜੋ ਉਨ੍ਹਾਂ ਨੇ ਛਾਪਿਆ ਉਹ ਪੂਰੀ ਤਰ੍ਹਾਂ ਝੂਠ ਸੀ? ਖੈਰ, ਸਿਆਸਤ ਵਿਚ ਇਹ ਬਹੁਤ ਮਾੜਾ ਹੈ, ਜੋ ਕਿ ਇੱਕ ਖ਼ੂਨੀ ਖੇਡ ਹੈ... ਕਈ ਸਾਲ ਪਹਿਲਾਂ, ਇਹ ਡੈਮੋਕਰੇਟਿਕ ਪਾਰਟੀ ਸੀ, ਪਰ ਹੁਣ ਪੈਂਡੂਲਮ (ਕਾਂਟਾ) ਰਿਪਬਲਿਕਨ ਪਾਰਟੀ ਵੱਲ ਝੁਕ ਰਿਹਾ ਹੈ।" ਖੋਸਲਾ ਨੇ ਇਸ ਦੇ ਜਵਾਬ ਵਿਚ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਹੈ ਕਿ ਮੀਡੀਆ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਸੀਲੀਕਾਨ ਵੈਲੀ ਦੇ ਸਿਖਰਲੇ ਨਿਵੇਸ਼ਕ ਨੇ ਕਿਹਾ, "ਮੈਂ ਸਮਾਜਿਕ ਤੌਰ 'ਤੇ ਲਿਬਰਲ ਜੋ ਵਿੱਤੀ ਤੌਰ 'ਤੇ ਰਿਪਬਲਿਕਨਾਂ ਨਾਲ ਰਜਿਸਟਰਡ ਸੀ, ਪਰ ਵਾਤਾਵਰਨ ਦੇ ਮੁੱਦੇ ਨੇ ਮੈਨੂੰ ਸੁਤੰਤਰ ਬਣਨ ਲਈ ਮਜਬੂਰ ਕੀਤਾ।"




US



US Transport Inc.

Davinder Singh Jhawar

916-919-7061

ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।

*Hiring safe and experienced owner-operators*

Designed By Punjab Mail USA

9875 Dino Drive, Elk Grove, CA 95624

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਰਾਜਸਥਾਨ ਵਿਚ ਜਲਦ ਹੀ 5 ਲੈਬੋਰੇਟਰੀਆਂ ਹੋਰ ਖੋਲ੍ਹੀਆਂ ਜਾਣਗੀਆਂ : ਡਾ. ਓਬਰਾਏ




**ਪਟਿਆਲਾ, (ਪੰਜਾਬ ਮੇਲ)-** ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੈਬੋਰੇਟਰੀਆਂ ਖੋਲ੍ਹਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ। ਸਭ ਤੋਂ ਪਹਿਲਾਂ ਪੰਜਾਬ, ਹਰਿਆਣਾ, ਚੰਡੀਗੜ੍ਹ, ਯੂ.ਪੀ. ਅਤੇ ਹਿਮਾਚਲ ਵਿਚ ਲੈਬੋਰੇਟਰੀਆਂ ਖੋਲ੍ਹੀਆਂ ਗਈਆਂ। ਇਹ ਲੈਬੋਰੇਟਰੀਆਂ 11 ਸਟੇਟਾਂ ਵਿਚ ਖੋਲ੍ਹੀਆਂ ਗਈਆਂ। ਹੁਣ ਸਾਡੇ ਨਾਲ ਲੱਗਦੇ ਸੂਬੇ ਰਾਜਸਥਾਨ ਦਾ ਦੌਰਾ ਟਰੱਸਟ ਵਲੋਂ ਕੀਤਾ ਗਿਆ ਅਤੇ ਇੱਥੇ ਵੀ ਲੈਬੋਰੇਟਰੀਆਂ ਖੋਲ੍ਹਣ ਦੀ ਲੋੜ ਮਹਿਸੂਸ ਕੀਤੀ ਗਈ। ਹੁਣ ਰਾਜਸਥਾਨ ਵਿਚ ਸਾਡੀਆਂ 5 ਲੈਬੋਰੇਟਰੀਆਂ ਚੱਲ ਰਹੀਆਂ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਖਾਜੂਵਾਲਾ ਤੇ ਰਾਵਲਾਮੰਡੀ ਵਿਚ 2 ਲੈਬੋਰੇਟਰੀਆਂ ਦਾ ਉਦਘਾਟਨ ਕੀਤਾ ਗਿਆ।

ਇਸ ਮੌਕੇ ਟਰੱਸਟ ਵਲੋਂ ਹੋਰ ਵੀ ਕਈ ਲੋਕਲ ਏਰੀਏ ਲੈਬੋਰੇਟਰੀਆਂ ਖੋਲ੍ਹਣ ਲਈ ਸਿਲੈਕਟ ਕੀਤੇ ਗਏ ਹਨ। ਆਉਣ ਵਾਲੇ 2 ਮਹੀਨੇ ਵਿਚ ਟਰੱਸਟ ਵਲੋਂ ਹੋਰ 5 ਲੈਬੋਰੇਟਰੀਆਂ ਖੋਲ੍ਹ ਦਿੱਤੀਆਂ ਜਾਣਗੀਆਂ। ਇੱਥੇ ਜਿਹੜੀਆਂ 5 ਲੈਬੋਰੇਟਰੀਆਂ ਚੱਲ ਰਹੀਆਂ ਹਨ, ਉੱਥੇ ਰੋਜ਼ਾਨਾ 125 ਤੋਂ 150 ਲੋਕ ਆਪਣਾ ਟੈਸਟ ਕਰਵਾ ਕੇ ਫਾਇਦਾ ਉਠਾਉਂਦੇ ਹਨ। ਟਰੱਸਟ ਦੀਆਂ ਲੈਬੋਰੇਟਰੀਆਂ ਵਿਚ ਸਿਰਫ਼ 10 ਫੀਸਦੀ ਮਾਰਜਨ ਉੱਤੇ ਕੰਮ ਕਰਦੇ ਹਾਂ। ਇਸਦੇ ਨਾਲ ਹੀ ਇਨ੍ਹਾਂ ਲੈਬੋਰੇਟਰੀਆਂ ਦੀਆਂ ਕੁਝ ਹੋਰ ਵੀ ਡਿਮਾਂਡਸ ਹਨ, ਜੋ ਜਲਦੀ ਹੀ ਪੂਰੀਆਂ ਕੀਤੀਆਂ ਜਾਣਗੀਆਂ। ਖਾਜੂਵਾਲਾ ਵਿਚ ਅਲਟਰਾਸਾਊਂਡ ਮਸ਼ੀਨ ਲਗਾਉਣ ਦੀ ਮੰਗ ਕੀਤੀ ਗਈ ਹੈ, ਤਾਂ ਕਿ ਇੱਥੇ ਨੇੜੇ ਦੇ 50-60 ਪਿੰਡ ਕਵਰ ਕੀਤੇ ਜਾ ਸਕਣ। ਟਰੱਸਟ ਵੱਲੋਂ ਇਹ ਅਲਟਰਾਸਾਊਂਡ ਮਸ਼ੀਨ ਦੇਣ ਦੀ ਮੰਗ ਪਾਸ ਕਰ ਦਿੱਤੀ ਗਈ ਹੈ। ਪਰ ਇਸ ਨਾਲ ਕੁਝ ਮੁਸ਼ਕਿਲਾਂ ਵੀ ਆ ਰਹੀਆਂ ਹਨ ਕਿ ਇਹ ਮਸ਼ੀਨ ਸਿਰਫ ਡਾਕਟਰ ਹੀ ਓਪਰੇਟ ਕਰਦੇ ਹਨ ਅਤੇ ਉਨ੍ਹਾਂ ਦੇ ਨਾਮ 'ਤੇ ਹੀ ਅਲਾਟ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਹੀ ਕਿਸੇ ਡਾਕਟਰ ਦਾ ਇੱਥੇ ਪ੍ਰਬੰਧ ਹੋ ਜਾਵੇਗਾ, ਤਾਂ ਅਸੀਂ ਜਲਦ ਹੀ ਇੱਥੇ ਇਹ ਮਸ਼ੀਨ ਭੇਜ ਦੇਵਾਂਗੇ।

ਟਰੱਸਟ ਵਲੋਂ ਬੁੱਢਾ ਜੋਹੜ ਵਿਚ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਹਸਪਤਾਲ ਵਿਚ ਪਹਿਲਾਂ ਟਰੱਸਟ ਵਲੋਂ 4 ਯੂਨਿਟ ਡਾਇਲਸਿਸ ਦਿੱਤੇ ਗਏ ਸਨ, ਇੱਥੇ ਹੁਣ ਹੋਰ ਡਾਇਲਸਿਜ਼ ਮਸ਼ੀਨਾਂ ਦੀ ਘਾਟ ਹੋਣ ਕਰਕੇ ਮਰੀਜ਼ਾਂ ਨੂੰ 100-150 ਕਿਲੋਮੀਟਰ ਦੂਰ ਜਾ ਕੇ ਆਪਣੇ ਡਾਇਲਸਿਜ਼ ਕਰਵਾਉਣੇ ਪੈਂਦੇ ਸਨ। ਇਸ ਘਾਟ ਨੂੰ ਦੇਖਦਿਆਂ ਹੋਇਆਂ ਟਰੱਸਟ ਵਲੋਂ 2 ਯੂਨਿਟ ਹੋਰ ਦਿੱਤੇ ਗਏ ਹਨ ਅਤੇ ਲੋੜ ਪੈਣ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਸ ਹਸਪਤਾਲ ਦੀ ਹੋਰ ਵੀ ਮਦਦ ਕਰੇਗਾ। ਇਸ ਮੌਕੇ ਡਾ. ਦਲਜੀਤ ਸਿੰਘ ਗਿੱਲ, ਸੁਰਿੰਦਰ ਸਿੰਘ, ਸ਼ਮਨਦੀਪ ਸਿੰਘ (ਪ੍ਰਧਾਨ ਰਾਜਸਥਾਨ), ਰੋਮਿੰਦਰ ਸਿੰਘ, ਜਤਿੰਦਰਪਾਲ ਸਿੰਘ, ਸ਼੍ਰੀ ਸੁਭਾਸ਼ ਢੀਂਗਰਾ ਆਦਿ ਮੌਜੂਦ ਸਨ।

# ਅਮਰੀਕਾ 'ਚ ਸੜਕ ਹਾਦਸੇ 'ਚ ਤੇਲਗੂ ਡਾਕਟਰ ਦੀ ਮੌਤ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ 'ਚ ਭਾਰਤੀ ਮੂਲ ਦੇ ਵਿਦਿਆਰਥੀਆਂ ਦੀਆਂ ਮੌਤਾਂ 'ਚ ਚਿੰਤਾਜਨਕ ਵਾਧੇ ਦੇ ਵਿਚਕਾਰ ਇਕ ਹੋਰ ਦੁਖਦਾਈ ਘਟਨਾ ਸਾਹਮਣੇ ਆਈ ਹੈ। ਭਾਰਤ ਦੇ ਆਂਧਰਾ ਪ੍ਰਦੇਸ਼ ਦੇ ਤੇਨਾਲੀ ਦੀ ਰਹਿਣ ਵਾਲੀ ਇਕ 25 ਸਾਲਾ ਵੈਟਰਨਰੀ ਡਾਕਟਰ ਜੇਟੀ ਹਰੀਕਾ ਦੀ ਅਮਰੀਕਾ ਦੇ ਓਕਲਾਹੋਮਾ ਸੂਬੇ 'ਚ ਇੱਕ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਹਰਿਕਾ ਅਮਰੀਕਾ ਵਿਚ ਪਿਛਲੇ ਡੇਢ ਸਾਲ ਤੋਂ ਵੈਟਰਨਰੀ ਮੈਡੀਸਨ ਵਿਚ ਉਚੇਰੀ ਪੜ੍ਹਾਈ ਕਰ ਰਹੀ ਸੀ। ਉਸ ਦੇ ਪਿਤਾ ਜੇਟੀ ਸ੍ਰੀਨਿਵਾਸ ਰਾਓ, ਟੈਕਸ ਵਿਭਾਗ ਦੇ ਕਰਮਚਾਰੀ ਅਤੇ ਉਸਦੀ ਮਾਂ ਨਾਗਮਣੀ ਸਮੇਤ ਉਸ ਦਾ ਦੁਖੀ ਪਰਿਵਾਰ, ਹੁਣ ਉਸ ਦੀ ਲਾਸ਼ ਨੂੰ ਵਾਪਸ ਭੇਜਣ ਲਈ ਭਾਰਤੀ ਦੂਤਾਵਾਸ ਦੀ ਉਡੀਕ ਕਰ ਰਿਹਾ ਹੈ। ਉਨ੍ਹਾਂ ਨੇ ਹਰੀਕਾ ਦੀ ਮ੍ਰਿਤਕ ਦੇਹ ਨੂੰ ਅੰਤਿਮ ਸੰਸਕਾਰ ਲਈ ਵਾਪਸ ਤੇਨਾਲੀ ਲਿਆਉਣ ਲਈ ਸਰਕਾਰ ਤੋਂ ਤੁਰੰਤ ਸਹਾਇਤਾ ਦੀ ਅਪੀਲ ਕੀਤੀ ਹੈ।

# ਅਮਰੀਕੀ ਸੈਨੇਟ ਦੇ ਉਦਘਾਟਨ ਮੌਕੇ ਦੁਬਾਰਾ ਸ਼ੁਰੂ ਕੀਤੀ ਜਾ ਰਹੀ ਹੈ ਹਿੰਦੂ ਪ੍ਰਾਰਥਨਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਗਾਮੀ 30 ਜੁਲਾਈ ਤੋਂ ਅਮਰੀਕੀ ਸੈਨੇਟ ਵਿਚ ਦੁਬਾਰਾ ਉਦਘਾਟਨੀ ਪ੍ਰਾਰਥਨਾ ਕਰਨ ਲਈ ਰੀਨੋ, ਨਵਾਡਾ ਵਿਚ ਰਹਿਣ ਵਾਲੇ ਰਾਜਨ ਜ਼ੈਦ ਨੂੰ ਸੱਦਾ ਪੱਤਰ ਭੇਜਿਆ ਗਿਆ ਹੈ। ਰਾਜਨ ਜ਼ੈਦ ਯੂਨੀਵਰਸਿਟੀ ਆਫ ਹਿੰਦੂਇਜ਼ਮ ਦੇ ਪ੍ਰਧਾਨ ਹਨ ਅਤੇ ਉਹ ਹੁਣ ਤੱਕ ਅਮਰੀਕਾ ਦੇ 44 ਅਮਰੀਕਾ ਰਾਜਾਂ ਅਤੇ ਕੈਨੇਡਾ ਵਿਚ 310 ਵਾਰ ਵਿਧਾਨ ਸਭਾਵਾਂ ਹਿੰਦੂ ਸ਼ੁਰੂਆਤੀ ਪ੍ਰਾਰਥਨਾਵਾਂ ਪੜ੍ਹ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਅਸੈਂਬਲੀਆਂ, ਕਾਉਂਟੀ ਕਮਿਸ਼ਨ, ਸਿਟੀ ਕੌਂਸਲ ਸਮੇਤ ਹੋਰ ਵੀ ਬਹੁਤ ਸਾਰੀਆਂ ਅਮਰੀਕੀ ਸਭਾਵਾਂ ਵਿਚ ਹਿੰਦੂ ਪ੍ਰਾਰਥਨਾ ਕੀਤੀ ਹੈ।

ਜ਼ਿਕਰਯੋਗ ਹੈ ਕਿ 12 ਜੁਲਾਈ 2007 ਨੂੰ ਵਾਸ਼ਿੰਗਟਨ ਡੀ.ਸੀ. ਵਿਚ ਅਮਰੀਕੀ ਸੈਨੇਟ ਵਿਚ ਰਾਜਨ ਜ਼ੈਦ ਨੂੰ ਉਦਘਾਟਨੀ ਪ੍ਰਾਰਥਨਾ ਲਈ ਸੱਦਾ ਪੱਤਰ ਦਿੱਤਾ ਗਿਆ ਸੀ। ਪਰ ਉਸ ਸਮੇਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ ਸੀ, ਜਿਸ ਕਰਕੇ ਵਿਘਨ ਪਿਆ ਸੀ ਤੇ ਹੁਣ ਦੁਬਾਰਾ ਤੋਂ ਉਨ੍ਹਾਂ ਨੂੰ ਉਦਘਾਨੀ ਪ੍ਰਾਰਥਨਾ ਲਈ ਸੱਦਾ ਪੱਤਰ ਦਿੱਤਾ ਗਿਆ ਹੈ।



ਰਾਜਨ ਜ਼ੈਦ ਨੇ ਸੈਨੇਟ ਦੀ ਉਦਘਾਟਨੀ ਪ੍ਰਾਰਥਨਾ 'ਓਮ' ਨਾਲ ਸ਼ੁਰੂ ਕਰਨ ਅਤੇ 'ਓਮ' ਨਾਲ ਹੀ ਸਮਾਪਤ ਕਰਨ ਦੀ ਯੋਜਨਾ ਬਣਾਈ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰਾਰਥਨਾ ਵਿਚ ਦੁਨੀਆਂ ਦੇ ਸਭ ਤੋਂ ਪੁਰਾਣੇ ਮੌਜੂਦਾ ਧਰਮ ਗ੍ਰੰਥ ਦੇ ਸ਼ਲੋਕ ਸ਼ਾਮਲ ਕੀਤੇ ਜਾਣਗੇ।

ਰਾਜਨ ਜ਼ੈਦ ਰਿਗਵੈਦ ਤੋਂ ਮੂਲ ਸੰਸਕ੍ਰਿਤ ਛੰਦਾਂ ਦੀ ਅੰਗਰੇਜ਼ੀ ਵਿਚ ਵਿਆਖਿਆ ਕਰਨਗੇ। ਉਹ ਰਵਾਇਤੀ ਭਗਵੇਂ ਰੰਗ ਦਾ ਕੁੜਤਾ-ਪਜਾਮਾ, ਇੱਕ ਰੁਦਰਾਕਸ਼ ਮਾਲਾ ਪਹਿਨਣਗੇ। ਰਾਜਨ ਜ਼ੈਦ ਨੂੰ ਵਿਸ਼ਵ ਅੰਤਰ-ਧਰਮ ਆਗੂ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।


# ਟਰੰਪ ਦੀ ਹੱਤਿਆ ਦਾ ਯਤਨ ਦੀ ਘਟਨਾ ਮਾਮਲੇ 'ਚ ਅਮਰੀਕਾ ਦੀ ਸੀਕਰੇਟ ਸਰਵਿਸ ਦੀ ਮੁਖੀ ਵੱਲੋਂ ਅਸਤੀਫ਼ਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੀਕਰੇਟ ਸਰਵਿਸ ਦੀ ਡਾਇਰੈਕਟਰ ਕਿੰਬਰਲੀ ਚੀਟਲ ਨੇ ਇੱਕ ਰੈਲੀ ਵਿਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹੱਤਿਆ ਦੇ ਯਤਨ ਦੀ ਘਟਨਾ ਦੇ ਮਾਮਲੇ ਵਿਚ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਚੀਟਲ ਨੇ ਵਿਭਾਗ ਦੇ ਸਹਿਯੋਗੀਆਂ ਲਈ ਕੀਤੀ ਗਈ ਈ-ਮੇਲ ਵਿਚ ਇਹ ਜਾਣਕਾਰੀ ਦਿੱਤੀ ਹੈ। ਚੀਟਲ ਨੇ ਆਪਣੀ ਈ-ਮੇਲ ਵਿਚ ਕਿਹਾ, "ਮੈਂ ਸੁਰੱਖਿਆ ਵਿਚ ਸੰਨ੍ਹ ਦੀ ਪੂਰੀ ਜ਼ਿੰਮੇਵਾਰੀ ਲੈਂਦੀ ਹਾਂ। ਹਾਲ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਭਾਰੀ ਮਨ ਨਾਲ ਮੈਂ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਮੁਸ਼ਕਲ ਫ਼ੈਸਲਾ ਲਿਆ ਹੈ।

ਟਰੰਪ 'ਤੇ ਹਮਲੇ ਦੀ ਘਟਨਾ ਮਗਰੋਂ ਸੀਕਰੇਟ ਸਰਵਿਸ 'ਤੇ ਸੁਰੱਖਿਆ ਵਿਚ ਖ਼ਾਮੀ ਦੇ ਗੰਭੀਰ ਦੋਸ਼ ਲੱਗ ਰਹੇ ਸਨ।



# ਅਸੀਂ ਨਹੀਂ ਹਾਰਾਂਗੇ; ਅਮਰੀਕਾ ਸੁਨਹਿਰੀ ਯੁੱਗ ਦੀ ਦਹਿਲੀਜ਼ 'ਤੇ : ਟਰੰਪ



**ਵਾਸ਼ਿੰਗਟਨ, (ਪੰਜਾਬ ਮੇਲ)-** ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਲਈ ਦੇਸ਼ ਵਾਸੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਹੁਣ ਦੁਨੀਆਂ ਵਿਚ ਸਭ ਤੋਂ ਵਧੀਆ ਲੀਡਰਸ਼ਿਪ ਦੀ ਮੰਗ ਕਰਨ ਅਤੇ ਉਮੀਦ ਕਰਨ ਦਾ ਸਮਾਂ ਹੈ, ਜੋ ਸਾਹਸੀ, ਗਤੀਸ਼ੀਲ, ਮਜ਼ਬੂਤ ਅਤੇ ਨਿਰਭਉ ਹੋਵੇ। ਟਰੰਪ ਨੇ ਕਿਹਾ, "ਅਮਰੀਕਾ ਇੱਕ ਨਵੇਂ ਸੁਨਹਿਰੀ ਯੁੱਗ ਦੀ ਦਹਿਲੀਜ਼ 'ਤੇ ਹੈ, ਪਰ ਸਾਨੂੰ ਇਸ ਯੁੱਗ ਨੂੰ ਲਿਆਉਣ ਲਈ ਦਲੇਰਾਨਾ ਕਦਮ ਚੁੱਕਣੇ ਪੈਣਗੇ। ਅਸੀਂ ਨਹੀਂ ਹਾਰਾਂਗੇ।"

ਵੀਰਵਾਰ ਨੂੰ ਰਸਮੀ ਤੌਰ 'ਤੇ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਵੱਲੋਂ ਨਾਮਜ਼ਦਗੀ ਸਵੀਕਾਰ ਕਰਦੇ ਹੋਏ ਟਰੰਪ (78) ਨੇ ਆਪਣੇ ਭਾਸ਼ਣ 'ਚ ਅਮਰੀਕੀਆਂ ਨੂੰ ਅਪੀਲ ਕੀਤੀ ਕਿ ਉਹ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਜਿੱਤਣ 'ਚ ਉਨ੍ਹਾਂ ਦੀ ਮਦਦ ਕਰਨ। ਉਨ੍ਹਾਂ 'ਤੇ ਹਮਲੇ ਦੇ ਲਗਭਗ ਇਕ ਹਫਤੇ ਬਾਅਦ, ਟਰੰਪ ਨੇ ਕਿਹਾ, "ਅੱਜ ਮੈਂ ਨਿਮਰਤਾ ਨਾਲ ਤੁਹਾਡੇ ਸਹਿਯੋਗ, ਤੁਹਾਡੇ ਸਮਰਥਨ ਅਤੇ ਤੁਹਾਡੀ ਵੋਟ ਦੀ ਮੰਗ ਕਰਦਾ ਹਾਂ। ਮੈਂ ਤੁਹਾਡੇ ਭਰੋਸੇ ਦਾ ਸਨਮਾਨ ਕਰਨ ਲਈ ਹਰ ਰੋਜ਼ ਕੋਸ਼ਿਸ਼ ਕਰਾਂਗਾ ਅਤੇ ਮੈਂ ਤੁਹਾਨੂੰ ਕਦੇ ਵੀ ਨਿਰਾਸ਼ ਨਹੀਂ ਕਰਾਂਗਾ।" ਉਨ੍ਹਾਂ ਕਿਹਾ, "ਜਿਹੜੇ ਮਰਦਾਂ ਅਤੇ ਔਰਤਾਂ ਨੂੰ ਭੁਲਾ ਦਿੱਤਾ ਗਿਆ ਹੈ, ਜੋ ਪਿੱਛੇ ਰਹਿ ਗਏ ਹਨ, ਜਿਨ੍ਹਾਂ 'ਤੇ ਧਿਆਨ ਨਹੀਂ ਦਿੱਤਾ ਗਿਆ, ਹੁਣ ਉਨ੍ਹਾਂ ਨਾਲ ਅਜਿਹਾ ਨਹੀਂ ਹੋਵੇਗਾ। ਅਸੀਂ ਇਕੱਠੇ ਅੱਗੇ ਵਧਾਂਗੇ ਅਤੇ ਅਸੀਂ ਜਿੱਤਾਂਗੇ।"

ਟਰੰਪ ਨੇ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ' 'ਚ ਕਿਹਾ, "ਮੈਂ ਅੱਜ ਸ਼ਾਮ ਤੁਹਾਡੇ ਸਾਰਿਆਂ ਦੇ ਸਾਹਮਣੇ ਆਤਮਵਿਸ਼ਵਾਸ, ਤਾਕਤ ਅਤੇ ਉਮੀਦ ਦੇ ਸੰਦੇਸ਼ ਨਾਲ ਖੜ੍ਹਾ ਹਾਂ। ਹੁਣ ਤੋਂ ਚਾਰ ਮਹੀਨਿਆਂ ਬਾਅਦ ਅਸੀਂ ਸ਼ਾਨਦਾਰ ਜਿੱਤ ਹਾਸਲ ਕਰ ਲਵਾਂਗੇ ਅਤੇ ਸਾਡੇ ਸ਼ਾਸਨ ਦੇ ਅਗਲੇ ਚਾਰ ਸਾਲ ਦੇਸ਼ ਦੇ ਇਤਿਹਾਸ ਦੇ ਸਭ ਤੋਂ ਮਹਾਨ ਸਾਲ ਹੋਣਗੇ।" ਸਾਬਕਾ ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਕੋਈ ਵੀ ਚੀਜ਼ ਸਾਨੂੰ ਰੋਕ ਨਹੀਂ ਸਕਦੀ ਅਤੇ ਨਾ ਹੀ ਸਾਡੀ ਰਫ਼ਤਾਰ ਹੌਲੀ ਕਰ ਸਕਦੀ ਹੈ। ਸਾਡੇ ਰਾਹ ਵਿਚ ਭਾਵੇਂ ਕਿੰਨੇ ਵੀ ਵੱਡੇ ਖ਼ਤਰੇ ਅਤੇ ਕਿੰਨੀਆਂ ਵੀ ਰੁਕਾਵਟਾਂ ਆ ਜਾਣ, ਅਸੀਂ ਆਪਣੇ ਉੱਜਵਲ ਭਵਿੱਖ ਲਈ ਯਤਨਸ਼ੀਲ ਰਹਾਂਗੇ ਅਤੇ ਅਸੀਂ ਇਸ ਵਿਚ ਅਸਫਲ ਨਹੀਂ ਹੋਵਾਂਗੇ।" ਉਨ੍ਹਾਂ ਕਿਹਾ, "ਅਸੀਂ ਮਿਲ ਕੇ ਇਸ ਦੇਸ਼ ਨੂੰ ਬਚਾਵਾਂਗੇ, ਲੋਕਤੰਤਰ ਨੂੰ ਮੁੜ ਸੁਰਜੀਤ ਕਰਾਂਗੇ। ਅਸੀਂ ਉਸ ਖ਼ੁਸ਼ਹਾਲ ਅਤੇ ਸ਼ਾਨਦਾਰ ਕੱਲ੍ਹ ਦੀ ਸ਼ੁਰੂਆਤ ਕਰਾਂਗੇ, ਜਿਸਦੇ ਸਾਡੇ ਲੋਕ ਸੱਚਮੁੱਚ ਹੱਕਦਾਰ ਹਨ।"

ਟਰੰਪ ਨੇ ਆਪਣੇ 'ਤੇ ਹੋਏ ਘਾਤਕ ਹਮਲੇ ਤੋਂ ਬਾਅਦ ਅਮਰੀਕੀਆਂ ਵੱਲੋਂ ਦਿਖਾਏ ਗਏ "ਪਿਆਰ ਅਤੇ ਸਮਰਥਨ" ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਦਾ ਸੰਕਲਪ ਅਟੱਲ ਹੈ ਅਤੇ ਉਹ ਅਮਰੀਕੀ ਲੋਕਾਂ ਦੀ ਸੇਵਾ ਕਰਨ ਵਾਲੀ ਸਰਕਾਰ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਸ ਨੇ ਕਿਹਾ, "ਇਸ ਲਈ ਅੱਜ ਰਾਤ, ਮੈਂ ਪੂਰੇ ਵਿਸ਼ਵਾਸ ਅਤੇ ਸਮਰਪਣ ਨਾਲ ਸੰਯੁਕਤ ਰਾਜ ਦੇ ਰਾਸ਼ਟਰਪਤੀ ਲਈ ਆਪਣੀ ਉਮੀਦਵਾਰੀ ਨੂੰ ਸਵੀਕਾਰ ਕਰਦਾ ਹਾਂ। ਟਰੰਪ ਨੇ ਰਾਸ਼ਟਰਪਤੀ ਦੇ ਤੌਰ 'ਤੇ ਆਪਣੇ ਕਾਰਜਕਾਲ ਦਾ ਜ਼ਿਕਰ ਕਰਦੇ ਹੋਏ ਦਾਅਵਾ ਕੀਤਾ ਕਿ ਉਹ ਆਧੁਨਿਕ ਸਮੇਂ ਦੇ ਪਹਿਲੇ ਅਜਿਹੇ ਰਾਸ਼ਟਰਪਤੀ ਸਨ, ਜਿਨ੍ਹਾਂ ਨੇ ਕੋਈ ਨਵਾਂ ਯੁੱਧ ਸ਼ੁਰੂ ਨਹੀਂ ਕੀਤਾ।

## ਅਮਰੀਕੀ ਰਾਸ਼ਟਰਪਤੀ ਚੋਣਾਂ : ਨਿੱਕੀ ਹੇਲੀ ਵੱਲੋਂ ਟਰੰਪ ਨੂੰ ਹਮਾਇਤ

**ਮਿਲਵਾਕੀ, (ਪੰਜਾਬ ਮੇਲ)-** ਰਿਪਬਲਿਕਨ ਪਾਰਟੀ ਦੀ ਭਾਰਤੀ ਮੂਲ ਦੀ ਆਗੂ ਨਿੱਕੀ ਹੇਲੀ ਨੇ ਰਾਸ਼ਟਰਪਤੀ ਚੋਣ ਲਈ ਪਾਰਟੀ ਉਮੀਦਵਾਰ



ਵਜੋਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਹਮਾਇਤ ਕੀਤੀ ਹੈ। ਇਸ ਨਾਲ ਦੋਵਾਂ ਵਿਚਕਾਰ ਪ੍ਰਾਇਮਰੀ ਚੋਣਾਂ ਦੌਰਾਨ ਚੱਲ ਰਹੀ ਕੁੜੱਤਣ ਖ਼ਤਮ ਹੁੰਦੀ ਨਜ਼ਰ ਆ ਰਹੀ ਹੈ। ਹੇਲੀ ਨੇ ਰਿਪਬਲਿਕਨ ਪਾਰਟੀ ਵੱਲੋਂ 2024 ਦੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਟਰੰਪ ਨੂੰ ਚੁਣੌਤੀ ਦਿੱਤੀ ਸੀ ਅਤੇ ਕਈ ਮਹੀਨਿਆਂ ਤੱਕ ਉਨ੍ਹਾਂ ਖ਼ਿਲਾਫ਼ ਪ੍ਰਚਾਰ ਕੀਤਾ ਸੀ ਪਰ ਬਾਅਦ 'ਚ ਉਸ ਨੇ ਦੌੜ ਤੋਂ ਬਾਹਰ ਹੋਣ ਦਾ ਐਲਾਨ ਕੀਤਾ ਸੀ।

ਹੇਲੀ ਨੇ ਆਪਣੇ 97 ਡੈਲੀਗੇਟਾਂ ਨੂੰ ਕੌਮੀ ਕਨਵੈਨਸ਼ਨ ਦੌਰਾਨ ਟਰੰਪ ਨੂੰ ਵੋਟ ਪਾਉਣ ਦੇ ਨਿਰਦੇਸ਼ ਦਿੰਦਿਆਂ ਪਾਰਟੀ 'ਚ ਏਕੇ ਦਾ ਹੋਕਾ ਦਿੱਤਾ। ਹੇਲੀ ਨੇ ਮਿਲਵਾਕੀ 'ਚ ਹੋਈ ਕਨਵੈਨਸ਼ਨ ਦੌਰਾਨ ਕਿਹਾ, "ਮੈਂ ਇਕ ਗੱਲ ਸਪੱਸ਼ਟ ਆਖਾਂਗੀ ਕਿ ਡੋਨਲਡ ਟਰੰਪ ਨੂੰ ਮੇਰੀ ਪੂਰੀ ਹਮਾਇਤ ਹੈ।" ਇਸ ਸੰਮੇਲਨ 'ਚ ਡੈਲੀਗੇਟਾਂ ਦੇ ਵੋਟ ਹਾਸਲ ਕਰਨ ਮਗਰੋਂ ਟਰੰਪ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਦੇ ਅਧਿਕਾਰਤ ਉਮੀਦਵਾਰ ਬਣ ਗਏ ਹਨ।

ਹੇਲੀ ਨੇ ਹਜ਼ਾਰਾਂ ਡੈਲੀਗੇਟਾਂ ਅਤੇ ਪਾਰਟੀ ਆਗੂਆਂ ਨੂੰ ਕਿਹਾ ਕਿ ਟਰੰਪ ਦੇਸ਼ ਲਈ ਸਭ ਤੋਂ ਵਧੀਆ ਉਮੀਦਵਾਰ ਹਨ ਅਤੇ ਉਹ ਜੋਅ ਬਾਇਡਨ ਨੂੰ ਹਰਾਉਣ ਦੇ ਕਾਬਿਲ ਹਨ। ਉਨ੍ਹਾਂ ਆਪਣੇ ਭਾਸ਼ਣ 'ਚ ਸਾਬਕਾ ਰਾਸ਼ਟਰਪਤੀ ਦੀ ਵਿਦੇਸ਼ ਨੀਤੀ ਦਾ ਬਚਾਅ ਕੀਤਾ ਅਤੇ ਕੁਝ ਮੁੱਦਿਆਂ 'ਤੇ ਅਸਹਿਮਤੀ ਰੱਖਣ ਵਾਲੇ ਵੋਟਰਾਂ ਨੂੰ ਕਿਹਾ ਕਿ ਉਹ ਅਮਰੀਕਾ ਨੂੰ ਬਚਾਉਣ ਖ਼ਾਤਰ ਟਰੰਪ ਨੂੰ ਵੋਟ ਪਾਉਣ।

# ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕਿਹਾ 'ਏਲੀਅਨਜ਼'!

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 13 ਜੁਲਾਈ ਨੂੰ ਹੋਏ ਜਾਨਲੇਵਾ ਹਮਲੇ ਤੋਂ ਬਾਅਦ ਪਹਿਲੀ ਵਾਰ ਭਾਸ਼ਣ ਦਿੱਤਾ। ਟਰੰਪ ਨੇ ਵਿਸਕਾਨਸਿਨ ਸੂਬੇ ਵਿਚ ਹੋ ਰਹੀ ਪਾਰਟੀ ਕਨਵੈਨਸ਼ਨ 'ਚ ਆਪਣੇ ਸਮਰਥਕਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਰਾਸ਼ਟਰਪਤੀ ਅਹੁਦੇ ਲਈ ਨੋਮੀਨੇਸ਼ਨ ਮਨਜ਼ੂਰ ਕੀਤਾ।

ਟਰੰਪ ਦੇ ਭਾਸ਼ਨ ਦੌਰਾਨ ਉਨ੍ਹਾਂ ਦੀ ਪਤਨੀ ਮੇਲੇਨੀਆ ਸਮੇਤ ਪੂਰਾ ਪਰਿਵਾਰ ਮੌਜੂਦ ਰਿਹਾ। ਸਾਬਕਾ ਰਾਸ਼ਟਰਪਤੀ ਦਾ ਪਾਰਟੀ ਕਨਵੈਨਸ਼ਨ 'ਚ ਇਹ ਸਭ ਤੋਂ ਵੱਡਾ ਭਾਸ਼ਨ ਸੀ। ਟਰੰਪ ਨੇ 92 ਮਿੰਟ ਤੱਕ ਸਪੀਚ ਦਿੱਤੀ। ਇਸ ਦੌਰਾਨ ਉਹ ਨਾਜਾਇਜ਼ ਪ੍ਰਵਾਸੀਆਂ 'ਤੇ ਹਮਲਾਵਰ ਰਹੇ। ਟਰੰਪ ਨੇ ਉਨ੍ਹਾਂ ਦੀ ਤੁਲਨਾ 'ਏਲੀਅਨਜ਼' ਨਾਲ ਕੀਤੀ।

ਰੰਪ ਨੇ ਕਿਹਾ ਕਿ ਅਮਰੀਕਾ 'ਚ ਨੌਕਰੀਆਂ ਕਿਸ ਨੂੰ ਮਿਲ ਰਹੀਆਂ ਹਨ। ਅਮਰੀਕਾ ਦੀਆਂ 107 ਫੀਸਦੀ ਨੌਕਰੀਆਂ ਗੈਰ-ਕਾਨੂੰਨੀ ਏਲੀਅਨਜ਼ ਹੜੱਪ ਰਹੇ ਹਨ। ਟਰੰਪ ਨੇ ਨਾਜਾਇਜ਼ ਪ੍ਰਵਾਸੀਆਂ ਦੀ ਤੁਲਨਾ ਫਿਲਮੀ ਦੁਨੀਆਂ ਦੇ ਰਾਖਸ਼ਸ਼ਾਂ ਨਾਲ ਕਰਦੇ ਹੋਏ ਕਿਹਾ ਕਿ ਉਹ ਤੁਹਾਨੂੰ ਖਾ ਜਾਣਗੇ।

■ ਕਿਹਾ: "ਉਹ ਖਾ ਜਾਣਗੇ ਤੁਹਾਨੂੰ"



ਜ਼ਿਕਰਯੋਗ ਹੈ ਕਿ ਜਿਸ ਸਮੇਂ ਟਰੰਪ 'ਤੇ ਹਮਲਾ ਹੋਇਆ ਸੀ, ਉਦੋਂ ਵੀ ਉਹ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ਼ ਬੋਲ ਰਹੇ ਸਨ। ਟਰੰਪ ਨੇ ਆਪਣੇ ਭਾਸ਼ਣ 'ਚ ਹਮਲੇ ਦਾ ਤਜ਼ਰਬਾ ਆਪਣੇ ਸਮਰਥਕਾਂ ਨਾਲ ਸਾਂਝਾ ਕੀਤਾ। ਟਰੰਪ ਨੇ ਕਿਹਾ ਕਿ ਮੈਂ ਦੁਬਾਰਾ ਕਦੇ ਉਸ ਬਾਰੇ 'ਚ ਗੱਲ ਨਹੀਂ ਕਰ ਸਕਾਂਗਾ। ਮੈਂ ਅੱਜ ਤੁਹਾਡੇ ਵਿਚ ਹਾਂ ਕਿਉਂਕਿ ਉਸ ਦਿਨ ਭਗਵਾਨ ਮੇਰੇ ਨਾਲ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**



# ਫ਼ਿਲਹਾਲ ਜੇਲ੍ਹ 'ਚ ਹੀ ਰਹਿਣਾ ਪਵੇਗਾ ਕੇਜਰੀਵਾਲ ਨੂੰ

**ਨਵੀਂ ਦਿੱਲੀ, (ਪੰਜਾਬ ਮੇਲ)**- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਫ਼ਿਲਹਾਲ ਜੇਲ੍ਹ 'ਚ ਹੀ ਰਹਿਣਾ ਪਵੇਗਾ। ਦਿੱਲੀ ਹਾਈ ਕੋਰਟ ਨੇ ਸੀ.ਬੀ.ਆਈ. ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਆਪਣਾ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਕੇਜਰੀਵਾਲ ਵਲੋਂ ਪੇਸ਼ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਗ੍ਰਿਫ਼ਤਾਰੀ ਦੀ ਟਾਈਮਿੰਗ 'ਤੇ ਸਵਾਲ ਚੁੱਕਦੇ ਹੋਏ ਕੇਜਰੀਵਾਲ ਦੀ ਖ਼ਰਾਬ ਸਿਹਤ ਦਾ ਹਵਾਲਾ ਦਿੱਤਾ। ਦੂਜੇ ਪਾਸੇ ਸੀ.ਬੀ.ਆਈ. ਨੇ ਗ੍ਰਿਫ਼ਤਾਰੀ ਨੂੰ ਜਾਇਜ਼ ਦੱਸਦੇ ਹੋਏ ਕਿਹਾ ਕਿ ਪਟੀਸ਼ਨ 'ਤੇ ਸੁਣਵਾਈ ਪਹਿਲਾਂ ਟ੍ਰਾਇਲ ਕੋਰਟ 'ਚ ਹੋਣੀ ਚਾਹੀਦੀ ਹੈ, ਇਸ ਲਈ ਸਿੱਧੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਨਾ ਠੀਕ ਨਹੀਂ ਹੈ। ਅਦਾਲਤ ਨੇ ਫ਼ੈਸਲਾ ਸੁਰੱਖਿਅਤ ਰੱਖਦੇ ਹੋਏ ਕਿਹਾ ਕਿ ਫ਼ੈਸਲਾ ਲਿਖਣ ਲਈ ਸਮਾਂ ਚਾਹੀਦਾ ਹੈ ਤੇ ਇਸ ਦੇ

**■ ਹਾਈ ਕੋਰਟ ਵੱਲੋਂ ਸੀ.ਬੀ.ਆਈ. ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਫ਼ੈਸਲਾ ਰਾਖਵਾਂ**



ਨਾਲ ਹੀ ਅਦਾਲਤ ਵਲੋਂ ਕੇਜਰੀਵਾਲ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ 29 ਜੁਲਾਈ ਲਈ ਤੈਅ ਕੀਤੀ ਗਈ ਹੈ। ਮੁਹੱਰਮ ਮੌਕੇ ਅਦਾਲਤਾਂ 'ਚ ਛੁੱਟੀ ਸੀ, ਅਜਿਹੇ 'ਚ ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ। ਕੇਜਰੀਵਾਲ ਨੇ ਆਪਣੀ ਗ੍ਰਿਫ਼ਤਾਰੀ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਕੇਜਰੀਵਾਲ ਵਲੋਂ ਪੇਸ਼ ਹੋਏ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਇਕ ਐਡੀਸ਼ਨਲ 'ਇੰਸ਼ੋਰੈਂਸ ਅਰੈਸਟ' ਹੈ। ਇਹ ਤਦ ਹੈ, ਜਦੋਂ ਮੁੱਖ ਮੰਤਰੀ ਨੂੰ ਇਸ ਮਾਮਲੇ 'ਚ ਤਿੰਨ ਵਾਰ ਰਾਹਤ ਮਿਲ ਚੁੱਕੀ ਹੈ। ਸੀ.ਬੀ.ਆਈ. ਨੇ ਕੇਜਰੀਵਾਲ ਦੀ ਜ਼ਮਾਨਤ ਦਾ ਵਿਰੋਧ ਕਰਦੇ ਹੋਏ ਦਿੱਲੀ ਹਾਈ ਕੋਰਟ 'ਚ ਆਪਣਾ ਜਵਾਬ ਦਾਇਰ ਕੀਤਾ ਹੈ। ਸੀ.ਬੀ.ਆਈ. ਨੇ ਕਿਹਾ ਕਿ ਕੇਜਰੀਵਾਲ ਦੀ ਅਧਿਕਾਰੀਆਂ ਨਾਲ ਡੂੰਘੀ ਗੰਢ-ਤੁੱਪ ਹੈ। ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੇ ਸਹਿਯੋਗੀ ਤੇ ਉਨ੍ਹਾਂ ਦੀ ਪਤਨੀ ਗਵਾਹਾਂ ਨੂੰ ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਲਈ ਝੂਠੀ ਕਹਾਣੀ ਪੇਸ਼ ਕਰ ਰਹੇ ਹਨ। ਸੀ.ਬੀ.ਆਈ. ਨੇ ਆਪਣੇ ਜਵਾਬ 'ਚ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਕੇਜਰੀਵਾਲ ਦੁਆਰਾ ਜਾਣਬੁੱਝ ਕੇ ਜਾਂਚ ਨੂੰ ਲੀਹੋਂ ਲਾਹੁਣ ਦੀ ਕੋਸ਼ਿਸ਼ ਕਾਰਨ ਉਸ (ਸੀ.ਬੀ.ਆਈ.) ਨੇ ਕੇਜਰੀਵਾਲ ਦੀ ਅੱਗੇ ਦੀ ਹਿਰਾਸਤ ਦੀ ਮੰਗ ਨਹੀਂ ਕੀਤੀ ਹੈ।

## ਕੈਨੇਡਾ 'ਚ ਫਿਰੌਤੀਆਂ ਤੋਂ ਪ੍ਰੇਸ਼ਾਨ ਪੰਜਾਬੀ ਕਾਰੋਬਾਰੀਆਂ ਨੇ ਸਰਕਾਰ ਨੂੰ ਠਹਿਰਾਇਆ ਜ਼ਿੰਮੇਵਾਰ

**ਵੈਨਕੂਵਰ, (ਪੰਜਾਬ ਮੇਲ)**- ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਕਾਰੋਬਾਰੀਆਂ ਨੂੰ ਆਉਂਦੀਆਂ ਫਿਰੌਤੀ ਕਾਲਾਂ ਅਤੇ ਕਈਆਂ ਦੇ ਘਰਾਂ ਤੇ ਕਾਰੋਬਾਰੀ ਸਥਾਨਾਂ ਸਾਹਮਣੇ ਚੱਲਦੀਆਂ ਗੋਲੀਆਂ ਲਈ ਉਨ੍ਹਾਂ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਬੀ.ਸੀ. ਟਰੱਕਿੰਗ ਐਸੋਸੀਏਸ਼ਨ ਵੱਲੋਂ ਕੀਤੇ ਗਏ ਇਕੱਠ ਵਿਚ ਹਰ ਵਰਗ ਦੇ ਕਾਰੋਬਾਰੀ ਸ਼ਾਮਲ ਹੋਏ। ਇਸ ਦੌਰਾਨ ਕਈ ਕਾਰੋਬਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਕੈਨੇਡਾ ਬਾਰੇ ਵੇਖੇ ਸੁਫ਼ਨੇ ਚਕਨਾਚੂਰ ਹੋ ਗਏ ਹਨ। ਕੁਝ ਨੇ ਸਪੱਸ਼ਟ ਕਿਹਾ ਕਿ ਉਹ ਕਿਸੇ ਹੋਰ ਦੇਸ਼ ਜਾਣ ਦੀ ਵਿਉਂਤਬੰਦੀ ਕਰ ਰਹੇ ਹਨ।

ਸਰੀ ਤੋਂ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਤੇ ਰਣਦੀਪ ਸਰਾਏ ਨੇ ਇਸ ਨੂੰ ਵਿਦੇਸ਼ੀ ਤਾਕਤਾਂ ਵੱਲੋਂ ਕੈਨੇਡਾ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਗਰਦਾਨਿਆ ਤੇ ਇਸ ਤੋਂ ਚੌਕਸ ਰਹਿਣ ਲਈ ਕਿਹਾ। ਉੱਥੇ ਮੌਜੂਦ ਵੈਦਿਕ ਹਿੰਦੂ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਨੇ ਤੁਰੰਤ ਇਸ ਦੋਸ਼ ਨੂੰ ਖਾਰਜ ਕਰਦਿਆਂ ਆਗੂਆਂ 'ਤੇ ਜ਼ਿੰਮੇਵਾਰੀ ਤੋਂ ਭੱਜਣ ਦਾ ਦੋਸ਼ ਲਾਇਆ। ਟੋਰੀ ਪਾਰਟੀ ਦੇ ਸੰਸਦ ਮੈਂਬਰ ਟਿਮ ਉੱਪਲ ਨੇ ਕਿਹਾ ਕਿ ਫਿਰੌਤੀ ਰੁਝਾਨ ਤੋਂ ਫਿਕਰਮੰਦ ਉਨ੍ਹਾਂ ਦੀ ਪਾਰਟੀ ਨੇ ਪਿਛਲੇ ਦਿਨੀਂ ਸੰਸਦ ਵਿਚ ਸਖ਼ਤ ਸਜ਼ਾ ਦਾ ਮਤਾ ਪੇਸ਼ ਕੀਤਾ ਸੀ, ਜਿਸ ਨੂੰ ਪਾਸ ਨਾ ਹੋਣ ਦੇਣਾ ਸਰਕਾਰੀ ਬਦਨੀਅਤੀ ਦਾ ਸਬੂਤ ਹੈ। ਟੋਰੀ ਆਗੂ ਜੈਸੀ ਸਹੋਤਾ ਨੇ ਕਿਹਾ ਕਿ ਭਾਰਤ ਦੇ ਵੱਡੇ ਗੈਂਗਸਟਰਾਂ ਵੱਲੋਂ ਕੈਨੇਡਾ ਨੂੰ ਪਨਾਹਗਾਹ ਬਣਾਉਣਾ ਮੰਦਭਾਗਾ ਹੈ, ਜਿਸ ਕਾਰਨ ਸਮੁੱਚਾ ਪੰਜਾਬੀ ਭਾਈਚਾਰਾ ਮਜ਼ਾਕ ਦਾ ਪਾਤਰ ਬਣਨ ਲੱਗਾ ਹੈ।

# ਨਿਗਮ ਚੋਣਾਂ ਦੀ ਆਹਟ ਨਾਲ ਆਗੂਆਂ ਵੱਲੋਂ ਸਿਆਸੀ ਸਰਗਰਮੀਆਂ ਤੇਜ਼

**ਜਲੰਧਰ, (ਪੰਜਾਬ ਮੇਲ)**- ਲੋਕ ਸਭਾ ਅਤੇ ਵਿਧਾਨ ਸਭਾ ਦੀ ਜ਼ਿਮਨੀ ਚੋਣ ਖ਼ਤਮ ਹੁੰਦੇ ਹੀ ਨਿਗਮ ਚੋਣਾਂ ਦੀ ਆਹਟ ਨਾਲ ਮਹਾਨਗਰ ਵਿਚ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਸਾਰੀਆਂ ਪਾਰਟੀਆਂ ਦੇ ਸੀਨੀਅਰ ਆਗੂ ਵਾਰਡ ਪੱਧਰ 'ਤੇ ਕੰਮ ਕਰਨ ਵਾਲੇ ਆਗੂਆਂ ਅਤੇ ਵਰਕਰਾਂ ਨੂੰ ਚੋਣ ਮੈਦਾਨ ਵਿਚ ਉਤਾਰਨ ਲਈ ਤਿਆਰੀਆਂ ਕਰ ਰਹੇ ਹਨ।

ਮਹਾਨਗਰ ਵਿਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਆਗੂ ਅਤੇ ਵਰਕਰ ਨਿਗਮ ਚੋਣਾਂ ਲਈ ਜੋਸ਼ ਵਿਚ ਵਿਖਾਈ ਦੇ ਰਹੇ ਹਨ, ਜਦਕਿ ਭਾਜਪਾ ਇਕ ਵਾਰ ਫਿਰ ਫੂਕ-ਫੂਕ ਕੇ ਪੈਰ ਰੱਖਣ ਦੀ ਸਥਿਤੀ ਵਿਚ ਨਜ਼ਰ ਆ ਰਹੀ ਹੈ। ਸੀਨੀਅਰ ਲੀਡਰਸ਼ਿਪ ਅਨੁਸਾਰ ਭਾਜਪਾ ਦੇ ਵਰਕਰ ਅਤੇ ਆਗੂ ਨਿਗਮ ਚੋਣਾਂ ਦੌਰਾਨ ਜੋਸ਼ ਦੇ ਨਾਲ ਹੋਸ਼ ਵਿਚ ਰਹਿ ਕੇ ਚੋਣ ਮੈਦਾਨ ਵਿਚ ਉਤਰਨ ਦੀ ਤਿਆਰੀ ਕਰ ਰਹੇ ਹਨ। ਨਿਗਮ ਚੋਣਾਂ ਵਿਚ ਵਾਰਡ ਪੱਧਰ 'ਤੇ ਅਜਿਹੇ ਕਾਰਨ ਹਨ, ਜੋ ਵਿਰੋਧੀ ਧਿਰ ਲਈ ਮੁੱਦਾ ਬਣ ਸਕਦੇ ਹਨ। ਸੱਤਾਧਾਰੀ ਆਮ ਆਦਮੀ ਪਾਰਟੀ ਕੋਲ ਅਜੇ ਸਮਾਂ ਹੈ ਕਿ ਉਹ ਵਾਰਡ ਪੱਧਰ 'ਤੇ ਰੁਕੇ ਹੋਏ ਵਿਕਾਸ ਕਾਰਜ ਕਰਵਾ ਕੇ ਲੋਕਾਂ ਨੂੰ ਰਾਹਤ ਦੇ ਸਕਦੀ ਹੈ। ਕਈ ਇਲਾਕਿਆਂ ਵਿਚ




ਚੋਣ ਵਾਅਦੇ ਅੱਜ ਵੀ ਸਿਸਟਮ ਨੂੰ ਠੇਂਗਾ ਵਿਖਾ ਰਹੇ ਹਨ।

ਕੇਂਦਰੀ ਅਤੇ ਪੱਛਮੀ ਹਲਕਿਆਂ ਦੇ ਕਈ ਵਾਰਡਾਂ ਵਿਚ ਕਿਤੇ ਸੀਵਰੇਜ ਦੀ ਅਤੇ ਕਿਤੇ ਪਾਣੀ ਦੀ ਸਮੱਸਿਆ ਹੈ। ਲੋਕ ਟੁੱਟੀਆਂ ਸੜਕਾਂ ਤੋਂ ਪ੍ਰੇਸ਼ਾਨ ਹਨ। ਸਟਰੀਟ ਲਾਈਟਾਂ ਦੀ ਸਮੱਸਿਆ ਕਈ ਵਾਰਡਾਂ ਵਿਚ ਲਗਭਗ ਆਮ ਹੈ। ਪੱਛਮੀ ਹਲਕੇ ਵਿਚ ਬਣੇ ਕਈ ਪਾਰਕਾਂ ਦੀ ਹਾਲਤ ਤਰਸਯੋਗ ਹੈ ਪਰ ਪਿਛਲੇ ਸਾਲ ਤੋਂ ਲੋਕਾਂ ਨੂੰ ਜ਼ਿਆਦਾ ਸਮੱਸਿਆਵਾਂ ਵੇਖਣ ਨੂੰ ਮਿਲ ਰਹੀਆਂ ਹਨ ਅਤੇ ਇਹ ਕੁਝ ਅਜਿਹੀਆਂ ਸਮੱਸਿਆਵਾਂ ਨਹੀਂ ਹਨ, ਜਿਨ੍ਹਾਂ ਨੂੰ ਸੱਤਾਧਾਰੀ ਪਾਰਟੀ ਜਾਂ ਵਿਰੋਧੀ ਧਿਰ ਠੀਕ ਨਹੀਂ ਕਰਵਾ ਸਕਦੇ। ਬਜਾਏ ਨਵੇਂ ਚੋਣ ਵਾਅਦਿਆਂ ਅਤੇ ਕੰਮਾਂ ਦੇ, ਜੇਕਰ ਕੋਈ ਸਿਆਸੀ ਪਾਰਟੀ ਮੌਜੂਦਾ ਸਮੱਸਿਆਵਾਂ ਦਾ ਹੱਲ ਕਰਕੇ ਮੈਦਾਨ ਵਿਚ ਉਤਰੇਗੀ ਤਾਂ ਯਕੀਨੀ ਤੌਰ 'ਤੇ ਚੋਣ ਨਤੀਜਿਆਂ 'ਤੇ ਆਪਣੀ ਹਾਂ-ਪੱਖੀ ਛਾਪ ਛੱਡੇਗੀ।

# ਪੰਚਾਇਤੀ ਚੋਣਾਂ 'ਚ ਯੋਗ ਨੁਮਾਇੰਦੇ ਲਿਆਉਣ ਲਈ ਕੱਢਿਆ ਜਾਵੇਗਾ 'ਲੋਕ ਚੇਤਨਾ ਮਾਰਚ'

**ਚੰਡੀਗੜ੍ਹ, (ਪੰਜਾਬ ਮੇਲ)**- 2 ਸਤੰਬਰ ਤੋਂ 30 ਸਤੰਬਰ ਤੱਕ ਪਿੰਡ ਚੱਪੜਚਿੜੀ ਤੋਂ ਸਰਾਭਾ ਤੱਕ ਪੰਚਾਇਤੀ ਚੋਣਾਂ 'ਚ ਯੋਗ ਨੁਮਾਇੰਦਿਆਂ ਨੂੰ ਲਿਆਉਣ ਲਈ 'ਲੋਕ ਚੇਤਨਾ ਮਾਰਚ' ਕੀਤਾ ਜਾਵੇਗਾ। ਇਹ ਐਲਾਨ 'ਪਿੰਡ ਬਚਾਓ, ਪੰਜਾਬ ਬਚਾਓ' ਦੇ ਆਗੂ ਸਾਬਕਾ ਜੱਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਗਿਆਨੀ ਕੇਵਲ ਸਿੰਘ ਨੇ ਚੰਡੀਗੜ੍ਹ 'ਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਬੇਸ਼ੱਕ ਸਾਡਾ ਦੇਸ਼ ਲੋਕ ਰਾਜ ਹੈ ਪਰ ਗ੍ਰਾਮ ਸਭਾ ਤੋਂ ਲੋਕ ਸਭਾ ਤੱਕ ਰਾਜਨੀਤੀ ਗੰਧਲੀ ਹੋ ਚੁੱਕੀ ਹੈ। ਇਸ 'ਚ ਸੁਧਾਰ ਲੋਕਾਂ ਦੀ ਚੇਤਨਾ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਜ਼ਿਲ੍ਹੇ 'ਚ ਸਮਾਗਮ ਕੀਤਾ ਜਾਵੇਗਾ, ਜਿਸ 'ਚ ਪੰਚਾਇਤਾਂ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਬਿਨਾਂ ਨਸ਼ੇ ਤੋਂ ਸਰਵਸੰਮਤੀ ਨਾਲ ਲੋਕਾਂ ਨੂੰ ਉਹ ਉਮੀਦਵਾਰ ਚੁਣਨ ਦਾ ਸੱਦਾ ਦਿੱਤਾ ਜਾਵੇਗਾ, ਜੋ ਕਿਸੇ ਧੜੇ ਜਾਂ ਪਾਰਟੀ ਦੇ ਨਾ ਹੋਣ। ਇਸ ਮੌਕੇ ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਪਾਟੋਧਾੜ ਹੋਏ ਪਿੰਡਾਂ 'ਚ ਮੁੜ ਭਾਈਚਾਰਕ ਸਾਂਝ ਬਣਾਉਣ ਲਈ ਪੰਚਾਇਤੀ ਸੰਸਥਾਵਾਂ 'ਚ ਸਾਫ਼-ਸੁਥਰੇ ਅਕਸ ਵਾਲੇ ਵਿਅਕਤੀਆਂ ਨੂੰ ਚੋਣਾਂ 'ਚ ਜਿਤਾਇਆ ਜਾਵੇ, ਜੋ ਗ੍ਰਾਮ ਸਭਾ ਰਾਹੀਂ ਲੋਕਾਂ ਦੀ ਸਲਾਹ ਨਾਲ ਬਿਨਾਂ ਕਿਸੇ ਦਬਾਅ ਤੋਂ ਆਜ਼ਾਦ ਤੌਰ 'ਤੇ ਕੰਮ ਕਰਨ। ਕੇਂਦਰੀ ਸਿੰਘ ਸਭਾ ਦੇ ਆਗੂ ਡਾ. ਖ਼ੁਸ਼ਹਾਲ ਸਿੰਘ ਨੇ ਕਿਹਾ ਕਿ ਵੱਖ-ਵੱਖ ਪਾਰਟੀਆਂ ਆਪਣਾ ਧੜਾ ਮਜ਼ਬੂਤ ਕਰਨ ਲਈ ਚੋਣਾਂ ਲੜਦੀਆਂ ਹਨ ਪਰ ਉਹ ਖ਼ੁਦ ਲੋਕਾਂ ਨੂੰ ਅਧਿਕਾਰ ਦੇਣ ਦੇ ਵਿਰੋਧੀ ਹਨ। ਇਸੇ ਲਈ 30 ਸਾਲਾਂ ਤੋਂ ਪੰਚਾਇਤੀ ਸੰਸਥਾਵਾਂ ਨੂੰ ਮਿਲੇ ਵਿੱਤੀ ਤੇ ਪ੍ਰਸ਼ਾਸਨਿਕ ਅਧਿਕਾਰ ਨਹੀਂ ਦਿੱਤੇ ਜਾ ਰਹੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




# 13 ਵਿਧਾਨ ਸਭਾ ਸੀਟਾਂ ਦੇ ਨਤੀਜਿਆਂ 'ਚ ਭਾਜਪਾ ਤੇ ਸਹਿਯੋਗੀਆਂ ਦਾ ਵੋਟ ਸ਼ੇਅਰ ਘਟਿਆ

**ਜਲੰਧਰ, (ਪੰਜਾਬ ਮੇਲ)**-13 ਜੁਲਾਈ ਨੂੰ ਐਲਾਨੇ ਗਏ 13 ਵਿਧਾਨ ਸਭਾ ਹਲਕਿਆਂ ਦੇ ਨਤੀਜਿਆਂ 'ਚ 'ਇੰਡੀਆ ਗੱਠਜੋੜ'ਨੇ 10 ਸੀਟਾਂ ਜਿੱਤੀਆਂ ਹਨ, ਜਦਕਿ ਐੱਨ.ਡੀ.ਏ. ਨੂੰ ਸਿਰਫ਼ 2 ਹੀ ਸੀਟਾਂ ਮਿਲੀਆਂ। ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ 'ਚ 2-2 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ। ਤ੍ਰਿਣਮੂਲ ਕਾਂਗਰਸ ਨੇ ਪੱਛਮੀ ਬੰਗਾਲ ਦੀਆਂ ਸਾਰੀਆਂ 4 ਸੀਟਾਂ ਜਿੱਤੀਆਂ ਹਨ। ਦ੍ਰਵਿੜ ਮੁਨੇਤਰ ਕੜਗਮ ਨੇ ਤਾਮਿਲਨਾਡੂ 'ਚ 1 ਸੀਟ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਨੇ 1 ਸੀਟ ਜਿੱਤੀ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ ਨੇ ਸਿਰਫ 2 ਸੀਟਾਂ ਜਿੱਤੀਆਂ- 1 ਮੱਧ ਪ੍ਰਦੇਸ਼ ਅਤੇ 1 ਹਿਮਾਚਲ ਪ੍ਰਦੇਸ਼ 'ਚ। ਬਿਹਾਰ ਦੀ ਇਕੋ-ਇਕ ਸੀਟ ਆਜ਼ਾਦ ਉਮੀਦਵਾਰ ਨੇ ਜਿੱਤੀ। ਲੋਕ ਸਭਾ ਚੋਣਾਂ 'ਚ ਭਾਜਪਾ ਨੂੰ 13 'ਚੋਂ 11 ਵਿਧਾਨ ਸਭਾ ਹਲਕਿਆਂ 'ਚ ਲਗਭਗ 50 ਫ਼ੀਸਦੀ ਵੋਟਾਂ

■ 'ਇੰਡੀਆ ਗਠਜੋੜ' ਨੂੰ ਫਾਇਦਾ



ਮਿਲੀਆਂ ਸਨ। ਜ਼ਿਮਨੀ ਚੋਣਾਂ 'ਚ ਇਹ 35 ਫ਼ੀਸਦੀ ਤੋਂ ਘੱਟ ਹਨ। ਉੱਤਰਾਖੰਡ ਦੇ ਮੰਗਲੌਰ 'ਚ ਭਾਜਪਾ ਕਾਂਗਰਸ ਤੋਂ ਥੋੜ੍ਹੇ ਫਰਕ ਨਾਲ ਹਾਰ ਗਈ। ਲੋਕ ਸਭਾ ਚੋਣਾਂ ਦੇ ਮੁਕਾਬਲੇ ਸਾਰੀਆਂ ਜ਼ਿਮਨੀ ਚੋਣਾਂ ਦੀਆਂ ਸੀਟਾਂ 'ਤੇ ਭਾਜਪਾ ਦਾ ਵੋਟ ਸ਼ੇਅਰ ਘਟਿਆ ਹੈ। ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਅਤੇ ਮੱਧ ਪ੍ਰਦੇਸ਼ ਦੀ ਅਨੁਸੂਚਿਤ ਜਨਜਾਤੀ-ਰਾਖਵੀਂ ਸੀਟ ਅਮਰਵਾੜਾ 'ਚ ਲੋਕ ਸਭਾ ਚੋਣਾਂ ਦੇ ਮੁਕਾਬਲੇ ਭਾਜਪਾ ਦੇ ਵੋਟ ਸ਼ੇਅਰ 'ਚ ਕ੍ਰਮਵਾਰ 12.5 ਅਤੇ 3.1 ਫ਼ੀਸਦੀ ਦੀ ਕਮੀ ਆਈ ਹੈ।

ਇਥੋਂ ਤੱਕ ਕਿ ਜੇ ਲੋਕ ਸਭਾ ਚੋਣਾਂ ਦੇ ਕੁਝ ਹੀ ਹਫ਼ਤਿਆਂ 'ਚ ਪੱਛਮੀ ਬੰਗਾਲ ਦੀਆਂ 4 ਜ਼ਿਮਨੀ ਚੋਣਾਂ ਦੀਆਂ ਸੀਟਾਂ 'ਚ ਵੋਟ ਸ਼ੇਅਰ ਵਿਚ 20 ਅੰਕਾਂ ਦੀ ਗਿਰਾਵਟ ਨੂੰ ਤ੍ਰਿਣਮੂਲ ਦੀਆਂ ਵਧੀਕੀਆਂ ਦਾ ਕਾਰਨ ਮੰਨਿਆ ਜਾਂਦਾ ਹੈ, ਤਾਂ ਹਿਮਾਚਲ ਪ੍ਰਦੇਸ਼ ਦੀਆਂ 3 ਸੀਟਾਂ ਜਾਂ ਪੰਜਾਬ ਦੇ ਜਲੰਧਰ ਪੱਛਮੀ (ਅਨੁਸੂਚਿਤ ਜਾਤੀ) ਸੀਟ 'ਚ ਭਾਜਪਾ ਦੇ ਵੋਟ ਸ਼ੇਅਰ 'ਚ ਔਸਤਨ 20 ਫ਼ੀਸਦੀ ਦੀ ਗਿਰਾਵਟ ਨੂੰ ਕੀ ਸਮਝਿਆ ਜਾ ਸਕਦਾ ਹੈ?

ਦੂਜੇ ਪਾਸੇ, ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਨੇ 7 ਜ਼ਿਮਨੀ ਚੋਣਾਂ ਦੀਆਂ ਸੀਟਾਂ 'ਚੋਂ 5 'ਚ ਆਪਣਾ ਵੋਟ ਸ਼ੇਅਰ ਵਧਾਇਆ ਹੈ। ਭਾਜਪਾ ਦੇ ਸਹਿਯੋਗੀ ਵੀ ਵਧੀਆ ਪ੍ਰਦਰਸ਼ਨ ਨਹੀਂ ਕਰ ਸਕੇ। ਬਿਹਾਰ ਦੇ ਰੂਪੌਲੀ 'ਚ ਜਨਤਾ ਦਲ (ਯੂਨਾਈਟਿਡ) ਦੇ ਵੋਟ ਸ਼ੇਅਰ 'ਚ ਕਮੀ ਆਈ ਹੈ। ਜਦਕਿ ਤਾਮਿਲਨਾਡੂ ਦੇ ਵਿਕਰਾਵੰਡੀ 'ਚ ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ ਦੀ ਗੈਰ-ਮੌਜੂਦਗੀ 'ਚ ਪੱਟਾਲੀ ਮੱਕਲ ਕੱਚੀ ਦਾ ਸੁਧਾਰ ਡੀ.ਐੱਮ.ਕੇ. ਦੇ ਵੋਟ ਸ਼ੇਅਰ 'ਚ ਵਾਧੇ ਨਾਲੋਂ ਬਹੁਤ ਘੱਟ ਸੀ। ਲੋਕ ਸਭਾ ਨਤੀਜਿਆਂ ਤੋਂ ਬਾਅਦ ਲੋਕਾਂ ਦੇ ਮੂਡ 'ਚ ਬਦਲਾਅ ਦੀ ਦਿਸ਼ਾ ਸਪੱਸ਼ਟ ਹੈ।

## ਪੰਜਾਬ ਦੀਆਂ ਜੇਲ੍ਹਾਂ 'ਚ ਬੰਦ 48 ਨਾਗਰਿਕਾਂ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਰਿਹਾਅ ਨਾ ਕੀਤੇ ਜਾਣ 'ਤੇ ਹਾਈ ਕੋਰਟ ਵੱਲੋਂ ਜਵਾਬ ਤਲਬ

**ਚੰਡੀਗੜ੍ਹ, (ਪੰਜਾਬ ਮੇਲ)**- ਹਾਈ ਕੋਰਟ ਪੰਜਾਬ, ਹਰਿਆਣਾ ਤੇ ਯੂ.ਟੀ. ਚੰਡੀਗੜ੍ਹ ਦੀਆਂ ਜੇਲ੍ਹਾਂ 'ਚ ਬੰਦ ਵਿਦੇਸ਼ੀ ਨਾਗਰਿਕਾਂ ਦੀ ਦੁਰਦਸ਼ਾ 'ਤੇ ਆਪ ਨੋਟਿਸ ਲੈਂਦਿਆਂ ਸੁਣਵਾਈ ਕਰ ਰਿਹਾ ਹੈ। ਮੌਜੂਦਾ ਮਾਮਲੇ 'ਚ ਬੈਂਚ ਨੇ ਵਿਦੇਸ਼ ਮੰਤਰਾਲੇ ਦੇ ਸਕੱਤਰ ਰਾਹੀਂ ਕੇਂਦਰ ਸਰਕਾਰ ਨੂੰ ਵੀ ਧਿਰ ਬਣਾਇਆ ਹੈ। ਜਸਟਿਸ ਜੀ.ਐੱਸ. ਸੰਧਾਵਾਲੀਆ ਤੇ ਜਸਟਿਸ ਵਿਕਾਸ ਬਹਿਲ ਦੇ ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਹਲਫ਼ਨਾਮੇ 'ਤੇ ਕਿਹਾ ਕਿ ਸੂਚੀ ਤੋਂ ਪਤਾ ਲੱਗਦਾ ਹੈ ਕਿ ਕੁਝ ਮਾਮਲਿਆਂ 'ਚ ਸਾਲ 2008 'ਚ ਹੀ ਕੌਂਸਲਰ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ ਪਰ ਸਿਟੀਜ਼ਨਸ਼ਿਪ ਦੀ ਸਥਿਤੀ ਤਸਦੀਕ ਨਹੀਂ ਕੀਤੀ ਗਈ। ਜਿੱਥੇ ਸਿਟੀਜ਼ਨਸ਼ਿਪ ਤਸਦੀਕ ਕੀਤੀ ਗਈ ਹੈ, ਉੱਥੇ ਵੀ ਹਿਰਾਸਤ 'ਚ ਰਹਿਣ ਵਾਲੇ ਵਿਅਕਤੀਆਂ ਨੂੰ ਅਜੇ ਤੱਕ ਡਿਪੋਰਟ ਨਹੀਂ ਕੀਤਾ ਗਿਆ। ਬੈਂਚ ਨੇ ਕਿਹਾ ਕਿ ਸਬੰਧਤ ਅਧਿਕਾਰੀ ਨੂੰ ਕੋਰਟ 'ਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ, ਤਾਂ ਜੋ ਉਹ ਸਪੱਸ਼ਟ ਕਰ ਸਕੇ ਕਿ ਸਜ਼ਾ ਪੂਰੀ ਹੋਣ ਦੇ ਬਾਵਜੂਦ 48 ਲੋਕਾਂ ਨੂੰ ਹਿਰਾਸਤ 'ਚ ਕਿਉਂ ਰੱਖਿਆ ਜਾ ਰਿਹਾ ਹੈ।

# ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਹਾਈਕੋਰਟ 'ਚ ਦਿੱਤੀ ਚੁਣੌਤੀ

■ ਮੈਂਬਰਸ਼ਿਪ ਰੱਦ ਕਰਨ ਦੀ ਕੀਤੀ ਮੰਗ
■ 1975 'ਚ ਰੱਦ ਹੋਈ ਸੀ ਇੰਦਰਾ ਗਾਂਧੀ ਦੀ ਚੋਣ

**ਜਲੰਧਰ, (ਪੰਜਾਬ ਮੇਲ)**- ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਨੇ ਪੰਜਾਬ ਹਰਿਆਣਾ ਹਾਈਕੋਰਟ 'ਚ ਚੁਣੌਤੀ ਦਿੱਤੀ ਹੈ। ਵਿਕਰਮਜੀਤ ਸਿੰਘ ਨੇ ਆਪਣੀ ਪਟੀਸ਼ਨ 5 ਗੱਲਾਂ 'ਤੇ ਆਧਾਰਿਤ ਕੀਤੀ ਹੈ। ਵਿਕਰਮਜੀਤ ਸਿੰਘ ਵੱਲੋਂ ਦੋਸ਼ ਲਗਾਇਆ ਗਿਆ ਹੈ ਕਿ ਵਾਰਿਸ ਪੰਜਾਬ ਜਥੇਬੰਦੀ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਆਜ਼ਾਦ ਚੋਣ ਜਿੱਤੇ ਅੰਮ੍ਰਿਤਪਾਲ ਸਿੰਘ ਦੇ ਨਾਮਜ਼ਦਗੀ ਦਸਤਾਵੇਜ਼ਾਂ ਵਿਚ ਕਈ ਜਾਣਕਾਰੀਆਂ ਛੁਪਾਈਆਂ ਗਈਆਂ ਹਨ।



ਵਿਕਰਮਜੀਤ ਸਿੰਘ ਨੇ ਦਾਅਵਾ ਕੀਤਾ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਪੱਤਰ ਅਧੂਰਾ ਹੈ। ਫੰਡਾਂ, ਦਾਨ ਅਤੇ ਖ਼ਰਚੇ ਬਾਰੇ ਜਾਣਕਾਰੀ ਛੁਪੀ ਹੋਈ ਸੀ। ਵੋਟਾਂ ਮੰਗਣ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਕੀਤੀ ਗਈ। ਬਿਨਾਂ ਪ੍ਰਵਾਨਗੀ ਤੋਂ ਚੋਣ ਪ੍ਰਚਾਰ ਸਮੱਗਰੀ ਛਾਪੀ ਗਈ। ਚੋਣ ਕਮਿਸ਼ਨ ਦੀ ਇਜਾਜ਼ਤ ਲਏ ਬਿਨਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ ਗਿਆ। ਅਜਿਹੇ 'ਚ ਵਿਕਰਮਜੀਤ ਸਿੰਘ ਨੇ ਚੋਣ ਕਮਿਸ਼ਨ ਨੂੰ ਵੀ ਪਾਰਟੀ ਬਣਾਇਆ ਹੈ। ਪਟੀਸ਼ਨ 'ਤੇ ਸੁਣਵਾਈ 6 ਅਗਸਤ ਤੋਂ ਸ਼ੁਰੂ ਹੋਵੇਗੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ, ਪੰਜਾਬ ਚੋਣ ਕਮਿਸ਼ਨ ਦੇ ਚੋਣ ਖ਼ਰਚਾ ਅਫ਼ਸਰ, ਮੁੱਖ ਚੋਣ ਅਫ਼ਸਰ, ਖਡੂਰ ਸਾਹਿਬ ਲੋਕ ਸਭਾ ਖੇਤਰ ਦੇ ਰਿਟਰਨਿੰਗ ਅਫ਼ਸਰ ਨੂੰ ਪਾਰਟੀ ਬਣਾਇਆ ਗਿਆ ਹੈ।

ਲੋਕ ਪ੍ਰਤੀਨਿਧੀ ਕਾਨੂੰਨ ਤਹਿਤ ਲੋਕ ਸਭਾ ਚੋਣਾਂ ਤੋਂ ਬਾਅਦ 45 ਦਿਨਾਂ ਦੇ ਅੰਦਰ ਲੋਕ ਨੁਮਾਇੰਦੇ ਦੀ ਚੋਣ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਇਹ ਪਟੀਸ਼ਨ 1975 ਦੀ ਘਟਨਾ ਰਾਹੀਂ ਯਾਦ ਕੀਤੀ ਜਾਂਦੀ ਹੈ। 1971 ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਯੂ.ਪੀ. ਦੀ ਰਾਏਬਰੇਲੀ ਸੀਟ ਤੋਂ ਸੰਸਦ ਮੈਂਬਰ ਚੁਣੀ ਗਈ ਸੀ। ਫਿਰ ਰਾਜਨਰਾਇਣ ਸਿੰਘ ਨੇ ਉਨ੍ਹਾਂ ਦੀ ਚੋਣ ਨੂੰ ਚੁਣੌਤੀ ਦਿੱਤੀ। ਇਲਾਹਾਬਾਦ ਹਾਈਕੋਰਟ ਨੇ ਆਪਣੇ ਫ਼ੈਸਲੇ ਵਿਚ ਇੰਦਰਾ ਗਾਂਧੀ ਦੀ ਚੋਣ ਰੱਦ ਕਰ ਦਿੱਤੀ ਸੀ।

# ਅਕਾਲ ਤਖ਼ਤ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਸੁਖਬੀਰ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਭੰਗ

**ਚੰਡੀਗੜ੍ਹ, (ਪੰਜਾਬ ਮੇਲ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੀਨੀਅਰ ਲੀਡਰਸ਼ਿਪ ਨਾਲ ਮੀਟਿੰਗ ਦੌਰਾਨ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਹੈ। ਪਾਰਟੀ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਤੋਂ ਪਹਿਲਾਂ ਕੋਰ ਕਮੇਟੀ ਭੰਗ ਕੀਤੀ ਹੈ। ਹਾਲਾਂਕਿ ਪਾਰਟੀ ਦੀ ਵਰਕਿੰਗ ਕਮੇਟੀ ਨੇ ਪਿਛਲੇ ਦਿਨੀਂ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਦੇ ਅਧਿਕਾਰ ਦੇ ਦਿੱਤੇ ਸਨ।

ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਇਕਬਾਲ ਸਿੰਘ ਝੂੰਦਾ, ਪਰਮਜੀਤ ਸਿੰਘ ਸਰਨਾ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਲ ਹੋਏ। ਮੀਟਿੰਗ ਮਗਰੋਂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਹਿਲੇ ਗੇੜ ਵਿਚ ਪਾਰਟੀ ਦੀ ਮੌਜੂਦਾ ਕੋਰ ਕਮੇਟੀ ਨੂੰ ਭੰਗ ਕੀਤਾ ਗਿਆ ਹੈ। ਡਾ. ਚੀਮਾ ਨੇ ਦੱਸਿਆ ਕਿ ਪਿਛਲੇ ਦਿਨਾਂ ਵਿਚ ਵਰਕਿੰਗ ਕਮੇਟੀ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਦੇ ਅਧਿਕਾਰ ਪਾਰਟੀ ਪ੍ਰਧਾਨ ਬਾਦਲ ਨੂੰ ਦਿੱਤੇ ਸਨ, ਜਿਨ੍ਹਾਂ ਦੀ ਵਰਤੋਂ ਕਰਦਿਆਂ ਪਾਰਟੀ ਪ੍ਰਧਾਨ ਨੇ ਕੋਰ ਕਮੇਟੀ ਭੰਗ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com







# ਸਿੱਧੂ ਮੂਸੇਵਾਲਾ ਕਤਲਕਾਂਡ: ਹਾਈ ਕੋਰਟ ਵੱਲੋਂ ਪੁਲਿਸ ਅਧਿਕਾਰੀ ਦੀ ਜ਼ਮਾਨਤ ਪਟੀਸ਼ਨ ਰੱਦ

ਚੰਡੀਗੜ੍ਹ/ਮਾਨਸਾ, (ਪੰਜਾਬ ਮੇਲ)- ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਇਕ ਦੋਸ਼ੀ ਨੂੰ ਭੱਜਣ ਵਿਚ ਮਦਦ ਕਰਨ ਵਾਲੇ ਸਬ-ਇੰਸਪੈਕਟਰ ਪ੍ਰਿਤਪਾਲ ਸਿੰਘ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ। ਜਸਟਿਸ ਹਰਸਿਮਰਨ ਸਿੰਘ ਸੇਠੀ ਨੇ ਕਿਹਾ ਕਿ 'ਪਟੀਸ਼ਨਕਰਤਾ ਦਾ ਕੰਮ ਕਾਨੂੰਨ ਵਿਵਸਥਾ ਨੂੰ ਸ਼ਰਾਰਤੀ ਅਨਸਰਾਂ ਦੇ ਹੱਥਾਂ ਤੋਂ ਬਚਾਉਣਾ ਹੈ, ਜਦਕਿ ਪਟੀਸ਼ਨਕਰਤਾ ਨੇ ਪੁਲਿਸ ਵਿਭਾਗ 'ਚ ਕੰਮ ਕਰਨ ਦੇ ਬਾਵਜੂਦ ਨਾ ਸਿਰਫ਼ ਵਿਭਾਗ ਨੂੰ ਬਦਨਾਮ ਕੀਤਾ ਹੈ, ਸਗੋਂ ਲੋਕਾਂ ਦੇ ਹਿੱਤਾਂ ਦੇ ਖ਼ਿਲਾਫ਼ ਵੀ ਕੰਮ ਕੀਤਾ ਹੈ। ਜਿਸ ਨਾਲ ਪੁਲਿਸ ਦਾ ਅਕਸ ਖ਼ਰਾਬ ਹੋਇਆ ਹੈ। ਅਦਾਲਤ ਨੇ ਕਿਹਾ ਕਿ ਇਹ ਇਕ ਪ੍ਰਵਾਨਤ ਤੱਥ ਹੈ ਕਿ ਰਿਕਾਰਡ 'ਤੇ ਮੌਜੂਦ ਸੀ.ਸੀ.ਟੀ.ਵੀ. ਫੁਟੇਜ ਵਿਚ ਪਟੀਸ਼ਨਕਰਤਾ ਨੂੰ ਗੈਂਗਸਟਰ ਨੂੰ ਪੁਲਿਸ ਸਟੇਸ਼ਨ ਤੋਂ ਆਪਣੀ ਨਿੱਜੀ ਕਾਰ ਵਿਚ ਆਪਣੇ ਰਿਹਾਇਸ਼ੀ ਕੁਆਰਟਰਾਂ ਵਿਚ ਲਿਜਾਂਦਾ ਦਿਖਾਈ ਦੇ ਰਿਹਾ ਹੈ ਅਤੇ ਉਹ ਵੀ ਬਿਨਾਂ ਕਿਸੇ ਅਧਿਕਾਰ ਖੇਤਰ ਦੇ, ਜਿੱਥੋਂ ਉਕਤ ਵਿਚਾਰਅਧੀਨ ਗੈਂਗਸਟਰ ਨੂੰ ਪੁਲਿਸ ਹਿਰਾਸਤ ਵਿਚੋਂ ਭੱਜਣ ਦਿੱਤਾ ਗਿਆ।

ਜਸਟਿਸ ਸੇਠੀ ਨੇ ਕਿਹਾ ਕਿ ਪਟੀਸ਼ਨਰ ਦਾ ਕੰਮ ਪੁਲਿਸ ਸਟੇਸ਼ਨ 'ਚ ਵਿਚਾਰ ਅਧੀਨ ਗੈਂਗਸਟਰ ਤੋਂ ਪੁੱਛਗਿੱਛ ਕਰਨਾ ਸੀ, ਤਾਂ ਕਿ

**ਕਤਲਕਾਂਡ ਦੇ ਦੋਸ਼ੀ ਨੂੰ ਭੱਜਣ 'ਚ ਮਦਦ ਕਰਨ ਦਾ ਸੀ ਦੋਸ਼**



ਉਕਤ ਵਿਚਾਰਅਧੀਨ ਗੈਂਗਸਟਰ ਦੇ ਖ਼ਿਲਾਫ਼ ਲਗਾਏ ਜਾ ਰਹੇ ਦੋਸ਼ਾਂ ਦੇ ਪਿੱਛੇ ਦੀ ਸੱਚਾਈ ਦਾ ਪਤਾ ਲਗਾਇਆ ਜਾ ਸਕੇ। ਪਰ ਵਿਚਾਰ ਅਧੀਨ ਗੈਂਗਸਟਰ ਨੂੰ ਪੁਲਿਸ ਹਿਰਾਸਤ ਤੋਂ ਭੱਜਣ ਦਿੱਤਾ ਗਿਆ, ਜਿਸ ਵਿਚ ਪਟੀਸ਼ਨਕਰਤਾ ਪੁਲਿਸ ਅਧਿਕਾਰੀ ਨੇ ਉਸ ਦੀ ਮਦਦ ਕੀਤੀ ਸੀ। ਜ਼ਮਾਨਤ ਦਾ ਵਿਰੋਧ ਕਰਦੇ ਹੋਏ ਪੰਜਾਬ ਸਰਕਾਰ ਦੇ ਵਕੀਲ ਨੇ ਦਲੀਲ ਦਿੱਤੀ ਕਿ ਪਟੀਸ਼ਨਰ ਇਕ ਪੁਲਿਸ ਅਧਿਕਾਰੀ ਸੀ, ਜਿਸ ਨੂੰ ਪੁੱਛਗਿੱਛ ਲਈ ਇਕ ਵਿਚਾਰ ਅਧੀਨ ਗੈਂਗਸਟਰ ਦੀ ਹਿਰਾਸਤ ਸੌਂਪੀ ਗਈ ਸੀ, ਪਰ ਪਟੀਸ਼ਨਰ ਨੇ ਦੀਪਕ ਉਰਫ਼ ਟੀਨੂੰ ਨਾਮਕ ਗੈਂਗਸਟਰ ਨੂੰ ਭੱਜਣ ਵਿਚ ਮਦਦ ਕੀਤੀ।

ਦਲੀਲਾਂ ਸੁਣਨ ਅਤੇ ਰਿਕਾਰਡ ਦੀ ਜਾਂਚ ਕਰਨ ਤੋਂ ਬਾਅਦ, ਅਦਾਲਤ ਨੇ ਕਿਹਾ ਕਿ ਪਟੀਸ਼ਨਰ ਨੂੰ ਸਬੰਧਤ ਸਮੇਂ 'ਤੇ ਕਾਨੂੰਨ ਦਾ ਰੱਖਿਅਕ ਹੋਣ ਦੇ ਨਾਤੇ, ਕਥਿਤ ਜੁਰਮ ਦੀ ਜਾਂਚ ਕਰਨ ਲਈ ਵਿਚਾਰ ਅਧੀਨ ਗੈਂਗਸਟਰ ਦੀ ਹਿਰਾਸਤ ਨੂੰ ਸੌਂਪੀ ਗਈ ਸੀ, ਤਾਂ ਜੋ ਦੋਸ਼ੀਆਂ 'ਤੇ ਅਦਾਲਤ ਵਿਚ ਲੋੜੀਂਦੇ ਢੰਗ ਨਾਲ ਮੁਕੱਦਮਾ ਚਲਾਇਆ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਜਿਸ ਵਿਅਕਤੀ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਅਣਅਧਿਕਾਰਤ ਹਥਿਆਰਾਂ ਦੀ ਵਰਤੋਂ ਨਾ ਕਰੇ ਜਾਂ ਨਾ ਰੱਖੇ, ਉਹ ਆਪਣੇ ਕੁਆਰਟਰਾਂ ਵਿਚ ਗੈਰ-ਕਾਨੂੰਨੀ ਹਥਿਆਰ ਰੱਖਦਾ ਸੀ, ਜਿਸ ਨੂੰ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੀ ਨਿਸ਼ਾਨਦੇਹੀ 'ਤੇ ਬਰਾਮਦ ਕੀਤੇ ਗਏ ਹਨ। ਜਸਟਿਸ ਨੇ ਕਿਹਾ ਕਿ ਇਹ ਤੱਥ ਦਰਸਾਉਂਦਾ ਹੈ ਕਿ ਪਟੀਸ਼ਨਰ ਕਿਸ ਤਰ੍ਹਾਂ ਦਾ ਵਿਅਕਤੀ ਹੈ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਵਿਗਾੜ ਰਹੇ ਵਿਅਕਤੀਆਂ ਦੇ ਨਾਲ ਕਿਸ ਤਰ੍ਹਾਂ ਦੇ ਸਬੰਧ ਹਨ। ਜਸਟਿਸ ਸੇਠੀ ਨੇ ਕਿਹਾ ਕਿ ਜੇਕਰ ਪਟੀਸ਼ਨਰ ਇਕ ਸਾਧਾਰਨ ਵਿਚਾਰ ਅਧੀਨ ਮੁਲਜ਼ਮ ਹੁੰਦਾ ਤਾਂ ਜ਼ਮਾਨਤ ਦੇਣ ਦਾ ਵਿਚਾਰ ਅਲੱਗ ਹੁੰਦਾ, ਪਰ ਕਾਨੂੰਨ ਦੇ ਰਾਖੇ ਨੂੰ ਜ਼ਮਾਨਤ ਦੇਣ ਬਾਰੇ ਵਿਚਾਰ ਕਰਨਾ ਉਚਿਤ ਨਹੀਂ ਹੋਵੇਗਾ। ਅਦਾਲਤ ਨੇ ਕਿਹਾ ਕਿ ਹੋਰ ਪੁਲਿਸ ਵਾਲਿਆਂ ਨੂੰ ਵੀ ਇਸ ਮਾਮਲੇ ਤੋਂ ਸਬਕ ਸਿੱਖਣਾ ਚਾਹੀਦਾ ਹੈ, ਤਾਂ ਜੋ ਆਮ ਲੋਕਾਂ ਦਾ ਪੁਲਿਸ 'ਤੇ ਭਰੋਸਾ ਬਣਿਆ ਰਹੇ। ਅਦਾਲਤ ਨੇ ਕਿਹਾ ਕਿ ਉਕਤ ਅਧਿਕਾਰੀ ਨੇ ਆਮ ਆਦਮੀ ਦਾ ਭਰੋਸਾ ਤੋੜਿਆ ਹੈ, ਇਸ ਲਈ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।

# ਫਿਲਾਡੈਲਫੀਆ 'ਚ ਇਕ ਪਾਰਟੀ ਦੌਰਾਨ ਹੋਈ ਗੋਲੀਬਾਰੀ 'ਚ 3 ਮੌਤਾਂ; 6 ਹੋਰ ਜ਼ਖਮੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਪੰਜਾਬ ਮੇਲ)- ਫਿਲਾਡੈਲਫੀਆ ਵਿਚ ਇਕ ਪਾਰਟੀ ਦੌਰਾਨ ਤੜਕਸਾਰ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਮਾਰੇ ਜਾਣ ਤੇ 6 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਅਧਿਕਾਰੀਆਂ ਤੇ ਸਥਾਨਕ ਮੀਡੀਆ ਅਨੁਸਾਰ ਗੋਲੀਬਾਰੀ ਪੱਛਮੀ ਫਿਲਾਡੈਲਫੀਆ ਵਿਚ ਕੈਰੋਲ ਪਾਰਕ ਵਿਚ ਹੋਈ, ਜਿਥੇ 100 ਤੋਂ ਵਧ ਲੋਕ ਪਾਰਟੀ ਵਿਚ ਇਕੱਠੇ ਹੋਏ ਸਨ। ਮੁੱਖ ਇੰਸਪੈਕਟਰ ਡੀ.ਐੱਫ. ਪੇਸ ਨੇ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਹਮਲਾਵਰ ਦਾ ਨਿਸ਼ਾਨਾ ਇਕ 33 ਸਾਲਾ ਵਿਅਕਤੀ ਸੀ, ਜਿਸ ਦੇ ਬਹੁਤ ਨੇੜਿਉਂ ਗੋਲੀ ਮਾਰੀ ਗਈ ਤੇ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਇਕ ਹੋਰ 23 ਸਾਲਾ ਵਿਅਕਤੀ ਦੀ ਹਸਪਤਾਲ ਵਿਚ ਲਿਜਾਣ ਉਪਰੰਤ ਛੇਤੀ ਮੌਤ ਹੋ ਗਈ, ਜਦਕਿ 29 ਸਾਲਾ ਤੀਸਰੇ ਵਿਅਕਤੀ ਦੇ ਢਿੱਡ ਵਿਚ ਗੋਲੀ ਵੱਜੀ ਸੀ, ਜੋ ਹਸਪਤਾਲ ਵਿਚ ਦਮ ਤੋੜ ਗਿਆ। ਪੁਲਿਸ ਅਨੁਸਾਰ 6 ਜ਼ਖਮੀ ਹਸਪਤਾਲ ਵਿਚ ਦਾਖਲ ਹਨ, ਜਿਨ੍ਹਾਂ ਦੀ ਹਾਲਤ ਸਥਿਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : **www.punjabmailusa.com**

# ਸਿੱਧੂ ਮੂਸੇਵਾਲਾ ਦੇ ਗੀਤ ਨੂੰ ਮਿਲਿਆ ਮਿਊਜ਼ਿਕ ਕੈਨੇਡਾ ਦਾ ਗੋਲਡਨ ਸਰਟੀਫਿਕੇਟ

ਜਲੰਧਰ, (ਪੰਜਾਬ ਮੇਲ)- ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਬੇਸ਼ੱਕ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ ਪਰ ਅੱਜ ਵੀ ਉਨ੍ਹਾਂ ਦੇ ਨਾਂ 'ਤੇ ਕਈ ਰਿਕਾਰਡ ਬਣ ਰਹੇ ਹਨ। ਹਾਲ ਹੀ 'ਚ ਸਿੱਧੂ ਮੂਸੇਵਾਲਾ ਦੇ ਗੀਤ 'Drippy' ਨੂੰ ਮਿਊਜ਼ਿਕ ਕੈਨੇਡਾ ਦਾ ਗੋਲਡਨ ਸਰਟੀਫਿਕੇਟ ਮਿਲਿਆ ਹੈ।

ਦੱਸ ਦਈਏ ਕਿ ਸਿੱਧੂ ਮੂਸੇਵਾਲਾ ਦੇ ਫੈਨਜ਼ ਅੱਜ ਵੀ ਗਾਇਕ ਨੂੰ ਉਨ੍ਹਾਂ ਦੇ ਗੀਤਾਂ ਰਾਹੀਂ ਯਾਦ ਕਰਦੇ ਹਨ। ਹਾਲ ਹੀ 'ਚ ਸਿੱਧੂ ਮੂਸੇਵਾਲਾ ਦੇ ਨਾਂ ਇੱਕ ਹੋਰ ਉਪਲਬਧੀ ਦਰਜ ਹੋ ਗਈ ਹੈ। ਸਿੱਧੂ ਮੂਸੇਵਾਲਾ ਦੇ ਗੀਤ 'ਡ੍ਰਿਪੀ' ਨੂੰ ਮਿਊਜ਼ਿਕ ਕੈਨੇਡਾ ਵੱਲੋਂ ਗੋਲਡਨ ਸਰਟੀਫਿਕੇਟ ਮਿਲੀਆ ਹੈ। ਇਹ ਸਨਮਾਨ ਪ੍ਰਾਪਤ ਕਰਕੇ ਸਿੱਧੂ ਮੂਸੇਵਾਲਾ ਨੇ ਇੱਕ ਹੋਰ ਉੱਚਾਈ ਹਾਸਲ ਕੀਤੀ ਹੈ। 'ਡ੍ਰਿਪੀ' ਗੀਤ ਨੂੰ ਮਹਿਜ਼ ਪੰਜਾਬ ਤੇ ਕੈਨੇਡਾ 'ਚ ਹੀ ਨਹੀਂ, ਸਗੋਂ ਦੁਨੀਆਂ ਭਰ ਦੇ ਮਿਊਜ਼ਿਕਲ ਲਵਰਸ ਵੀ ਕਾਫ਼ੀ ਪਸੰਦ ਕਰਦੇ ਹਨ।

ਜਿਵੇਂ ਹੀ ਸਿੱਧੂ ਮੂਸੇਵਾਲਾ ਦੇ ਫੈਨਜ਼ ਨੂੰ ਗਾਇਕ ਦੇ ਗੀਤ ਨੂੰ ਗੋਲਡਨ ਸਰਟੀਫਿਕੇਟ ਮਿਲਣ ਦੀ ਖ਼ਬਰ ਸਾਹਮਣੇ ਆਈ ਹੈ। ਗਾਇਕ ਦੇ ਫੈਨਜ਼ ਕਾਫੀ ਖੁਸ਼ ਹਨ। ਵੱਡੀ ਗਿਣਤੀ 'ਚ ਫੈਨਜ਼ ਸਿੱਧੂ ਮੂਸੇਵਾਲਾ ਨੂੰ ਯਾਦ ਕਰਕੇ ਭਾਵੁਕ ਹੁੰਦੇ ਹੋਏ ਨਜ਼ਰ ਆਏ। ਇਸ ਦੇ ਨਾਲ ਹੀ ਫੈਨਜ਼ ਨੇ ਕੁਮੈਂਟ ਕਰਦਿਆਂ




ਗਾਇਕ ਲਈ ਇਨਸਾਫ਼ ਦੀ ਮੰਗ ਕੀਤੀ ਤੇ ਲਿਖਿਆ, **Legends Never Die**।

ਜ਼ਿਕਰਯੋਗ ਹੈ ਕਿ 29 ਮਈ 2022 ਨੂੰ ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦਿਨ ਤੋਂ ਲੈ ਕੇ ਮੂਸੇਵਾਲਾ ਦੇ ਮਾਪਿਆਂ ਤੇ ਉਸ ਦੇ ਚਾਹੁਣ ਵਾਲਿਆਂ ਵੱਲੋਂ ਉਸ ਨੂੰ ਇਨਸਾਫ਼ ਦਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੀਤੇ ਦਿਨੀਂ ਮਾਨਸਾ ਦੀ ਇਕ ਅਦਾਲਤ ਵੱਲੋਂ ਇਸ ਕਤਲਕਾਂਡ ਵਿਚ 27 ਦੋਸ਼ੀਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਸਨ। ਇਸ ਮਗਰੋਂ ਮਰਹੂਮ ਗਾਇਕ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਸੀ ਕਿ ਅੱਜ ਉਨ੍ਹਾਂ ਦੇ ਦਿਲ ਨੂੰ ਕੁੱਝ ਸਕੂਨ ਮਿਲਿਆ ਹੈ।


TAKHAR URGENT CARE & Family Medicine



Paramjit S. Takhar, M.D.
Board Certified Family Medicine

Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75
By appointment only. Please mention offer when scheduling appointment. Must present coupon at time of visit. Expires 12/31/17

www.takharfamilymedicine.com


- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care

- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections

- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823




We Accept Medicare, Medical & Cash Pay

# ਨਿਗਮ ਚੋਣਾਂ 'ਚ ਵੀ ਭਾਰੀ ਪੈ ਸਕਦੀ ਹੈ ਦਲ-ਬਦਲ ਦੀ ਰਾਜਨੀਤੀ



**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਬਾਅਦ ਜਲੰਧਰ ਵੈਸਟ ਹਲਕੇ ਵਿਚ ਜ਼ਿਮਨੀ ਚੋਣ ਖ਼ਤਮ ਹੋ ਚੁੱਕੀ ਹੈ। ਲੋਕ ਸਭਾ ਚੋਣ 'ਚ ਕਾਂਗਰਸ ਅਤੇ ਜ਼ਿਮਨੀ ਚੋਣ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ ਜਿੱਤ ਦਰਜ ਕਰ ਚੁੱਕੀ ਹੈ ਪਰ ਮਹਾਨਗਰ ਵਿਚ ਇਨ੍ਹਾਂ ਦੋਵਾਂ ਚੋਣਾਂ ਵਿਚ ਸਿਆਸਤ ਦੇ ਅਜਿਹੇ ਰੰਗ ਵੋਟਰਾਂ ਨੂੰ ਵੇਖਣ ਨੂੰ ਮਿਲੇ ਹਨ, ਜਿਸ ਨੇ ਵੋਟਰਾਂ ਦੇ ਮਨ 'ਤੇ ਸਿਆਸੀ ਆਗੂਆਂ ਪ੍ਰਤੀ ਅਜੀਬ ਛਾਪ ਛੱਡੀ ਹੈ।

ਆਪਣੇ ਸਿਆਸੀ ਫਾਇਦੇ ਲਈ ਕਈ ਆਗੂਆਂ ਨੇ ਪਾਰਟੀ ਦਰ ਪਾਰਟੀ ਜੰਮ ਕੇ ਇੰਨੇ ਛੜੱਪੇ ਮਾਰੇ ਕਿ ਵੋਟਰਾਂ ਨੂੰ ਰੋਜ਼ਾਨਾ ਸਵੇਰੇ ਕਿਸੇ ਆਗੂ ਜਾਂ ਉਮੀਦਵਾਰ ਬਾਰੇ ਸੋਚਣ ਤੋਂ ਪਹਿਲਾਂ ਉਸ ਦੀ ਮੌਜੂਦਾ ਪਾਰਟੀ ਬਾਰੇ ਕਨਫਰਮ ਕਰਨਾ ਪੈਂਦਾ ਸੀ। ਕੇਂਦਰ ਦੀ ਸਿਆਸਤ ਤੋਂ ਲੈ ਕੇ ਸੂਬਿਆਂ ਦੀ ਸਿਆਸਤ ਤੱਕ ਭਾਵੇਂ ਵੱਡਾ ਆਗੂ ਹੋਵੇ ਜਾਂ ਵਰਕਰ, ਸਿਆਸਤ ਦਾ ਇਹ ਨਵਾਂ ਰੰਗ ਲਗਭਗ ਸਾਰਿਆਂ 'ਤੇ ਚੜ੍ਹਿਆ ਪਰ ਨਤੀਜਿਆਂ ਵਿਚ ਵੋਟਰਾਂ ਨੇ ਇਹ ਦੱਸ ਦਿੱਤਾ ਕਿ ਸਿਆਸਤ ਦੀ ਇਹ ਚਲਾਕੀ ਕੁੱਲ੍ਹ ਮਿਲਾ ਕੇ ਵੋਟਰਾਂ ਨੂੰ ਪਸੰਦ ਨਹੀਂ ਆਈ ਅਤੇ ਦੂਜੀਆਂ ਪਾਰਟੀਆਂ ਤੋਂ ਇੰਪੋਰਟ ਕੀਤੇ ਆਗੂਆਂ ਨਾਲ ਨਾ ਸਿਰਫ਼ ਪਾਰਟੀ ਦੇ ਟਕਸਾਲੀ ਆਗੂਆਂ ਦਾ ਮਨੋਬਲ ਟੁੱਟਿਆ, ਸਗੋਂ ਇੰਪੋਰਟ ਆਗੂ ਵੀ ਉਮੀਦ ਦੇ ਅਨੁਸਾਰ ਚੋਣ ਨਤੀਜੇ ਨਹੀਂ ਦੇ ਸਕੇ। ਚੋਣਾਂ ਦੇ ਨਤੀਜਿਆਂ ਤੋਂ ਕਈ ਅਜਿਹੇ ਸੀਨੀਅਰ ਆਗੂਆਂ ਨੂੰ ਮਾਤ ਖਾਣੀ ਪਈ, ਜਿਨ੍ਹਾਂ ਨੇ ਆਪਣੀ ਪਾਰਟੀ ਤੋਂ ਵੱਖ ਹੋ ਕੇ ਆਪਣੀ ਦੁਬਾਰਾ ਸਿਆਸੀ ਪਛਾਣ ਬਣਾਉਣ ਦੀ ਕੋਸ਼ਿਸ਼ ਕੀਤੀ। ਅਜੋਕੇ ਸੋਸ਼ਲ ਮੀਡੀਆ ਦੇ ਜ਼ਮਾਨੇ ਦਾ ਵੋਟਰ ਸਿਆਸਤਦਾਨਾਂ ਤੋਂ ਜ਼ਿਆਦਾ ਚਲਾਕ ਹੋ ਚੁੱਕਾ ਹੈ।

ਮਹਾਨਗਰ ਅਤੇ ਪੰਜਾਬ ਦੇ ਕਈ ਨਿਗਮਾਂ ਦੀਆਂ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ ਪਾਰਟੀਆਂ ਦੇ ਵਰਕਰਾਂ ਵੱਲੋਂ ਆਪਣੇ-ਆਪਣੇ ਦਾਅਵੇ ਪਾਰਟੀ ਹਾਈਕਮਾਨ ਅੱਗੇ ਪੇਸ਼ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਵਰਕਰਾਂ ਨੇ ਆਪਣੇ ਪੱਧਰ 'ਤੇ ਵਾਰਡਾਂ ਵਿਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ ਪਰ ਮੌਜੂਦਾ ਸਥਿਤੀ ਭਵਿੱਖ ਦੇ ਉਮੀਦਵਾਰਾਂ ਲਈ ਅਨੁਕੂਲ ਨਹੀਂ ਹੈ। ਦਲ-ਬਦਲ ਦੇ ਰੁਝਾਨ ਦੇ ਨਤੀਜੇ ਅਜੇ ਨਿਗਮ ਚੋਣਾਂ ਵਿਚ ਵੀ ਆਉਣੇ ਬਾਕੀ ਹਨ ਕਿਉਂਕਿ ਸਿਰਫ਼ ਨਗਰ ਨਿਗਮ ਦੀਆਂ ਚੋਣਾਂ ਹੀ ਅਜਿਹੀਆਂ ਚੋਣਾਂ ਹੁੰਦੀਆਂ ਹਨ, ਜਿਸ ਦਾ ਸਿੱਧਾ ਅਤੇ ਨਜ਼ਦੀਕੀ ਵਾਸਤਾ ਆਮ ਲੋਕਾਂ ਅਤੇ ਸਿਆਸਤਦਾਨ ਵਿਚਕਾਰ ਹੁੰਦਾ ਹੈ।

# ਪੁਲਿਸ ਵੱਲੋਂ 3 ਕਰੋੜ ਰੁਪਏ ਤੇ 3100 ਡਾਲਰ ਦੀ ਹਵਾਲਾ ਰਾਸ਼ੀ ਸਮੇਤ ਮੁਲਜ਼ਮ ਗ੍ਰਿਫ਼ਤਾਰ



**ਜਲੰਧਰ, (ਪੰਜਾਬ ਮੇਲ)-** ਜਲੰਧਰ ਕਮਿਸ਼ਨਰੇਟ ਪੁਲਿਸ ਨੇ ਹਵਾਲਾ ਕਾਰੋਬਾਰ 'ਚ ਸ਼ਾਮਲ ਗਰੋਹ ਦਾ ਪਰਦਾਫਾਸ਼ ਕਰ ਕੇ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮ ਕੋਲੋਂ 2,93,05,800 ਰੁਪਏ ਤੇ 3100 ਡਾਲਰ ਦੀ ਹਵਾਲਾ ਰਾਸ਼ੀ ਬਰਾਮਦ ਕੀਤੀ ਹੈ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਥਾਣਾ ਨਵੀਂ ਬਾਰਾਂਦਰੀ ਜਲੰਧਰ ਦੀ ਟੀਮ ਨੇ ਟੀ-ਪੁਆਇੰਟ ਬਸ਼ੀਰਪੁਰਾ ਜਲੰਧਰ ਨੇੜੇ ਨਾਕਾ ਲਾਇਆ ਹੋਇਆ ਸੀ। ਇਸ ਦੌਰਾਨ ਪੁਲਿਸ ਨੂੰ ਭਰੋਸੇਯੋਗ ਸੂਤਰ ਤੋਂ ਸੂਚਨਾ ਮਿਲੀ ਸੀ ਕਿ ਕੁਝ ਅਪਰਾਧੀ ਸ਼ਹਿਰ ਵਿਚ ਨਾਜਾਇਜ਼ ਹਥਿਆਰ, ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰ ਰਹੇ ਹਨ। ਇਸ ਦੌਰਾਨ ਟੀਮ ਨੇ ਚੈਕਿੰਗ ਲਈ ਇੱਕ ਕਰੇਟਾ ਕਾਰ ਨੂੰ ਰੋਕ ਕੇ ਪੁਨੀਤ ਸੂਦ ਉਰਫ ਗਾਂਧੀ ਵਾਸੀ ਕੱਟੜਾ ਮੁਹੱਲਾ ਨੇੜੇ ਦੁਸਹਿਰਾ ਗਰਾਊਂਡ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage)
Call: +1-510-281-7065, WhatsApp: +91 98993 79442
Email: cjsingh55@gmail.com

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders.
Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl.
for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse.
Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl.
Contact # 951-934-8655

# ਵਿਪਸਾਅ ਕੈਲੀਫੋਰਨੀਆ ਵੱਲੋਂ ਸ਼੍ਰੀ ਆਜ਼ਾਦ ਜਲੰਧਰੀ ਜੀ ਦੀ ਨਿੱਘੀ ਯਾਦ 'ਚ ਸ਼ਰਧਾਂਜਲੀ ਸਮਾਗਮ



ਰਾਜ ਕੁਮਾਰ ਆਜ਼ਾਦ ਅਤੇ ਸੰਨੀ ਆਜ਼ਾਦ ਨੂੰ ਯਾਦਗਾਰੀ ਸ਼ਾਲ ਭੇਟ ਕਰਦੇ ਹੋਏ ਵਿਪਸਾਅ ਮੈਂਬਰ ਅਤੇ ਸਹਿਯੋਗੀ।

**ਹੇਵਰਡ, (ਪੰਜਾਬ ਮੇਲ)-** ਬੀਤੇ ਐਤਵਾਰ ਵਿਪਸਾਅ ਵੱਲੋਂ ਫਰੀਮਾਂਟ ਵਿਖੇ ਬਹੁ-ਭਾਸ਼ਾਈ ਕਵੀ ਸ਼੍ਰੀ ਆਜ਼ਾਦ ਜਲੰਧਰੀ ਜੀ ਦੀ ਨਿੱਘੀ ਯਾਦ 'ਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਸਮਾਗਮ ਦਾ ਆਰੰਭ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਜਲੰਧਰੀ ਜੀ ਦੇ ਕਲਾਮ ਨੂੰ ਸੁਰਬੱਧ ਕਰਕੇ ਕੀਤਾ। ਇਸ ਉਪਰੰਤ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਰਜ-ਭਾਰ ਸੰਭਾਲਦੇ ਹੋਏ ਆਜ਼ਾਦ ਜਲੰਧਰੀ ਜੀ ਦਾ ਬੁਲੰਦ ਸ਼ਿਅਰ:

'ਪੈਰਾਂ ਦੇ ਹੇਠ ਧਰਤੀ ਸਿਰ ਆਸਮਾਨ ਲੈ ਕੇ

ਉੱਠਿਆ ਹਾਂ ਨਾਲ ਆਪਣੇ ਸਾਰਾ ਜਹਾਨ ਲੈ ਕੇ'

ਸਾਂਝਾ ਕਰਦੇ ਹੋਏ ਉਨ੍ਹਾਂ ਦੇ ਸਪੁੱਤਰ ਰਾਜ ਕੁਮਾਰ ਆਜ਼ਾਦ, ਦੋਹਤੇ ਸੰਨੀ ਆਜ਼ਾਦ, ਮਿੱਤਰ ਅਮਰੀਕ ਚੰਦ ਲਾਖਾ ਅਤੇ ਰਾਮ ਮੂਰਤੀ ਸਰੋਏ ਦੇ ਨਾਲ ਵਿਪਸਾਅ ਪ੍ਰਧਾਨ ਕੁਲਵਿੰਦਰ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਹਾਜ਼ਰ ਲੇਖਕਾਂ, ਬੁੱਧੀਜੀਵੀਆਂ ਅਤੇ ਆਜ਼ਾਦ ਜੀ ਦੇ ਪ੍ਰਸ਼ੰਸਕਾਂ ਦਾ ਸਵਾਗਤ ਕੀਤਾ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਆਜ਼ਾਦ ਜਲੰਧਰੀ ਜੀ ਦੇ ਸਾਹਿਤਕ ਸਫ਼ਰ ਦੀ ਵਿਸਥਾਰਿਤ ਅਤੇ ਭਾਵ-ਪੂਰਤ ਜਾਣਕਾਰੀ ਦਿੱਤੀ।

ਡਾ. ਸੁਖਵਿੰਦਰ ਕੰਬੋਜ ਨੇ ਆਜ਼ਾਦ ਜਲੰਧਰੀ ਨਾਲ ਜੁੜੀਆਂ ਯਾਦਾਂ ਸਾਂਝੇ ਕਰਦੇ ਹੋਏ ਦੱਸਿਆ ਕਿ ਪਿਛਲੇ ਤੀਹ ਵਰ੍ਹੇ ਪੰਜਾਬੀ ਸਾਹਿਤ ਸਭਾਵਾਂ ਦੀਆਂ ਮਹਿਫ਼ਲਾਂ ਦੇ ਸ਼ਿੰਗਾਰ ਰਹੇ ਆਜ਼ਾਦ ਜੀ ਨੇ ਪੰਜਾਬੀ, ਉਰਦੂ ਅਤੇ ਹਿੰਦੀ ਵਿਚ ਅਨੇਕਾਂ ਕਿਤਾਬਾਂ ਲਿਖੀਆਂ। ਉਨ੍ਹਾਂ ਦਾ ਹਿੰਦੀ/ਉਰਦੂ ਕਲਾਮ ਪ੍ਰਸਿੱਧ ਗਾਇਕਾਂ ਜਿਵੇਂ ਅਲਕਾ ਯਾਗਨਿਕ, ਸੁਰੇਸ਼ ਵਾਡੇਕਰ, ਸਾਧਨਾ ਸਰਗਮ, ਭੁਪਿੰਦਰ, ਮੇਤਾਲੀ ਆਦਿ ਵਲੋਂ ਰਿਕਾਰਡ ਕਰਵਾਇਆ ਗਿਆ ਹੈ। ਇੱਕ ਵਾਰੀ ਫਰਿਜ਼ਨੋ ਕਾਨਫ਼ਰੰਸ ਤੋਂ ਬਾਅਦ ਆਉਂਦੇ ਹੋਏ ਉਨ੍ਹਾਂ ਦੀ ਕਾਰ ਦਾ ਐਕਸੀਡੈਂਟ ਹੋ ਗਿਆ, ਜਿਸ ਵਿਚ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਸਨ, ਪਰ ਉਹ ਹੌਂਸਲੇ ਵਿਚ ਰਹੇ ਅਤੇ ਆਪਣਾ ਸਾਹਿਤਕ ਸਫ਼ਰ ਜਾਰੀ ਰੱਖਿਆ। ਉਨ੍ਹਾਂ ਨੇ ਗਿਆਨੀ ਜੰਗ ਸਿੰਘ ਨਾਲ ਮਿਲ ਕੇ 'ਸਾਹਿਤ ਪਬਲੀਕੇਸ਼ਨ ਟਰੱਸਟ' ਬਣਾਇਆ। ਡਾ. ਬਿਕਰਮ ਸਿੰਘ ਘੁੰਮਣ ਨੇ ਦੋਵਾਂ ਮਿੱਤਰ ਲੇਖਕਾਂ ਦੇ ਜੀਵਨ ਅਤੇ ਸਾਹਿਤ ਰਚਨਾ ਬਾਰੇ 'ਅਭਿਨੰਦਨ ਗ੍ਰੰਥ' ਸੰਪਾਦਿਤ ਕੀਤਾ।

ਜਸਵੰਤ ਸਿੰਘ ਸ਼ਾਦ ਨੇ ਕਿਹਾ ਕਿ ਉਹ ਆਜ਼ਾਦ ਜਲੰਧਰੀ ਨੂੰ ਆਪਣੇ ਚਾਚਾ ਜੀ ਸੋਹਣ ਸਿੰਘ ਢੋਲਾ ਸਾਹਿਬ ਦੇ ਘਰ 1992 ਵਿਚ ਮਿਲੇ ਸਨ। ਉਨ੍ਹਾਂ ਦੀ ਸੰਗਤ ਵਿਚੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਉਨ੍ਹਾਂ ਦੇ ਬਹੁਤ ਸਾਰੇ ਸ਼ਿਅਰ ਮੰਚ ਸੰਚਾਲਨ ਦੌਰਾਨ ਕੰਮ ਆਉਂਦੇ ਹਨ। ਅਮਰੀਕ ਚੰਦ ਲਾਖਾ ਨੇ ਕਿਹਾ ਕਿ ਆਜ਼ਾਦ ਜੀ ਉਨ੍ਹਾਂ ਦੇ ਵੱਡੇ ਭਰਾ ਵਾਂਗ ਸਨ। ਉਹ ਉਨ੍ਹਾਂ ਦੀ ਸ਼ਾਇਰੀ ਤੋਂ ਇੰਨੇ ਪ੍ਰਭਾਵਿਤ ਸਨ ਕਿ ਉਨ੍ਹਾਂ ਨੇ ਰਾਮ ਮੂਰਤੀ ਦੇ ਨਾਲ ਮਿਲ ਕੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦਿੱਤਾ। ਉਨ੍ਹਾਂ ਦੇ ਬਹੁਤ ਸਾਰੇ ਗੀਤ ਵੀ ਰਿਕਾਰਡ ਕਰਵਾਏ। ਪੰਜਾਬੀ ਦੇ ਨਾਮਵਰ ਗਾਇਕ ਅਨੂਪ ਚੀਮਾ, ਐੱਚ.ਐੱਸ. ਭਜਨ, ਸੁਖਦੇਵ ਸਾਹਿਲ ਅਤੇ ਤਰਲੋਕ ਸਿੰਘ ਨੇ ਉਨ੍ਹਾਂ ਦੇ ਢੇਰ ਸਾਰੇ ਗੀਤਾਂ ਨੂੰ ਆਵਾਜ਼ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਜ਼ਾਦ ਨਾਲ ਲੰਮਾ ਸਮਾਂ ਗੁਜ਼ਾਰਨਾ ਉਨ੍ਹਾਂ ਦੀ ਖ਼ੁਸ਼ਨਸੀਬੀ ਹੈ। ਸੁਰਜੀਤ ਸਖੀ ਨੇ ਕਿਹਾ ਕਿ ਉਹ ਆਜ਼ਾਦ ਜੀ ਨੂੰ ਪਟਿਆਲੇ ਮਿਲੇ ਸਨ। ਉਸ ਤੋਂ ਬਾਅਦ ਅਮਰੀਕਾ ਵਿਚ ਮੇਲ ਹੋ ਗਿਆ। ਉਹ ਇੱਕ ਵਧੀਆ ਸ਼ਾਇਰ ਅਤੇ ਵਧੀਆ ਇਨਸਾਨ ਸਨ। ਰਾਮ ਮੂਰਤੀ ਸਰੋਏ ਨੇ ਵਿਪਸਾਅ ਦਾ ਆਜ਼ਾਦ ਜੀ ਦੀ ਯਾਦ ਵਿਚ ਸਮਾਗਮ ਕਰਵਾਉਣ ਲਈ ਧੰਨਵਾਦ ਕੀਤਾ। ਲਾਜ ਨੀਲਮ ਸੈਣੀ ਨੇ ਆਜ਼ਾਦ ਜੀ ਦੀਆਂ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ 'ਗਮ ਏ ਹਯਾਤ' ਪੁਸਤਕ ਬਾਰੇ ਲੇਖ ਸਾਂਝਾ ਕਰਦੇ ਕਿਹਾ ਕਿ ਆਜ਼ਾਦ ਜੀ ਇਸ ਧਰਤੀ 'ਤੇ ਮੁਹੱਬਤ ਦਾ ਬੀਜ ਬੀਜਣਾ ਚਾਹੁੰਦੇ ਸਨ। ਪਿਆਰ ਦਾ ਛੱਟਾ ਦੇਣਾ ਚਾਹੁੰਦੇ ਸਨ:

ਹਮ ਹੈਂ ਫ਼ਨਕਾਰ ਜ਼ਮਾਨੇ ਸੇ ਗੁਜ਼ਰ ਜਾਏਂਗੇ

ਖਾਲੀ ਦਾਮਨ ਹੈ ਜੋ ਸਭ ਪਿਆਰ ਸੇ ਭਰ ਜਾਏਂਗੇ।

ਬਲਵੀਰ ਸਿੰਘ ਥਿੰਦ ਨੇ ਕਿਹਾ ਕਿ ਉਹ ਆਜ਼ਾਦ ਜਲੰਧਰੀ ਜੀ ਕੋਲੋਂ ਉਰਦੂ ਲਿਪੀ ਵਿਚ ਲਿਖਿਆ ਸੁਣ ਕੇ ਉਸ ਨੂੰ ਪੰਜਾਬੀ ਵਿਚ ਲਿਖਿਆ ਕਰਦੇ ਸਨ। ਇਹ ਸੁਭਾਗ ਹੈ ਕਿ ਉਨ੍ਹਾਂ ਦਾ ਸੰਗ ਮਾਣਨ ਦਾ ਮੌਕਾ ਮਿਲਿਆ। ਆਜ਼ਾਦ ਜੀ ਦੇ ਦੋਹਤੇ ਸੰਨੀ ਆਜ਼ਾਦ ਨੇ ਵਿਪਸਾਅ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੇ ਨਾਨਾ ਜੀ ਨੂੰ ਹਮੇਸ਼ਾ ਸਾਹਿਤਕ ਪ੍ਰੋਗਰਾਮਾਂ 'ਤੇ ਜਾਣ ਲਈ ਰਾਈਡ ਦਿੰਦਾ ਸੀ। ਵਿਪਸਾਅ ਵੱਲੋਂ ਉਨ੍ਹਾਂ ਨੂੰ ਇੰਵ ਯਾਦ ਕਰਨਾ, ਉਨ੍ਹਾਂ ਦੀਆਂ ਕਿਤਾਬਾਂ ਦੀ ਗੱਲ ਕਰਨਾ ਬਹੁਤ ਚੰਗਾ ਲੱਗਿਆ। ਕੁਲਵਿੰਦਰ ਨੇ ਪ੍ਰੋਗਰਾਮ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਆਜ਼ਾਦ ਜਲੰਧਰੀ ਦਾ ਬਚਪਨ ਉਸ ਬੜੇ ਪਿੰਡ ਦਾ ਹੈ, ਜਿੱਥੋਂ ਦੇ ਲੋਕ ਸ਼ਬਦ ਨਾਲ ਜੁੜੇ ਹੋਏ ਸਨ। ਉਹ ਜਵਾਨ ਹੁੰਦੇ ਹੀ ਦਿੱਲੀ ਚਲੇ ਗਏ, ਜਿੱਥੇ ਉਨ੍ਹਾਂ ਨੂੰ ਡਾ. ਹਰਿਭਜਨ ਸਿੰਘ, ਚਾਨਣ ਗੋਬਿੰਦਪੁਰੀ ਅਤੇ ਪ੍ਰਕਾਸ਼ ਸਾਥੀ ਜਿਹੇ ਵੱਡੇ ਸ਼ਾਇਰਾਂ ਦੀ ਸੰਗਤ ਕਰਨ ਦਾ ਮੌਕਾ ਮਿਲਿਆ। ਉਹ ਗੀਤ, ਪ੍ਰਗੀਤ ਅਤੇ ਛੰਦ ਬੰਦੀ ਨਾਲ ਜੁੜੇ ਰਹੇ। ਗੀਤਕਾਰੀ ਦੇ ਨਾਲ ਚੰਗੀਆਂ ਗ਼ਜ਼ਲਾਂ ਵੀ ਲਿਖੀਆਂ। ਉਨ੍ਹਾਂ ਦੀ ਸ਼ਾਇਰੀ ਸਮਾਜ ਦੇ ਹੋਰ ਸਰੋਕਾਰਾਂ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਜੋੜਦੀ ਹੈ

ਡਾ. ਜਗਤਾਰ ਵੱਲੋਂ ਸੰਪਾਦਿਤ ਗ਼ਜ਼ਲ ਸੰਗ੍ਰਹਿ 'ਬਰਫ਼ ਹੇਠ ਦੱਬੇ ਹਰਫ਼' ਵਿਚ ਆਜ਼ਾਦ ਜਲੰਧਰੀ ਜੀ ਦੀਆਂ ਸੱਤ ਗ਼ਜਲਾਂ ਸ਼ਾਮਲ ਹਨ। ਕੁਲਵਿੰਦਰ ਨੇ ਆਜ਼ਾਦ ਜਲੰਧਰੀ ਜੀ ਦੇ ਕਈ ਭਾਵਪੂਰਨ ਸ਼ਿਅਰਾਂ ਰਾਹੀਂ ਉਨ੍ਹਾਂ ਦੀ ਪੁਖ਼ਤਾ ਸ਼ਾਇਰੀ ਵੱਲ ਧਿਆਨ ਦਿਵਾਇਆ।

ਇਸ ਉਪਰੰਤ ਵਿਪਸਾਅ ਵੱਲੋਂ ਰਾਜ ਕੁਮਾਰ ਆਜ਼ਾਦ ਅਤੇ ਸੰਨੀ ਆਜ਼ਾਦ ਨੂੰ ਵਿਪਸਾਅ ਯਾਦਗਾਰੀ ਸ਼ਾਲ ਓੜ ਕੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪ੍ਰੋ. ਸੁਖਦੇਵ ਸਿੰਘ, ਵਿਜੇ ਸਿੰਘ, ਪ੍ਰੋ. ਬਲਜਿੰਦਰ ਸਿੰਘ, ਪਰਮਜੀਤ ਰਾਏ, ਰਾਮ ਸਰਨ, ਅਵਤਾਰ ਲਾਖਾ ਆਦਿ ਨੇ ਸ਼ਿਰਕਤ ਕੀਤੀ।

# ਨਾਮਧਾਰੀ ਸੰਸਥਾ ਵੱਲੋਂ ਡਾ. ਮਨਮੋਹਨ ਸਿੰਘ ਨੂੰ 'ਪੰਥ ਰਤਨ' ਨਾਲ ਸਨਮਾਨਿਤ ਕੀਤੇ ਜਾਣ ਦੀ ਮੰਗ



**ਨਾਮਧਾਰੀ ਸੰਸਥਾ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅੱਗੇ ਰੱਖੀ ਮੰਗ**

**ਅੰਮ੍ਰਿਤਸਰ, (ਪੰਜਾਬ ਮੇਲ)-** ਨਾਮਧਾਰੀ ਸੰਸਥਾ ਦੇ ਮੁਖੀ ਠਾਕੁਰ ਦਲੀਪ ਸਿੰਘ ਵੱਲੋਂ ਭੇਜੇ ਵਫਦ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ। ਮੁਲਾਕਾਤ ਸਮੇਂ ਵਫਦ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ 'ਪੰਥ ਰਤਨ' ਦੀ ਉਪਾਧੀ ਦੇਣ ਦੀ ਲਿਖਤੀ ਤੌਰ 'ਤੇ ਮੰਗ ਕੀਤੀ। ਸੂਬਾ ਅਮਰੀਕ ਸਿੰਘ ਦੀ ਅਗਵਾਈ ਵਿਚ ਆਏ ਵਫਦ ਨੇ ਕਿਹਾ ਕਿ ਸਿੰਘ ਸਾਹਿਬ ਨੇ ਉਨ੍ਹਾਂ ਦਾ ਮੰਗ-ਪੱਤਰ ਸਵੀਕਾਰ ਕਰਦਿਆਂ ਇਸ 'ਤੇ ਵਿਚਾਰ ਕਰਨ ਦੀ ਗੱਲ ਕੀਤੀ ਹੈ।

ਸੂਬਾ ਅਮਰੀਕ ਸਿੰਘ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਡਾ. ਮਨਮੋਹਨ ਸਿੰਘ ਨੇ ਸਿੱਖ ਕੌਮ ਲਈ ਸ਼ਲਾਘਾਯੋਗ ਕੰਮ ਕੀਤੇ ਹਨ, ਜਿਸ ਨਾਲ ਵਿਸ਼ਵ ਭਰ ਦੇ ਸਿੱਖਾਂ ਦਾ ਮਾਣ ਵਧਿਆ ਹੈ। ਉਸ ਸਮੇਂ ਦੌਰਾਨ ਪ੍ਰਧਾਨ ਮੰਤਰੀ ਦੇ ਨਾਲ-ਨਾਲ ਰੱਖਿਆ ਮੰਤਰੀ, ਮੰਤਰੀ, ਯੋਜਨਾ ਕਮਿਸ਼ਨਰ ਦੇ ਡਿਪਟੀ ਚੇਅਰਮੈਨ ਸਿੱਖ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਕਈ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਉੱਚ ਅਹੁਦਿਆਂ 'ਤੇ ਰਹੀਆਂ। 1984 ਦੇ ਦੁਖਾਂਤ ਤੋਂ ਬਾਅਦ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਵੀ ਕਈ ਕੇਸਾਧਾਰੀ ਸਿੱਖਾਂ ਨੂੰ ਉੱਚ ਅਹੁਦਿਆਂ 'ਤੇ ਨਿਯੁਕਤ ਕਰਕੇ ਸਿੱਖ ਕੌਮ ਦਾ ਮਾਣ ਵਧਾਇਆ ਗਿਆ, ਜਿਸ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਸਨਮਾਨ ਲਈ ਡਾ. ਮਨਮੋਹਨ ਸਿੰਘ ਪੂਰੀ ਤਰ੍ਹਾਂ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਡਾ. ਮਨਮੋਹਨ ਸਿੰਘ ਕਾਂਗਰਸ ਪਾਰਟੀ ਨਾਲ ਸਬੰਧਤ ਹਨ ਅਤੇ ਇਸ ਕਰਕੇ ਉਹ ਸਿੱਖਾਂ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਿਲਣ ਵਾਲੇ ਸਨਮਾਨ ਦੇ ਹੱਕਦਾਰ ਨਹੀਂ।


ਡਾ. ਮਨਮੋਹਨ ਸਿੰਘ ਪਹਿਲੇ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ ਲੋਕ ਸਭਾ ਵਿਚ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਬਲੂ ਸਟਾਰ ਆਪ੍ਰੇਸ਼ਨ ਅਤੇ ਦਿੱਲੀ ਦੰਗਿਆਂ ਲਈ ਜਨਤਕ ਤੌਰ 'ਤੇ ਮੁਆਫੀ ਮੰਗੀ ਸੀ। ਕਾਂਗਰਸ ਪਾਰਟੀ ਵਿਚ ਰਹਿੰਦਿਆਂ ਮੁਆਫੀ ਮੰਗਣਾ ਕਾਂਗਰਸ ਦੇ ਖਿਲਾਫ ਜਾਣ ਦੇ ਬਰਾਬਰ ਸੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

"Sound Mind in the Sound Body" ੧ਓ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

## 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

**Wilson Play Fields Kent WA. 13028 SE. 251st. Kent, WA - 98030**

Every Saturday - Sunday
5PM to 7PM
**Free Entry**

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
**Free Sporst Kits-Refreshment**

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ

**ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ**


ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।


ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।


ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।


ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।


ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।


ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।


ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।


ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ :

## Sikhs of Seattle

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ**


ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559


ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

Designed By Punjab Mail USA

# ਅਮਿੱਟ ਪੈੜਾਂ ਛੱਡ ਗਿਆ "ਵਿਹੜਾ ਸ਼ਗਨਾਂ ਦਾ"





ਫਰੀਮਾਂਟ, (ਪੰਜਾਬ ਮੇਲ)- ਹੇਵਰਡ ਯੂਨੀਅਨ ਸਿਟੀ ਤੇ ਫਰੀਮਾਂਟ ਤੀਆਂ 14 ਜੁਲਾਈ 2024 ਨੂੰ ਹੇਵਰਡ ਦੇ ਸੈਫਾਇਰ ਬੈਂਕੁਇਟ ਹਾਲ ਵਿਖੇ ਪੂਰੀ ਧੂਮਧਾਮ ਨਾਲ ਸੁਖਨਿੰਦਰ ਭੰਗਲ ਤੇ ਕੋਨੀ ਘੁੰਮਣ ਦੇ ਪ੍ਰਬੰਧ ਹੇਠ ਮਨਾਈਆਂ ਗਈਆਂ। ਨੀਅਤ ਸਮੇਂ 'ਤੇ ਬੀਬੀਆਂ, ਭੈਣਾਂ ਨਾਲ ਖਚਾਖਚ ਭਰੇ ਹਾਲ 'ਚ ਕੱਪੜੇ, ਜਿਊਲਰੀ, ਖਿਡੌਣੇ, ਫੁੱਲਕਾਰੀਆਂ ਤੇ ਪਰਾਂਦੀਆਂ ਨਾਲ ਸਜੀਆਂ ਸਟਾਲਾਂ ਖ਼ੂਬਸੂਰਤ ਰੰਗ ਬਿਖੇਰ ਰਹੀਆਂ ਸਨ। ਸਤਵੰਤ ਸੈਣੀ ਵੱਲੋਂ ਲਿਆਂਦੀਆਂ ਘੜੇ ਵਾਲੀਆਂ ਕੁਲਫ਼ੀਆਂ ਦਾ ਗਰਮੀ ਦੇ ਮੌਸਮ ਵਿਚ ਵਿਸ਼ੇਸ਼ ਆਕਰਸ਼ਨ ਵੇਖਿਆ ਹੀ ਬਣਦਾ ਸੀ। ਤੀਆਂ ਦੇ ਮੇਲੇ 'ਚ ਵੰਨ-ਸੁਵੰਨੇ ਖਾਣੇ ਦਾ ਖ਼ਾਸ ਪ੍ਰਬੰਧ ਸੀ। ਠੀਕ 12.30 ਤੋਂ ਆਰੰਭ ਕਰਕੇ ਬੀਬੀਆਂ ਨੇ ਗੀਤ-ਸੰਗੀਤ ਨਾਲ ਚੰਗਾ ਰੰਗ ਬੰਨ੍ਹਿਆ ਤੇ ਉਸ ਤੋਂ ਮਗਰੋਂ ਦੇਸੀ ਘਿਓ ਦੇ ਲੱਡੂਆਂ ਦੀਆਂ ਪਰਾਤਾਂ ਲੈ ਕੇ ਨੱਚਦੀਆਂ ਗਾਉਂਦੀਆਂ ਬੀਬੀਆਂ ਨੇ ਤਾਂ ਜਿਵੇਂ ਵਿਆਹ ਦਾ ਮਾਹੌਲ ਹੀ ਸਿਰਜ ਦਿੱਤਾ।



ਸੁਖਨਿੰਦਰ ਭੰਗਲ, ਜਗਦੀਸ਼ ਫਗੂਰਾ, ਦਵਿੰਦਰ ਸਰਾਂ, ਜਸਵਿੰਦਰ (ਰੇਡੀਓ ਚੜ੍ਹਦੀ ਕਲਾ), ਅਮਰਜੀਤ ਘੁੰਮਣ ਨੇ ਖ਼ੂਬ ਲੱਡੂ ਵੰਡੇ।

ਲੱਡੂ ਖ਼ੁਸ਼ੀਆਂ ਕਰੀਏਸ਼ਨ ਵਾਲੀ ਜਗਦੀਸ਼ ਫਗੂਰਾ ਨੇ ਤਿਆਰ ਕੀਤੇ ਸਨ। ਹਰ ਸਾਲ ਲੱਡੂ ਉਨ੍ਹਾਂ ਵੱਲੋਂ ਵੀ ਸਪਾਂਸਰ ਕੀਤੇ ਜਾਂਦੇ ਹਨ।

ਜਗਮੀਤ ਸੰਘਾ ਦੀਆਂ ਤਿਆਰ ਕੀਤੀਆਂ ਬੱਚਿਆਂ ਦੀਆਂ ਟੀਮਾਂ ਨੇ ਚੰਗੀ ਵਾਹ-ਵਾਹ ਖੱਟੀ। ਪੰਜਾਬੀ ਧੜਕਣ ਦੇ ਗਿੱਧੇ 'ਤੇ ਕੋਰੀਓਗ੍ਰਾਫੀ ਕਮਾਲ ਸਨ। ਸੈਂਡੀ ਗਰੇਵਾਲ, ਜਸਪ੍ਰੀਤ, ਜੀਆ ਸੋਢੀ, ਸੁੱਖੀ ਭੰਗਲ, ਰਿਤੂ ਸੀਹਰਾ, ਤੇ ਸੁੱਖੀ ਭੰਗਲ ਦੀ ਹੋਣਹਾਰ ਪੋਤਰੀ ਵੱਲੋਂ ਤਿਆਰ ਕੀਤੀਆਂ ਟੀਮਾਂ ਨੇ ਤਾਂ ਜਿਵੇਂ ਹਰ ਦਿਲ ਨਚਾ ਦਿੱਤਾ।

ਪ੍ਰੋਗਰਾਮ ਦੇ ਸਾਰੇ ਸਪਾਂਸਰਾਂ ਦਾ ਅਮਨ ਤੇ ਪਵਨ ਦੋਵੇਂ ਭੈਣਾਂ ਵੱਲੋਂ ਧੰਨਵਾਦ ਕੀਤਾ ਗਿਆ।

ਅਸੈਂਬਲੀ ਵੂਮੈਨ ਦੇ ਆਫ਼ਿਸ ਵੱਲੋਂ ਵਿਸ਼ੇਸ਼ ਸਨਮਾਨ ਅਮਨ, ਪਵਨ, ਸੁਖੀ ਭੰਗਲ ਤੇ ਕੋਨੀ ਘੁੰਮਣ ਨੂੰ ਭੇਂਟ ਕੀਤਾ ਗਿਆ। ਡੀ.ਜੇ. ਹਰਮਨ ਤੇ ਦਿਲਪ੍ਰੀਤ, ਫੋਟੋ ਤੇ ਵੀਡੀਓ ਲਈ ਗੁਰਿੰਦਰ ਸਿੰਘ (ਕੈਸ਼ ਫੈਬਰਿਕਸ) ਤੇ ਨਰੇਸ਼ ਕੁਮਾਰ ਦਾ ਧੰਨਵਾਦ ਕੀਤਾ ਗਿਆ। ਅਮਾਰਾ ਜਿਊਲਰਜ਼ ਯੂਨੀਅਨ ਸਿਟੀ, ਖਾਦਿਮ ਹੁਸੈਨ ਜਿਊਲਰਜ਼, ਭਿੰਦੀ ਜਿਊਲਰਜ਼, ਬੱਗਾ ਜਿਊਲਰਜ਼ ਸੈਕਰਾਮੈਂਟੋ, ਨੂਰਮਹਿਲ ਜਿਊਲਰਜ਼ ਨਟੋਮਸ ਵਲੋਂ ਡਾਇਮੰਡ, ਸੋਨੇ ਦੇ ਗਿਫਟ ਰੈਪਰ ਕੱਢੇ ਗਏ।

ਪੰਜਾਹ ਦੇ ਕਰੀਬ ਸੂਟ, ਜਿਊਲਰੀ ਸੈੱਟ, ਖਾਣ-ਪੀਣ ਦਾ ਸਮਾਨ (ਹੰਸ ਬਰੈਂਡ) ਤੇ ਹੋਰ ਬਹੁਤ ਕੁਝ ਵੰਡਿਆ ਗਿਆ।

ਪ੍ਰੋਗਰਾਮ ਦਾ ਸੰਚਾਲਨ ਆਸ਼ਾ ਸ਼ਰਮਾ ਨੇ ਵੱਡੇ ਰੋਚਿਕ ਢੰਗ ਨਾਲ ਕੀਤਾ। ਸੁਖੀ ਭੰਗਲ ਨੂੰ 'ਤੈਨੂੰ ਵਧਾਈਆਂ ਨੀ' ਕਹਿੰਦਿਆਂ ਬੀਬੀਆਂ ਦੇ ਅਗਲੇ ਸਾਲ ਫਿਰ ਮਿਲਣ ਦਾ ਵਾਇਦਾ ਕੀਤਾ।

# ਫ਼ਿਊਜ਼ਨ ਮੇਲੇ 'ਚ ਗੋਲਡਨ ਸਟਾਰ ਮਲਕੀਤ ਸਿੰਘ ਨੇ ਕਰਵਾ'ਤੀ' 'ਬੱਲੇ-ਬੱਲੇ'



ਮੇਲੇ ਦੀਆਂ ਝਲਕੀਆਂ।

- ਵੱਖ-ਵੱਖ ਦੇਸ਼ਾਂ ਦੇ ਹੋਰਨਾਂ ਕਲਾਕਾਰਾਂ ਨੇ ਵੀ ਕੀਤਾ ਆਪਣੇ ਫ਼ਨ ਦਾ ਮੁਜ਼ਾਹਰਾ
- ਪੰਜਾਬੀ ਗੱਭਰੂਆਂ ਅਤੇ ਮੁਟਿਆਰਾਂ ਤੋਂ ਇਲਾਵਾ ਗੋਰੇ ਵੀ ਰਹੇ ਦੇਰ ਰਾਤ ਤੱਕ ਝੂੰਮਦੇ

ਵੈਨਕੂਵਰ, (ਮਲਕੀਤ ਸਿੰਘ/ਪੰਜਾਬ ਮੇਲ)- ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕੈਨੇਡਾ ਦੇ ਸਰੀ ਸ਼ਹਿਰ 'ਚ ਗੀਤਾਂ ਦੀ ਛਹਿਬਰ ਲਗਾ ਕੇ ਦੇਰ ਰਾਤ ਤੱਕ ਰੌਣਕਾਂ ਲਗਾ ਕੇ ਇਕੇਰਾ 'ਬੱਲੇ-ਬੱਲੇ' ਕਰਵਾ ਛੱਡੀ। ਇੱਥੇ ਜ਼ਿਕਰਯੋਗ ਹੈ ਕਿ ਸਰੀ ਸਿਟੀ ਵੱਲੋਂ ਹਰ ਸਾਲ ਸਰੀ ਦੇ ਹਾਲੈਂਡ ਪਾਰਕ 'ਚ ਵੱਖ-ਵੱਖ ਦੇਸ਼ਾਂ ਦੇ ਕਲਚਰ ਦੀ ਪੇਸ਼ਕਾਰੀ ਕਰਨ ਅਤੇ ਸਬੰਧਿਤ ਲੋਕਾਂ ਦੇ ਮਨੋਰੰਜਨ ਲਈ 'ਸਰੀ ਫ਼ਿਊਜ਼ਨ ਮੇਲਾ' ਕਰਵਾਇਆ ਜਾਂਦਾ ਹੈ। ਇਸ ਮੇਲੇ ਦੌਰਾਨ ਐਤਵਾਰ ਦੀ ਰਾਤ ਨੂੰ ਪ੍ਰਮੁੱਖ 'ਪੰਜਾਬੀ ਰੇਡੀਓ ਰੈਡ ਐੱਫ.ਐੱਮ.' ਦੇ ਸਹਿਯੋਗ ਨਾਲ ਪੰਜਾਬੀਆਂ ਦੇ ਮਨੋਰੰਜਨ ਲਈ ਇਕ ਸੱਭਿਆਚਾਰਕ ਸ਼ਾਮ ਦਾ ਆਯੋਜਨ ਕਰਵਾਇਆ ਗਿਆ।

ਮਲਕੀਤ ਸਿੰਘ ਦੇ ਅਜੋਕੇ ਚਰਚਿਤ ਗੀਤ 'ਕਾਲੀ ਐਨਕ ਨਾ ਲਾਇਆ ਕਰ ਨੀਂ, ਤੂੰ ਪਹਿਲਾਂ ਈ ਸੋਹਣੀ ਆਂ....!' ਦੀ ਤਾਲ 'ਤੇ ਨੱਚਣ ਦਾ ਮੂਡ ਬਣਾ ਕੇ ਮੇਲੇ 'ਚ ਪੁੱਜੇ ਰੰਗੀਨ ਮਿਜ਼ਾਜ ਦੇ ਕੁਝ ਦਰਸ਼ਕਾਂ ਵੱਲੋਂ ਲਗਾਈਆਂ ਕਾਲੀਆਂ ਐਨਕਾਂ ਨਾਲ ਮਾਹੌਲ ਦਿਲਚਸਪ ਬਣਿਆ ਨਜ਼ਰੀ ਆਇਆ। ਸਟੇਜ ਦੇ ਸਾਹਮਣੇ ਮੌਜੂਦ ਦਰਸ਼ਕਾਂ ਦੀ ਭੀੜ ਕਾਰਨ ਕੁਝ ਨੌਜਵਾਨ ਆਪਣੇ ਸਾਥੀਆਂ ਦੇ ਮੋਢਿਆਂ 'ਤੇ ਚੜ੍ਹ ਕੇ ਆਪਣੇ ਮੋਬਾਇਲਾਂ 'ਚ ਮੇਲੇ ਦੇ ਦ੍ਰਿਸ਼ਾਂ ਨੂੰ ਰਿਕਾਰਡ ਕਰਦੇ ਅਤੇ 'ਸੈਲਫ਼ੀਆਂ' ਲੈਂਦੇ ਵੀ ਨਜ਼ਰੀ ਆਏ। ਉਨ੍ਹਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਪੁੱਜੀਆਂ ਪੰਜਾਬੀ ਮੁਟਿਆਰਾਂ ਅਤੇ ਕੁਝ ਗੋਰੇ ਵੀ ਮਲਕੀਤ ਸਿੰਘ ਦੇ ਵੱਖ-ਵੱਖ ਗੀਤਾਂ ਦੀ ਤਾਲ 'ਤੇ ਬਾਹਾਂ ਉਲਾਰ ਕੇ ਝੂਮਦੇ ਵੇਖੇ ਗਏ। ਮੇਲੇ 'ਚ ਲਗਾਈਆਂ ਹੋਰਨਾਂ ਸਟੇਜਾਂ ਤੋਂ ਵੱਖ-ਵੱਖ ਦੇਸ਼ਾਂ ਨਾਲ ਸਬੰਧਿਤ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਵੀ ਵੇਖਣਯੋਗ ਸਨ। ਪਾਰਕ ਦੇ ਵੱਖ-ਵੱਖ ਹਿੱਸਿਆਂ 'ਚ ਖਾਣ-ਪੀਣ ਦੇ ਸਮਾਨ ਤੋਂ ਇਲਾਵਾ ਕਈ ਤਰ੍ਹਾਂ ਦੇ ਘਰੇਲੂ ਅਤੇ ਸਜਾਵਟੀ ਸਮਾਨ ਨੂੰ ਖਰੀਦਣ ਦੇ ਚਾਹਵਾਨਾਂ ਗ੍ਰਾਹਕਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਨਜ਼ਰੀ ਆਈਆਂ। ਮੇਲੇ 'ਚ ਬੱਚਿਆਂ ਦੇ ਮਨੋਰੰਜਨ ਲਈ ਲਗਾਏ ਗਏ ਕਈ ਤਰ੍ਹਾਂ ਦੇ ਪੰਘੂੜੇ ਅਤੇ ਹੋਰਨਾਂ ਸਾਧਨਾਂ ਰਾਹੀਂ ਬਹੁਗਿਣਤੀ ਬੱਚੇ ਮਸਤੀ 'ਚ ਰੁੱਝੇ ਨਜ਼ਰੀ ਪਏ।

# ਕੌਮਾਂਤਰੀ ਵਿਦਿਆਰਥੀਆਂ ਨੂੰ ਪੱਕੇ ਨਹੀਂ ਕਰੇਗਾ ਕੈਨੇਡਾ

- ਸਟੱਡੀ ਪਰਮਿਟ ਕਿਸੇ ਨੂੰ ਵੀ ਕੈਨੇਡਾ 'ਚ ਪੱਕੇ ਹੋਣ ਦੀ ਗਾਰੰਟੀ ਨਹੀਂ ਦਿੰਦਾ : ਕੈਨੇਡੀਅਨ ਇਮੀਗ੍ਰੇਸ਼ਨ ਮੰਤਰੀ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਈਕ ਮਿੱਲਰ ਨੇ ਕੌਮਾਂਤਰੀ ਵਿਦਿਆਰਥੀਆਂ 'ਤੇ ਹੋਰ ਸਖ਼ਤੀ ਕਰਦਿਆਂ ਕਿਹਾ ਹੈ ਕਿ ਸਟੱਡੀ ਪਰਮਿਟ ਕਿਸੇ ਨੂੰ ਵੀ ਕੈਨੇਡਾ ਵਿਚ ਪੱਕੇ ਹੋਣ ਦੀ ਗਾਰੰਟੀ ਨਹੀਂ ਦਿੰਦਾ ਤੇ ਨਾ ਹੀ ਹੁਣ ਇਸ ਨੂੰ ਪੀ.ਆਰ. ਦਾ ਵਸੀਲਾ ਬਣਨ ਦਿੱਤਾ ਜਾਏਗਾ। ਮੰਤਰੀ ਨੇ ਸਖ਼ਤ ਭਰੇ ਲਹਿਜੇ ਵਿਚ ਕਿਹਾ ਕਿ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀ ਇਹ ਸੋਚ ਕੇ ਹੀ ਇੱਥੇ ਆਉਣ। ਮੰਤਰੀ ਨੇ ਕਿਹਾ ਕਿ ਇੱਥੇ ਵੱਡੀ ਗਿਣਤੀ ਵਿਚ ਆਏ ਵਿਦਿਆਰਥੀ ਪਹਿਲਾਂ ਹੀ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਕਾਮਿਆਂ ਦੀ ਲੋੜ ਬਾਰੇ ਕੀਤੇ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਕਿ ਇਸ ਪ੍ਰਣਾਲੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ, ਜਿਸ 'ਤੇ ਹੁਣ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਏਗਾ। ਮਾਈਕ ਮਿਲਰ ਨੇ ਸੰਕੇਤ ਦਿੱਤੇ ਕਿ ਇਸ ਪ੍ਰਣਾਲੀ ਵਿਚਲੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਖ਼ਤੀ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ ਤੇ ਹੁਣ ਕਈ ਦੇਸ਼ਾਂ ਦੇ ਸਟੱਡੀ ਪਰਮਿਟ 'ਤੇ ਆ ਰਹੇ ਵਿਦਿਆਰਥੀਆਂ ਦੀ ਗਿਣਤੀ ਕਾਫ਼ੀ ਘੱਟ ਗਈ ਹੈ। ਇਸ ਸਖ਼ਤੀ ਤੋਂ ਪ੍ਰੇਸ਼ਾਨ ਹੋਏ ਕਈ ਲੋਕਾਂ ਨੇ ਮੰਤਰੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਜੇ ਸਰਕਾਰ ਨੇ ਇਸ ਮਾਮਲੇ 'ਤੇ ਪਹਿਲਾਂ ਹੀ ਕਾਬੂ ਪਾਇਆ ਹੁੰਦਾ, ਤਾਂ ਵਿਦਿਆਰਥੀਆਂ ਦੀਆਂ ਮੁਸੀਬਤਾਂ ਨਾ ਵਧਦੀਆਂ। ਵਿਦਿਆਰਥੀ ਜਥੇਬੰਦੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ 70 ਹਜ਼ਾਰ ਵਿਦਿਆਰਥੀਆਂ ਦੇ ਸਿਰ 'ਤੇ ਪਹਿਲਾਂ ਹੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ, ਜਿਨ੍ਹਾਂ ਵਿਚੋਂ 10 ਹਜ਼ਾਰ ਨੂੰ ਵਾਪਸੀ ਲਈ ਕਹਿ ਵੀ ਦਿੱਤਾ ਗਿਆ ਹੈ।

# ਲਖੀਮਪੁਰ ਖੀਰੀ ਕੇਸ: ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਨੂੰ ਦਿੱਤੀ ਜ਼ਮਾਨਤ



ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ 2021 ਦੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਸਾਬਕਾ ਕੇਂਦਰੀ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਸ ਨੂੰ ਦਿੱਲੀ ਜਾਂ ਲਖਨਊ ਵਿਚ ਹੀ ਰਹਿਣ ਦਾ ਨਿਰਦੇਸ਼ ਦਿੱਤਾ ਗਿਆ ਹੈ। ਲਖੀਮਪੁਰ ਖੀਰੀ ਵਿਚ ਹੋਈ ਹਿੰਸਾ 'ਚ ਅੱਠ ਵਿਅਕਤੀਆਂ ਦੀ ਮੌਤ ਹੋ ਗਈ ਸੀ। ਪਿਛਲੇ ਸਾਲ 25 ਜਨਵਰੀ ਨੂੰ ਸਿਖਰਲੀ ਅਦਾਲਤ ਨੇ ਇਸ 'ਮੰਦਭਾਗੀ ਤੇ ਭਿਆਨਕ ਘਟਨਾ' ਨਾਲ ਜੁੜੇ ਮਾਮਲੇ ਵਿਚ ਆਸ਼ੀਸ਼ ਮਿਸ਼ਰਾ ਨੂੰ ਅੰਤ੍ਰਿਮ ਜ਼ਮਾਨਤ ਦਿੱਤੀ ਸੀ। ਜਸਟਿਸ ਸੂਰਿਆਕਾਂਤ ਤੇ ਜਸਟਿਸ ਉੱਜਲ ਭੂਯਾਨ ਨੇ ਚਾਰ ਕਿਸਾਨਾਂ ਗੁਰਵਿੰਦਰ ਸਿੰਘ, ਕਮਲਜੀਤ ਸਿੰਘ, ਗੁਰਪ੍ਰੀਤ ਸਿੰਘ ਅਤੇ ਵਚਿੱਤਰ ਸਿੰਘ ਨੂੰ ਵੀ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ ਅਤੇ ਹੇਠਲੀ ਅਦਾਲਤ ਨੂੰ ਮਾਮਲੇ ਦੀ ਸੁਣਵਾਈ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਬੈਂਚ ਨੇ ਕਿਹਾ, "ਸਾਰੇ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ ਅੰਤ੍ਰਿਮ ਆਦੇਸ਼ ਨੂੰ ਆਖ਼ਰੀ ਆਦੇਸ਼ ਕੀਤਾ ਜਾਂਦਾ ਹੈ। ਸਾਨੂੰ ਲੱਗਦਾ ਹੈ ਕਿ ਮੁਕੱਦਮੇ ਦੀ ਕਾਰਵਾਈ ਵਿਚ ਤੇਜ਼ੀ ਲਿਆਉਣ ਦੀ ਲੋੜ ਹੈ।"

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

# ਪਾਕਿਸਤਾਨ 'ਚ ਹਿੰਦੂਆਂ ਦੀ ਆਬਾਦੀ 38 ਲੱਖ; ਬਣਿਆ ਸਭ ਤੋਂ ਵੱਡਾ ਘੱਟ ਗਿਣਤੀ ਸਮੂਹ

ਇਸਲਾਮਾਬਾਦ, (ਪੰਜਾਬ ਮੇਲ)- ਪਾਕਿਸਤਾਨ ਵਿਚ ਹਿੰਦੂਆਂ ਦੀ ਆਬਾਦੀ 2017 ਵਿਚ 35 ਲੱਖ ਤੋਂ ਵੱਧ ਕੇ 2023 ਵਿਚ 38 ਲੱਖ ਹੋ ਗਈ, ਜਿਸ ਨਾਲ ਉਹ ਇਸ ਇਸਲਾਮਿਕ ਰਾਸ਼ਟਰ ਵਿਚ ਸਭ ਤੋਂ ਵੱਡਾ ਘੱਟ ਗਿਣਤੀ ਸਮੂਹ ਬਣ ਗਿਆ ਹੈ। ਇਹ ਜਾਣਕਾਰੀ ਪਿਛਲੇ ਸਾਲ ਦੀ ਜਨਗਣਨਾ ਦੇ ਅਧਿਕਾਰਤ ਅੰਕੜਿਆਂ ਤੋਂ ਮਿਲੀ ਹੈ। 'ਡਾਨ' ਅਖ਼ਬਾਰ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਬਿਊਰੋ ਆਫ ਸਟੇਟਿਸਟਿਕਸ (ਪੀ.ਬੀ.ਐੱਸ.) ਨੇ ਵੀਰਵਾਰ ਨੂੰ 7ਵੀਂ ਆਬਾਦੀ ਅਤੇ ਰਿਹਾਇਸ਼ ਜਨਗਣਨਾ 2023 ਦੇ ਨਤੀਜੇ ਜਾਰੀ ਕੀਤੇ।

2023 ਵਿਚ ਪਾਕਿਸਤਾਨ ਦੀ ਕੁੱਲ ਆਬਾਦੀ 2,40,458,089 ਸੀ। ਇਹ ਦਰਸਾਉਂਦਾ ਹੈ ਕਿ ਕੁੱਲ ਆਬਾਦੀ ਵਿਚ ਮੁਸਲਮਾਨਾਂ ਦਾ ਹਿੱਸਾ 2017 ਵਿਚ 96.47 ਪ੍ਰਤੀਸ਼ਤ ਤੋਂ ਥੋੜ੍ਹਾ ਘੱਟ ਕੇ 2023 ਵਿਚ 96.35 ਪ੍ਰਤੀਸ਼ਤ ਰਹਿ ਗਿਆ, ਜਦੋਂਕਿ ਪਿਛਲੇ ਛੇ ਸਾਲਾਂ ਵਿਚ ਸਾਰੀਆਂ ਪ੍ਰਮੁੱਖ ਧਾਰਮਿਕ ਘੱਟ ਗਿਣਤੀਆਂ ਦੀ ਆਬਾਦੀ ਵਿਚ ਵਾਧਾ ਹੋਇਆ ਹੈ। ਹਿੰਦੂਆਂ ਦੀ ਆਬਾਦੀ 2017 'ਚ 35 ਲੱਖ ਤੋਂ ਵਧ ਕੇ 2023 ਵਿਚ 38 ਲੱਖ ਹੋ ਗਈ, ਪਰ ਕੁੱਲ ਆਬਾਦੀ ਵਿਚ ਉਨ੍ਹਾਂ ਦਾ ਹਿੱਸਾ 1.73 ਤੋਂ ਘੱਟ ਕੇ 1.61 ਫ਼ੀਸਦੀ ਰਹਿ ਗਿਆ ਹੈ। ਇਹ ਦਰਸਾਉਂਦਾ ਹੈ ਕਿ ਹੋਰ ਘੱਟ ਗਿਣਤੀ ਭਾਈਚਾਰਿਆਂ ਦੀ ਆਬਾਦੀ ਤੇਜ਼ੀ ਨਾਲ ਵਧੀ ਹੈ।

ਈਸਾਈਆਂ ਦੀ ਆਬਾਦੀ ਵੀ 26 ਲੱਖ ਤੋਂ ਵਧ ਕੇ 33 ਲੱਖ ਹੋ ਗਈ ਹੈ। ਕੁੱਲ ਆਬਾਦੀ ਵਿਚ ਈਸਾਈਆਂ ਦੀ ਹਿੱਸੇਦਾਰੀ 1.27 ਤੋਂ ਵਧ ਕੇ 1.37 ਫੀਸਦੀ ਹੋ ਗਈ ਹੈ। ਅਹਿਮਦੀਆਂ ਦੀ ਅਸਲ ਆਬਾਦੀ ਦੇ ਨਾਲ-ਨਾਲ ਕੁੱਲ ਆਬਾਦੀ ਵਿਚ ਉਨ੍ਹਾਂ ਦਾ ਹਿੱਸਾ ਵੀ ਘਟਿਆ ਹੈ। ਉਨ੍ਹਾਂ ਦੇ ਭਾਈਚਾਰੇ ਦੀ ਆਬਾਦੀ 2017 ਵਿਚ 1,91,737 (ਕੁੱਲ ਆਬਾਦੀ ਦਾ 0.09 ਪ੍ਰਤੀਸ਼ਤ) ਤੋਂ 29,053 ਘੱਟ ਕੇ 162,684 (ਕੁੱਲ ਆਬਾਦੀ ਦਾ 0.07 ਪ੍ਰਤੀਸ਼ਤ) ਰਹਿ ਗਈ। ਸਿੱਖ ਭਾਈਚਾਰੇ ਦੀ ਆਬਾਦੀ 15,998 ਅਤੇ ਪਾਰਸੀ ਭਾਈਚਾਰੇ ਦੀ 2,348 ਸੀ।

ਅੰਕੜੇ ਦਰਸਾਉਂਦੇ ਹਨ ਕਿ ਦੇਸ਼ ਦੀ ਆਬਾਦੀ 2017 ਵਿਚ ਲਗਭਗ 20.76 ਕਰੋੜ ਤੋਂ ਵੱਧ ਕੇ 2023 ਵਿਚ 2.55 ਪ੍ਰਤੀਸ਼ਤ ਦੀ ਵਾਧਾ ਦਰ ਨਾਲ ਲਗਭਗ 24.14 ਕਰੋੜ ਹੋ ਜਾਵੇਗੀ। ਅੰਕੜੇ ਦੱਸਦੇ ਹਨ ਕਿ ਇਸ ਦਰ ਨਾਲ 2050 ਤੱਕ ਪਾਕਿਸਤਾਨ ਦੀ ਆਬਾਦੀ ਦੁੱਗਣੀ ਹੋ ਜਾਣ ਦੀ ਸੰਭਾਵਨਾ ਹੈ। ਆਬਾਦੀ ਦੇ ਵਿਭਾਜਨ ਅਨੁਸਾਰ ਪੁਰਸ਼ਾਂ ਦੀ ਕੁੱਲ ਸੰਖਿਆ 12.432 ਕਰੋੜ ਸੀ, ਜਦੋਂ ਕਿ ਔਰਤਾਂ ਦੀ ਗਿਣਤੀ 11.715 ਕਰੋੜ ਦਰਜ ਕੀਤੀ ਗਈ ਸੀ। ਲਿੰਗ ਅਨੁਪਾਤ 1.06 ਸੀ, ਜਦੋਂਕਿ ਟ੍ਰਾਂਸਜੈਂਡਰ ਆਬਾਦੀ 20,331 ਦੱਸੀ ਗਈ ਸੀ।

# ਭਾਰਤੀ ਡੌਗ ਸਕੁਐਡ ਓਲੰਪਿਕ ਖੇਡਾਂ ਦੌਰਾਨ ਕਰੇਗਾ ਸੁਰੱਖਿਆ 'ਚ ਮਦਦ

ਨਵੀਂ ਦਿੱਲੀ, (ਪੰਜਾਬ ਮੇਲ)- ਸੀ.ਏ.ਪੀ.ਐੱਫ. ਤੇ ਸਪੈਸ਼ਲ ਕਮਾਂਡੋ ਫੋਰਸ ਦੇ ਵਿਸ਼ੇਸ਼ ਸਿਖਲਾਈ ਪ੍ਰਾਪਤ 10 ਕੁੱਤਿਆਂ ਦਾ ਦਸਤਾ ਅਗਲੇ ਹਫ਼ਤੇ ਪੈਰਿਸ ਓਲੰਪਿਕ ਖੇਡਾਂ ਦੌਰਾਨ ਵੱਖ-ਵੱਖ ਥਾਵਾਂ 'ਤੇ ਅੱਤਵਾਦ ਵਿਰੋਧੀ ਅਤੇ ਵਿਘਨ ਪਾਊ ਸਰਗਰਮੀਆਂ ਖ਼ਿਲਾਫ਼ ਸੁਰੱਖਿਆ ਮੁਹੱਈਆ ਕਰਵਾਉਣ ਲਈ ਫਰਾਂਸ ਵਿਚ ਹੈ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਇਕ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਕੇ9 (ਡੌਗ) ਦਸਤਾ ਪੈਰਿਸ ਓਲੰਪਿਕ ਦੌਰਾਨ ਮੁਕਾਬਲੇ ਵਾਲੀਆਂ ਵੱਖ-ਵੱਖ ਥਾਵਾਂ 'ਤੇ ਗਸ਼ਤ ਕਰੇਗਾ।



ਕੌਮਾਂਤਰੀ ਮੀਡੀਆ ਦੀਆਂ ਖ਼ਬਰਾਂ ਮੁਤਾਬਕ ਫਰਾਂਸ 26 ਜੁਲਾਈ ਤੋਂ 11 ਅਗਸਤ ਤੱਕ ਹੋਣ ਵਾਲੀਆਂ ਪੈਰਿਸ ਓਲੰਪਿਕ ਖੇਡਾਂ 'ਚ ਸੁਰੱਖਿਆ ਲਈ ਹਰ ਦਿਨ 30,000 ਪੁਲਿਸ ਅਧਿਕਾਰੀ ਤਾਇਨਾਤ ਕਰ ਰਿਹਾ ਹੈ, ਜਦਕਿ ਸੀਨ ਨਦੀ 'ਤੇ ਉਦਘਾਟਨੀ ਸਮਾਗਮ ਲਈ 45 ਹਜ਼ਾਰ ਮੁਲਾਜ਼ਮ ਤਾਇਨਾਤ ਕੀਤੇ ਜਾਣਗੇ। ਰਿਪੋਰਟਾਂ ਮੁਤਾਬਕ ਲਗਭਗ 18,000 ਮਿਲਟਰੀ ਅਧਿਕਾਰੀ ਵੀ ਸੁਰੱਖਿਆ ਯਕੀਨੀ ਬਣਾਉਣ 'ਚ ਮਦਦ ਕਰ ਰਹੇ ਹਨ। ਅਧਿਕਾਰੀ ਮੁਤਾਬਕ ਭਾਰਤ ਤੇ ਫਰਾਂਸ ਸਰਕਾਰ ਵਿਚਾਲੇ ਆਪਣੀ ਤਰ੍ਹਾਂ ਦੇ ਇਸ ਪਹਿਲੀ ਸਹਿਯੋਗ ਲਈ ਇਨ੍ਹਾਂ ਕੁੱਤਿਆਂ ਨੂੰ 10 ਹਫ਼ਤਿਆਂ ਦੀ ਵਿਸ਼ੇਸ਼ ਸਿਖਲਾਈ ਦਿੱਤੀ ਗਈ ਹੈ। ਇਸ ਦਸਤੇ 'ਚ ਸ਼ਾਮਲ ਕੁੱਤਿਆਂ ਤੇ ਉਨ੍ਹਾਂ ਦੇ ਟਰੇਨਰਾਂ ਨੂੰ ਸੀ.ਆਰ.ਪੀ.ਐੱਫ., ਸ਼ਸਤਰ ਸੀਮਾ ਬਲ (ਐੱਸ.ਐੱਸ.ਬੀ.), ਆਈ.ਟੀ.ਬੀ.ਪੀ. ਵਰਗੇ ਕੇਂਦਰੀ ਹਥਿਆਰਬੰਦ ਪੁਲਿਸ ਬਲ (ਸੀ.ਏ.ਪੀ.ਐੱਫ.) ਤੋਂ ਇਲਾਵਾ ਕੌਮੀ ਸੁਰੱਖਿਆ ਗਾਰਡ ਅਸਾਮ ਰਾਈਫਲਜ਼ ਵਿਚੋਂ ਚੁਣਿਆ ਗਿਆ ਹੈ।

# ਸਰੀ 'ਚ ਹੋਇਆ ਕੈਨੇਡਾ ਕੱਪ ਅੰਤਰਰਾਸ਼ਟਰੀ ਫੀਲਡ ਹਾਕੀ ਟੂਰਨਾਮੈਂਟ

**ਫੀਨਿਕਸ ਹਾਕੀ ਕਲੱਬ ਨੇ ਚੁੰਮਿਆ ਕੈਨੇਡਾ ਕੱਪ, ਯੂਬਾ ਬ੍ਰਦਰਜ਼ ਦੂਜੇ ਅਤੇ ਵੈਸਟ ਕੋਸਟ ਕਿੰਗਜ਼ ਤੀਜੇ ਸਥਾਨ 'ਤੇ ਰਹੇ**




**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੋਸਾਇਟੀ ਵੱਲੋਂ ਟਮੈਨਵਿਸ ਪਾਰਕ ਸਰੀ ਵਿਚ ਚਾਰ ਦਿਨਾਂ ਕੈਨੇਡਾ ਕੱਪ ਇੰਟਰਨੈਸ਼ਨਲ ਫੀਲਡ ਹਾਕੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿਚ ਵੱਖ-ਵੱਖ ਵਰਗਾਂ ਦੇ ਸ਼ਾਨਦਾਰ ਹਾਕੀ ਮੁਕਾਬਲਿਆਂ ਨੂੰ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਮਾਣਿਆਂ। ਫਾਈਨਲ ਮੈਚ 'ਚ ਫੀਨਿਕਸ ਹਾਕੀ ਕਲੱਬ ਦੀ ਟੀਮ ਨੇ ਯੂਬਾ ਬ੍ਰਦਰਜ਼ ਦੀ ਟੀਮ ਨੂੰ 4-2 ਨਾਲ ਹਰਾ ਕੇ 2024 ਦਾ ਕੈਨੇਡਾ ਕੱਪ ਜਿੱਤਿਆ। ਫਾਈਨਲ ਮੈਚ ਦੌਰਾਨ ਦੋਵਾਂ ਟੀਮਾਂ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਦੋਵੇਂ ਟੀਮਾਂ ਹਾਫ ਟਾਈਮ ਤੱਕ ਇਕ ਦੂਸਰੇ ਉਪਰ ਤਾਬੜਤੋੜ ਹਮਲੇ ਕਰਦੀਆਂ ਰਹੀਆਂ। ਹਾਫ ਟਾਈਮ ਤੋਂ ਬਾਦ ਫੀਨਿਕਸ ਟੀਮ ਦੇ ਫਾਰਵਰਡ ਖਿਡਾਰੀਆਂ ਨੇ ਜ਼ੋਰਦਾਰ ਹਮਲੇ ਕਰਦਿਆਂ 4-2 ਨਾਲ ਸ਼ਾਨਦਾਰ ਜਿੱਤ ਹਾਸਲ ਕੀਤੀ। ਫਾਈਨਲ ਮੈਚ ਦੌਰਾਨ ਹਾਕੀ ਪ੍ਰੇਮੀਆਂ ਤੇ ਦਰਸ਼ਕਾਂ ਦਾ ਭਾਰੀ ਇਕੱਠ ਜੁੜਿਆ, ਜਿਨ੍ਹਾਂ ਨੇ ਖਿਡਾਰੀਆਂ ਦੀ ਹਰ ਮੂਵ 'ਤੇ ਤਾੜੀਆਂ ਦੀ ਗੂੰਜ ਨਾਲ ਖਿਡਾਰੀਆਂ ਦਾ ਹੌਂਸਲਾ ਵਧਾਇਆ।

ਜੇਤੂ ਟੀਮਾਂ ਅਤੇ ਸਰਬੋਤਮ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਲਿਬਰਲ ਐੱਮ.ਪੀ. ਸੁਖ ਧਾਲੀਵਾਲ, ਸਪਾਂਸਰਾਂ ਅਤੇ ਸੁਸਾਇਟੀ ਦੇ ਅਹੁਦੇਦਾਰਾਂ ਵੱਲੋਂ ਕੀਤੀ ਗਈ। ਜੇਤੂ ਹਾਕੀ ਟੀਮਾਂ ਨੂੰ ਟਰਾਫੀਆਂ ਅਤੇ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਸਰਬੋਤਮ ਚੁਣੇ ਗਏ ਖਿਡਾਰੀਆਂ ਨੂੰ ਵਿਸ਼ੇਸ਼ ਨਗਦ ਇਨਾਮ ਦਿੱਤੇ ਗਏ। ਟੂਰਨਾਮੈਂਟ 'ਚ ਜੇਤੂ ਰਹੀਆਂ

## ਟੀਮਾਂ ਦਾ ਵੇਰਵਾ-

**ਪੁਰਸ਼ ਪ੍ਰੀਮੀਅਰ ਡਿਵੀਜ਼ਨ:**

ਪਹਿਲਾ ਸਥਾਨ : ਕੈਨੇਡਾ ਕੱਪ + 10,000 ਡਾਲਰ

ਫੀਨਿਕਸ ਫੀਲਡ ਹਾਕੀ ਕਲੱਬ (ਪਹਿਲਾ ਇਨਾਮ ਸੰਘੇੜਾ ਬ੍ਰਦਰਜ਼ ਅਪਨਾ ਗਰੁੱਪ ਦੁਆਰਾ ਸਪਾਂਸਰ ਕੀਤਾ ਗਿਆ)

ਦੂਜਾ ਸਥਾਨ: ਟਰਾਫੀ ਅਤੇ 5,000 ਡਾਲਰ - ਯੂਬਾ ਬ੍ਰਦਰਜ਼

ਤੀਜਾ ਸਥਾਨ: ਟਰਾਫੀ + 2,500 ਡਾਲਰ - ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ

ਚੌਥਾ ਸਥਾਨ - ਤਸੱਵਰ ਇਲੈਵਨ ਹਾਕੀ ਕਲੱਬ

**ਕੰਪੀਟੇਟਿਵ ਡਿਵੀਜ਼ਨ:**

ਪਹਿਲਾ ਸਥਾਨ: ਟਰਾਫੀ + 3,000 ਡਾਲਰ - ਸੁਰਿੰਦਰ ਲਾਇਨਜ਼

ਦੂਜਾ ਸਥਾਨ, 1,500 ਡਾਲਰ - ਵੈਸਟ ਕੋਸਟ ਕਿੰਗਜ਼

**ਅੰਡਰ 16 ਡਿਵੀਜ਼ਨ:**

ਪਹਿਲਾ ਸਥਾਨ, ਟਰਾਫੀ + 1,500 ਡਾਲਰ - ਪੈਂਥਰ ਫੀਲਡ ਹਾਕੀ ਕਲੱਬ

ਦੂਜਾ ਸਥਾਨ, ਟਰਾਫੀ + 1,000 ਡਾਲਰ - ਯੂਨਾਈਟਡ ਕੈਲਗਰੀ

ਲੜਕੀਆਂ ਮੁਕਾਬਲੇ ਦੇ ਜੇਤੂ :

ਪਹਿਲਾ ਸਥਾਨ: ਟਰਾਫੀ + 5,000 - ਈਗਲ ਮੈਕਸੀਕੋ (ਸਪਾਂਸਰ ਜਗਤਾਰ ਧਾਲੀਵਾਲ ਦੁਆਰਾ ਮਨਦੀਪ ਧਾਲੀਵਾਲ ਦੀ ਯਾਦ ਵਿਚ)

ਦੂਜਾ ਸਥਾਨ, ਟਰਾਫੀ + 2,000 ਡਾਲਰ : ਵੈਸਟ ਕੋਸਟ ਕਿੰਗਜ਼

**ਸਰਬੋਤਮ ਖਿਡਾਰੀ:**

ਬੈਸਟ ਫਾਰਵਰਡ/ਗੋਲ ਸਕੋਰਰ, 500 ਡਾਲਰ : ਜੇਰੋਇਨ ਹਰਟਜ਼ਬਰਗਰ (ਹਾਲੈਂਡ)

ਬੈਸਟ ਮਿਡਫੀਲਡਰ, 500 ਡਾਲਰ : ਕੋਸਿਨਸ ਟੈਂਗੁਏ (ਪੀ.ਐੱਚ.ਸੀ., ਬੈਲਜੀਅਮ)

ਬੈਸਟ ਡਿਫੈਂਡਰ, 500 ਡਾਲਰ : ਗੁਰਵਿੰਦਰ ਸਿੰਘ ਗੋਗੀ

ਬੈਸਟ ਗੋਲ ਕੀਪਰ, 500 ਡਾਲਰ : ਜੋਕਿਨ ਬਰਥੋਲਡ (ਅਰਜਨਟੀਨਾ)

ਮੋਸਟ ਵੈਲਿਊਏਬਲ ਪਲੇਅਰ (ਐੱਮ.ਵੀ.ਪੀ.), 1,000 ਡਾਲਰ : ਟਿਮ ਸਵੈਗਨ (ਨੀਦਰਲੈਂਡ)

ਸਰਬੋਤਮ ਖਿਡਾਰੀਆਂ ਨੂੰ ਨਕਦ ਇਨਾਮ ਲੱਕੀ ਜੌਹਲ ਅਤੇ ਲਵਲੀ ਜੌਹਲ ਆਈਡੀਲ ਸਾਈਨ ਅਤੇ ਆਈਡੀਲ ਅੱਪਫਿਟਰ ਵੱਲੋਂ ਦਿੱਤੇ ਗਏ।

ਟੂਰਨਾਮੈਂਟ ਦੌਰਾਨ ਚਾਰ ਦਿਨ ਮੰਚ ਸੰਚਾਲਕ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਊਧਮ ਸਿੰਘ ਹੁੰਦਲ ਨੇ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੁਸਾਇਟੀ ਵੱਲੋਂ ਟੂਰਨਾਮੈਂਟ ਦੀ ਸਫਲਤਾ ਲਈ ਸਮੂਹ ਖਿਡਾਰੀਆਂ, ਸਪਾਂਸਰਾਂ, ਰੈਫਰੀਆਂ, ਵਲੰਟੀਅਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਟੂਰਨਾਮੈਂਟ ਦੌਰਾਨ ਇੰਡੀਆ ਤੋਂ ਕੌਮਾਂਤਰੀ ਕੋਚ ਭੁਪਿੰਦਰ ਸਿੰਘ ਨੇ ਵਿਸ਼ੇਸ਼ ਸੇਵਾਵਾਂ ਦਿੱਤੀਆਂ। ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਅਤੇ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ-ਡੈਲਟਾ ਵੱਲੋਂ ਚਾਰੇ ਦਿਨ ਲੰਗਰਾਂ ਦੀ ਸੇਵਾ ਨਿਭਾਈ ਗਈ।

# ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਵੱਲੋਂ ਪਿਕਸ ਸੁਸਾਇਟੀ ਸਰੀ ਦਾ ਦੌਰਾ



**ਮੰਤਰੀ ਵੱਲੋਂ ਨਵੇਂ ਆਏ ਲੋਕਾਂ ਲਈ ਸਹਿਯੋਗੀ ਕਾਰਜ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ**

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ ਮਾਰਕ ਮਿਲਰ ਨੇ ਪ੍ਰੋਗਰੈਸਿਵ ਇੰਟਰਕਲਚਰਲ ਕਮਿਊਨਿਟੀ ਸਰਵਿਸਿਜ਼ ਸੋਸਾਇਟੀ (ਪਿਕਸ) ਦਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਕੈਨੇਡਾ ਦੇ ਹਾਊਸ ਆਫ਼ ਕਾਮਨਜ਼ ਦੇ ਮੈਂਬਰ ਸੁਖ ਧਾਲੀਵਾਲ ਵੀ ਸਨ। ਪਿਕਸ ਦੇ ਸੀ.ਈ.ਓ. ਸਤਿਬੀਰ ਚੀਮਾ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਦੋਹਾਂ ਆਗੂਆਂ ਨੇ ਨਵੇਂ ਆਏ ਲੋਕਾਂ ਦਾ ਸਮਰਥਨ ਕਰਨ ਅਤੇ ਪ੍ਰਬੰਧਕੀ ਕਾਰਜ ਦੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪਿਕਸ ਦੀ ਸੈਟਲਮੈਂਟ, ਭਾਸ਼ਾ ਅਤੇ ਸਮਾਜਿਕ ਪ੍ਰੋਗਰਾਮਾਂ ਦੀ ਸੀਨੀਅਰ ਡਾਇਰੈਕਟਰ ਸ਼੍ਰੀਮਤੀ ਦਵਿੰਦਰ ਚੱਠਾ ਨੇ ਉਨ੍ਹਾਂ ਨੂੰ ਸੁਸਾਇਟੀ ਦੇ ਉਦੇਸ਼ਾਂ, ਮਿਸ਼ਨ ਅਤੇ ਕਾਰਜਾਂ ਬਾਰੇ ਵਿਆਪਕ ਜਾਣਕਾਰੀ ਦਿੱਤੀ। ਉਸ ਨੇ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਅਤੇ ਸੂਬਾਈ ਸਰਕਾਰ ਦੁਆਰਾ ਫੰਡ ਕੀਤੇ ਮੌਜੂਦਾ ਬੰਦੋਬਸਤ ਅਤੇ ਏਕੀਕਰਣ ਪ੍ਰੋਗਰਾਮਾਂ ਦੀ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ। ਸ਼੍ਰੀਮਤੀ ਚੱਠਾ ਨੇ ਕੈਨੇਡਾ 'ਚ ਨਵੇਂ ਆਉਣ ਵਾਲੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਅਤੇ ਭਾਈਚਾਰੇ ਦੀ ਬਿਹਤਰ ਸੇਵਾ ਕਰਨ ਲਈ ਪਿਕਸ ਵੱਲੋਂ ਉਲੀਕੀਆਂ ਗਈਆਂ ਭਵਿੱਖੀ ਵਿਸਤਾਰ ਯੋਜਨਾਵਾਂ ਦੀ ਰੂਪ ਰੇਖਾ ਸਾਂਝੀ ਕੀਤੀ।

ਮੰਤਰੀ ਨੇ ਪਿਕਸ ਦੇ ਮੁੱਖ ਦਫਤਰ ਵਿਖੇ ਡੇ-ਕੇਅਰ ਸਹੂਲਤ ਦਾ ਵੀ ਦੌਰਾ ਕੀਤਾ, ਜੋ ਕਿ ਬੰਦੋਬਸਤ ਸਲਾਹਕਾਰਾਂ ਨਾਲ ਮੁਲਾਕਾਤਾਂ ਵਿਚ ਹਾਜ਼ਰ ਹੋਣ ਅਤੇ ਵੱਖ-ਵੱਖ ਸਮਾਗਮਾਂ ਵਿਚ ਹਿੱਸਾ ਲੈਣ ਵਾਲੇ ਗਾਹਕਾਂ ਨੂੰ ਬਾਲ ਸੰਭਾਲ ਸੇਵਾਵਾਂ ਪ੍ਰਦਾਨ ਕਰਦਾ ਹੈ।

ਇਸ ਤੋਂ ਇਲਾਵਾ ਉਨ੍ਹਾਂ ਸੀਨੀਅਰ ਕੇਅਰ ਫੈਸਿਲਿਟੀ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੂੰ ਵਸਨੀਕਾਂ ਨਾਲ ਗੱਲਬਾਤ ਕਰਨ ਅਤੇ ਸੁਵਿਧਾ ਸੇਵਾਵਾਂ ਅਤੇ ਸੰਚਾਲਨ ਬਾਰੇ ਸਿੱਧੀ ਫੀਡਬੈਕ ਪ੍ਰਾਪਤ ਕਰਨ ਦਾ ਮੌਕਾ ਮਿਲਿਆ।




REALTYONEGROUP

Gurjatinder S. Randhawa
REALTOR
CA DRE licence # 01490567

web: www.RealtorRandhawa.com

916-320-9444

Gurjatinder S. Randhawa
REALTOR CA DRE licence # 01490567


garysingh123@yahoo.com

# ਕੋਵਿਡ ਮਹਾਮਾਰੀ ਨੇ ਭਾਰਤੀਆਂ ਦੀ ਉਮਰ ਘਟਾਈ ! ਰਿਪੋਰਟ 'ਚ ਦਾਅਵਾ

ਨਵੀਂ ਦਿੱਲੀ, (ਪੰਜਾਬ ਮੇਲ)- ਕੋਵਿਡ ਮਹਾਮਾਰੀ ਨੇ ਭਾਰਤੀਆਂ ਦੀ ਔਸਤ ਉਮਰ ਘਟਾ ਦਿੱਤੀ ਹੈ, ਅਕਾਦਮਿਕ ਜਰਨਲ ਸਾਇੰਸ ਐਡਵਾਂਸਜ਼ ਵਿਚ ਪ੍ਰਕਾਸ਼ਿਤ ਇੱਕ ਰਿਪੋਰਟ ਵਿਚ ਇਹ ਦਾਅਵਾ ਕੀਤਾ ਗਿਆ ਹੈ। ਰਿਪੋਰਟ ਦੇ ਅਨੁਸਾਰ 2020 ਵਿਚ ਭਾਰਤ ਵਿਚ ਜੀਵਨ ਸੰਭਾਵਨਾ ਵਿਚ ਵੱਡੀ ਗਿਰਾਵਟ ਆਈ ਹੈ। ਇਸ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਅਦ ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਇਸ ਦਾਅਵੇ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਹੈ ਅਤੇ ਇਸ ਨੂੰ ਅਸਵੀਕਾਰਨਯੋਗ ਕਰਾਰ ਦਿੱਤਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2019 ਅਤੇ 2020 ਦੇ ਵਿਚਕਾਰ, ਭਾਰਤ ਵਿਚ ਜੀਵਨ ਸੰਭਾਵਨਾ ਵਿਚ 2.6 ਸਾਲ ਦੀ ਗਿਰਾਵਟ ਆਈ ਹੈ। ਇਸ ਗਿਰਾਵਟ ਦਾ ਸਭ ਤੋਂ ਗੰਭੀਰ ਪ੍ਰਭਾਵ ਮੁਸਲਮਾਨਾਂ ਅਤੇ ਅਨੁਸੂਚਿਤ ਕਬੀਲਿਆਂ (ਐੱਸ.ਟੀ.) ਵਰਗੇ

■ ਕੇਂਦਰ ਸਰਕਾਰ ਵੱਲੋਂ ਦਾਅਵੇ ਦਾ ਖੰਡਨ



ਸਮਾਜਿਕ ਤੌਰ 'ਤੇ ਵਾਂਝੇ ਸਮੂਹਾਂ 'ਤੇ ਪਿਆ ਹੈ। ਅਧਿਐਨ ਦੇ ਅਨੁਸਾਰ ਔਰਤਾਂ 'ਚ ਉਮਰ 'ਚ ਗਿਰਾਵਟ (3.1 ਸਾਲ) ਪੁਰਸ਼ਾਂ (2.1 ਸਾਲ) ਨਾਲੋਂ ਵੱਧ ਸੀ। ਹਾਲਾਂਕਿ ਸਿਹਤ ਮੰਤਰਾਲੇ ਨੇ ਇਸ ਅਧਿਐਨ ਦੀ ਆਲੋਚਨਾ ਕੀਤੀ ਹੈ। ਮੰਤਰਾਲੇ ਨੇ ਸਵਾਲ ਉਠਾਏ ਹਨ ਕਿ 14 ਰਾਜਾਂ ਵਿਚ ਸਿਰਫ਼ 23 ਫ਼ੀਸਦੀ ਘਰਾਂ ਦਾ ਵਿਸ਼ਲੇਸ਼ਣ ਕਰਕੇ ਸਿੱਟਾ ਕਿਵੇਂ ਕੱਢਿਆ ਜਾ ਸਕਦਾ ਹੈ।

ਮੰਤਰਾਲੇ ਨੇ ਇਹ ਵੀ ਦੱਸਿਆ ਕਿ ਅਧਿਐਨ ਡੇਟਾ ਕੋਵਿਡ-19 ਮਹਾਮਾਰੀ ਦੇ ਸਿਖਰ ਦੌਰਾਨ ਇਕੱਤਰ ਕੀਤਾ ਗਿਆ ਸੀ। ਸਰਕਾਰ ਨੇ ਰਿਪੋਰਟ ਦਿੱਤੀ ਕਿ 2019 ਦੇ ਮੁਕਾਬਲੇ 2020 'ਚ ਮੌਤ ਦੀਆਂ ਰਜਿਸਟ੍ਰੇਸ਼ਨਾਂ ਵਿਚ ਲਗਭਗ 474,000 ਦਾ ਵਾਧਾ ਹੋਇਆ ਹੈ, ਜੋ ਕਿ ਪਿਛਲੇ ਸਾਲਾਂ ਦੇ ਰੁਝਾਨ ਨਾਲ ਮੇਲ ਖਾਂਦਾ ਹੈ, ਨਾ ਕਿ ਸਿਰਫ਼ ਮਹਾਮਾਰੀ ਕਾਰਨ। ਸਰਕਾਰ ਮੌਤ ਦਰ ਵਿਚ ਉਮਰ ਤੇ ਲਿੰਗ-ਸਬੰਧਤ ਵਾਧੇ ਬਾਰੇ ਅਧਿਐਨ ਦੇ ਨਤੀਜਿਆਂ ਨਾਲ ਵੀ ਅਸਹਿਮਤ ਹੈ।

ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਕੋਵਿਡ-19 ਦੌਰਾਨ ਮੌਤ ਦਰ ਮਰਦਾਂ ਅਤੇ ਬਜ਼ੁਰਗ ਸਮੂਹਾਂ ਵਿਚ ਵਧੇਰੇ ਸੀ, ਜਦੋਂ ਕਿ ਅਧਿਐਨ ਦਾ ਦਾਅਵਾ ਹੈ ਕਿ ਮੌਤ ਦਰ ਨੌਜਵਾਨ ਵਿਅਕਤੀਆਂ ਅਤੇ ਔਰਤਾਂ ਵਿਚ ਵਧੇਰੇ ਸੀ। ਮੰਤਰਾਲੇ ਨੇ ਕਿਹਾ, "ਪ੍ਰਕਾਸ਼ਿਤ ਪੇਪਰ ਵਿਚ ਪੇਸ਼ ਕੀਤੇ ਗਏ ਅਸੰਗਤ ਅਤੇ ਅਸਪੱਸ਼ਟ ਨਤੀਜੇ ਇਸ ਰਿਪੋਰਟ ਦੇ ਦਾਅਵਿਆਂ ਦੀ ਭਰੋਸੇਯੋਗਤਾ ਨੂੰ ਹੋਰ ਕਮਜ਼ੋਰ ਕਰਦੇ ਹਨ।"

# 1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲਾ; ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਦਿੱਤੇ ਨਿਰਦੇਸ਼ਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ

ਅੰਮ੍ਰਿਤਸਰ, (ਪੰਜਾਬ ਮੇਲ)- 1984 ਕਾਨਪੁਰ ਸਿੱਖ ਨਸਲਕੁਸ਼ੀ ਮਾਮਲੇ ਵਿਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਉੱਤਰ ਪ੍ਰਦੇਸ਼ ਸਰਕਾਰ ਨੂੰ ਮੁਕੱਦਮਿਆਂ ਨੂੰ ਜਲਦ ਤੇ ਸੁਚਾਰੂ ਢੰਗ ਨਾਲ ਚਲਾਉਣ ਦੇ ਨਿਰਦੇਸ਼ਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ ਹੈ। ਜ਼ਿਕਰਯੋਗ ਹੈ ਕਿ ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ ਸਬੰਧੀ ਜਨਹਿੱਤ ਪਟੀਸ਼ਨ ਜਥੇਦਾਰ ਕੁਲਦੀਪ ਸਿੰਘ ਭੋਗਲ ਵੱਲੋਂ 2017 ਵਿਚ ਦਾਖ਼ਲ ਕੀਤੀ ਗਈ ਸੀ, ਜਿਸ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਇਸ ਵਿਚ ਕਾਨੂੰਨੀ ਸਹਿਯੋਗ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਕੇਸਾਂ ਦੀ ਪੈਰਵਾਈ ਲਈ ਸੀਨੀਅਰ ਵਕੀਲ ਸ਼੍ਰੀ ਪਰਸੂਨ ਕੁਮਾਰ ਅਤੇ ਸ. ਗੁਰਬਖ਼ਸ਼ ਸਿੰਘ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ



ਸੁਪਰੀਟ ਕੋਰਟ 'ਚ ਸੁਣਵਾਈ ਉਪਰੰਤ ਜਥੇਦਾਰ ਕੁਲਦੀਪ ਸਿੰਘ ਭੋਗਲ, ਸੀਨੀਅਰ ਵਕੀਲ ਸ਼੍ਰੀ ਪਰਸੂਨ ਕੁਮਾਰ ਅਤੇ ਸ. ਗੁਰਬਖ਼ਸ਼ ਸਿੰਘ।

ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ 1984 ਵਿਚ ਕਾਨਪੁਰ ਵਿਖੇ ਸਿੱਖਾਂ ਦੇ ਹੋਏ ਕਤਲੇਆਮ ਦੇ ਮਾਮਲੇ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਿੱਖ ਸੰਸਥਾ ਨਿਰੰਤਰ ਜਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਜਿਨ੍ਹਾਂ 11 ਮਾਮਲਿਆਂ 'ਚ ਚਾਰਜਸ਼ੀਟ ਦਾਖ਼ਲ ਹੋਈ ਹੈ, ਉਨ੍ਹਾਂ ਵਿਚ 2 ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਇਨ੍ਹਾਂ ਨੂੰ ਸਹਿਯੋਗ ਕਰਨ ਲਈ ਮੁੱਖ ਜਾਂਚ ਅਧਿਕਾਰੀ ਨੂੰ ਵੀ ਕਿਹਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇਲਾਹਾਬਾਦ ਹਾਈ ਕੋਰਟ 'ਚ 4 ਮਾਮਲਿਆਂ ਸਬੰਧੀ ਚੱਲ ਰਹੀਆਂ ਅਪੀਲਾਂ ਸਬੰਧੀ ਉੱਚ ਅਦਾਲਤ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇਨ੍ਹਾਂ ਮੁਕੱਦਮਿਆਂ ਦੀ ਤਰਜੀਹੀ ਤੌਰ 'ਤੇ ਸੁਣਵਾਈ ਕਰੇ। ਇਸੇ ਤਰ੍ਹਾਂ ਬੰਦ ਹੋ ਚੁੱਕੇ 9 ਮਾਮਲਿਆਂ ਬਾਰੇ ਉੱਤਰ ਪ੍ਰਦੇਸ਼ ਸਰਕਾਰ ਨੂੰ ਮਾਮਲਿਆਂ ਨਾਲ ਸਬੰਧਤ ਨਾਮ ਪਟੀਸ਼ਨ ਕਰਤਾ ਨੂੰ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।

# ਮਸਕ ਵੱਲੋਂ ਟਰੰਪ ਦਾ ਸਮਰਥਨ ਕਰਨ ਵਾਲੀ ਕਮੇਟੀ ਨੂੰ 4.5 ਕਰੋੜ ਡਾਲਰ ਦੇਣ ਦੀ ਰਿਪੋਰਟ ਫਰਜ਼ੀ ਕਰਾਰ

ਕੈਲੀਫੋਰਨੀਆ, (ਪੰਜਾਬ ਮੇਲ)- ਟੈਸਲਾ ਦੇ ਸੀ.ਈ.ਓ. ਐਲਨ ਮਸਕ ਨੇ ਉਸ ਰਿਪੋਰਟ ਨੂੰ ਖਾਰਜ ਕਰ ਦਿੱਤਾ ਹੈ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਉਹ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਅਹੁਦੇ ਦੀ ਦੌੜ ਦਾ ਸਮਰਥਨ ਕਰਨ ਵਾਲੀ ਨਵੀਂ ਸੁਪਰ ਸਿਆਸੀ ਐਕਸ਼ਨ ਕਮੇਟੀ (ਪੀ.ਏ.ਸੀ.)



ਨੂੰ ਹਰ ਮਹੀਨੇ 4.5 ਕਰੋੜ ਡਾਲਰ ਦੇਣ ਦੀ ਯੋਜਨਾ ਬਣਾ ਰਹੇ ਹਨ। ਉਨ੍ਹਾਂ ਇਸ ਰਿਪੋਰਟ ਨੂੰ 'ਫਰਜ਼ੀ' ਕਰਾਰ ਦਿੱਤਾ। ਐਕਸ 'ਤੇ ਇਕ ਵਿਅੰਗਾਤਮਕ ਪੋਸਟ ਵਿਚ ਮਸਕ ਨੇ ਮਨੁੱਖੀ ਅੰਗਾਂ ਵਾਲੇ ਦੋ ਵਿਲਡਬੀਸਟਜ਼ (ਅਫਰੀਕੀ ਬਾਰਾਸਿੰਗਾ) ਦੀ ਤਸਵੀਰ ਸਾਂਝੀ ਕਰਦਿਆਂ ਕਿਹਾ, "ਫਰਜ਼ੀ ਵਿਲਡਬੀਸਟਜ਼।" ਉਨ੍ਹਾਂ ਐਕਸ 'ਤੇ 'ਦਿ ਵਾਲ ਸਟ੍ਰੀਟ ਜਰਨਲ' ਦੀ ਰਿਪੋਰਟ ਵੀ ਸਾਂਝੀ ਕੀਤੀ।

# ਯੂ.ਕੇ. 'ਚ ਧੋਖਾਧੜੀ ਕਰਕੇ ਪਾਕਿਸਤਾਨ 'ਚ ਉਸਾਰਿਆ 'ਬਕਿੰਘਮ ਪੈਲੇਸ' ਵਰਗਾ ਮਹਿਲ

ਲੰਡਨ/ਗਲਾਸਗੋ, (ਪੰਜਾਬ ਮੇਲ)- ਯੂ.ਕੇ. ਦੇ ਟੈਕਸ ਧੋਖੇਬਾਜ਼ ਵਲੋਂ ਪਾਕਿਸਤਾਨ ਵਿਚ ਇੱਕ 'ਬਕਿੰਘਮ ਪੈਲੇਸ' ਵਰਗਾ ਇੱਕ ਮਹਿਲ ਬਣਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਉਸਨੇ ਆਪਣੇ 3.7 ਮਿਲੀਅਨ ਪੌਂਡ ਦੇ ਕਰਜ਼ੇ ਵਿਚੋਂ ਸਿਰਫ 1,700 ਪੌਂਡ ਦੀ ਹੀ ਅਦਾਇਗੀ ਕੀਤੀ ਸੀ।



'ਦਿ ਜਨਰਲ' ਵਜੋਂ ਜਾਣੇ ਜਾਂਦੇ ਮੁਹੰਮਦ ਸੁਲੇਮਾਨ ਖਾਨ ਨੂੰ 2014 ਵਿਚ 450,000 ਪੌਂਡ ਦੀ ਧੋਖਾਧੜੀ ਕਰਨ ਲਈ ਚਾਰ ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਸ ਦੀਆਂ ਧੋਖਾਧੜੀ ਦੀਆਂ ਗਤੀਵਿਧੀਆਂ ਦਾ ਪਰਦਾਫਾਸ਼ ਉਦੋਂ ਹੋਇਆ, ਜਦੋਂ ਪੁਲਿਸ ਨੇ ਉਸ ਦੇ ਮੋਸੇਲੇ ਨਿਵਾਸ ਦੀ ਤਲਾਸ਼ੀ ਲਈ ਅਤੇ ਇੱਕ ਲਾਇਬ੍ਰੇਰੀ, ਸਿਨੇਮਾ ਅਤੇ ਨੌਕਰਾਂ ਦੇ ਕੁਆਰਟਰਾਂ ਨਾਲ ਲੈਸ 2.3 ਮਿਲੀਅਨ ਪੌਂਡ ਦੀ ਹਵੇਲੀ ਦੀਆਂ ਯੋਜਨਾਵਾਂ ਦਾ ਪਤਾ ਲਗਾਇਆ।

ਪੈਲੇਸ ਵਿਚ ਜ਼ਮੀਨਦੋਜ਼ ਪਾਰਕਿੰਗ ਅਤੇ ਗਾਰਡ ਰੂਮ ਵੀ ਬਣਾਏ ਗਏ ਸਨ। ਖਾਨ ਨੇ ਅਫਸਰਾਂ ਨੂੰ ਸੂਚਿਤ ਕੀਤਾ ਸੀ ਕਿ ਉਹ ਪ੍ਰਤੀ ਸਾਲ 40,000 ਪੌਂਡ ਕਮਾਉਣ ਵਾਲਾ ਕਰਜ਼ਾ ਕੁਲੈਕਟਰ ਸੀ, ਪਰ ਇੱਕ ਜਾਂਚ ਤੋਂ ਪਤਾ ਲੱਗਿਆ ਹੈ ਕਿ ਉਹ ਅਪਰਾਧਿਕ ਗਤੀਵਿਧੀਆਂ ਤੋਂ ਘੱਟੋ-ਘੱਟ 300,000 ਪੌਂਡ ਕਮਾ ਰਿਹਾ ਸੀ। 2016 ਵਿਚ ਖਾਨ ਦੀ ਸਜ਼ਾ 10 ਸਾਲ ਤੱਕ ਵਧਾ ਦਿੱਤੀ ਗਈ ਸੀ। ਹਾਲਾਂਕਿ, ਪੰਜ ਸਾਲ ਬਾਅਦ, ਉਸਦੀ ਅੱਧੀ ਸਜ਼ਾ ਕੱਟਣ ਤੋਂ ਬਾਅਦ ਉਸਨੂੰ ਰਿਹਾਅ ਕਰ ਦਿੱਤਾ ਗਿਆ। ਉਸ ਉੱਪਰ ਅਜੇ ਵੀ ਅਦਾਲਤਾਂ ਅਤੇ ਟ੍ਰਿਬਿਊਨਲ ਸਰਵਿਸ ਲਈ 3.7 ਮਿਲੀਅਨ ਪੌਂਡ ਦਾ ਬਕਾਇਆ ਹੈ, ਜਿਸ ਵਿਚ 1.5 ਮਿਲੀਅਨ ਪੌਂਡ ਦਾ ਵਿਆਜ ਸ਼ਾਮਲ ਹੈ।

# ਪੰਜਾਬ 'ਚ ਬੇਖ਼ੌਫ ਹੋ ਕੇ ਨੈੱਟਵਰਕ ਵੱਡਾ ਕਰਨ ਲੱਗੇ ਵਿਦੇਸ਼ੀਂ ਬੈਠੇ ਗੈਂਗਸਟਰ

ਚੰਡੀਗੜ੍ਹ, (ਪੰਜਾਬ ਮੇਲ)-ਪੰਜਾਬ 'ਚ ਬੇਖ਼ੌਫ ਹੋ ਕੇ ਆਪਣਾ ਨੈੱਟਵਰਕ ਵੱਡਾ ਕਰਨ ਲਈ ਵਿਦੇਸ਼ਾਂ 'ਚ ਬੈਠੇ ਗੈਂਗਸਟਰ ਲਗਾਤਾਰ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਫਿਰੌਤੀਆਂ ਲਈ ਵਪਾਰੀ ਵਰਗ ਸਮੇਤ ਹੋਰਨਾਂ 'ਚ ਡਰ ਦਾ ਮਾਹੌਲ ਪੈਦਾ ਕਰਨ ਲਈ ਵਿਦੇਸ਼ਾਂ 'ਚ ਬੈਠੇ ਗੈਂਗਸਟਰ ਸੂਬੇ 'ਚ ਆਪਣੇ ਨੈੱਟਵਰਕ ਜ਼ਰੀਏ ਸਥਾਨਕ ਗੁਰਗਿਆਂ ਨੂੰ ਪੈਸੇ ਦਾ ਲਾਲਚ ਦੇ ਕੇ ਆਪਣੇ ਨੈੱਟਵਰਕ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਰਦੇ ਆ ਰਹੇ ਹਨ ਜੋ ਪੰਜਾਬ ਵਿਚ ਹੀ ਬੈਠ ਕੇ ਵਿਦੇਸ਼ੀ ਨੰਬਰਾਂ ਤੋਂ ਫਿਰੌਤੀ ਲਈ ਧਮਕੀ ਭਰੇ ਫ਼ੋਨ ਖੜਕਾਉਂਦੇ ਹਨ। ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ ਦੀ ਸ਼ਹਿ 'ਤੇ ਇਥੇ ਬੈਠੇ ਉਨ੍ਹਾਂ ਦੇ ਗੁਰਗੇ ਬਿਨਾਂ ਕਿਸੇ ਡਰ ਭੈਅ ਤੋਂ ਲੋਕਾਂ ਨੂੰ ਫਿਰੌਤੀਆਂ ਲਈ ਫੋਨ ਕਰਨ ਦੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਆਪਣਾ ਮਕਸਦ ਕਾਮਯਾਬ ਹੁੰਦਾ ਨਾ ਦਿਖਾਈ ਦੇਵੇ ਤਾਂ ਉਹ ਫਿਰੌਤੀ ਲਈ ਚੁਣੇ ਆਪਣੇ ਸ਼ਿਕਾਰ ਦੇ ਬੱਚਿਆਂ ਅਤੇ ਪਰਿਵਾਰ ਨੂੰ ਨਿਸ਼ਾਨਾ ਬਣਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਦੱਸਿਆ ਜਾ ਰਿਹਾ ਹੈ ਕਿ ਗੈਂਗਸਟਰਾਂ ਦੇ ਨੈੱਟਵਰਕ 'ਚ ਗਲੀ-ਮੁਹੱਲਿਆਂ ਦੇ ਬਦਮਾਸ਼ਾਂ ਨੂੰ ਵੀ ਜੋੜਿਆ ਜਾ ਰਿਹਾ ਹੈ, ਜੋ ਸਿਰਫ਼ ਪੈਸਿਆਂ ਲਈ ਕੁਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ। ਇਲਾਕੇ ਦੀ ਜਾਣਕਾਰੀ ਹੋਣ ਦਾ ਫ਼ਾਇਦਾ ਚੁੱਕ ਕੇ ਉਹ ਆਪਣੇ ਸ਼ਿਕਾਰ ਦੀ ਲਗਾਤਾਰ ਰੇਕੀ ਕਰਦੇ ਹਨ ਅਤੇ ਪਰਿਵਾਰਕ ਮੈਂਬਰਾਂ ਸਮੇਤ ਬੱਚਿਆਂ ਦੇ ਆਉਣ ਜਾਣ ਤੱਕ ਦੀ ਵੀ ਸਾਰੀ ਜਾਣਕਾਰੀ ਇਕੱਤਰ ਕਰਦੇ ਹਨ, ਤਾਂ ਜੋ ਆਪਣੇ ਸ਼ਿਕਾਰ ਨੂੰ ਹੋਰ ਵੀ ਡਰਾਇਆ ਜਾ ਸਕੇ। ਮਿਲੀ ਜਾਣਕਾਰੀ ਅਨੁਸਾਰ ਕੁਝ ਲੋਕ ਪੁਲਿਸ 'ਚ ਇਸ ਦੀ ਸ਼ਿਕਾਇਤ ਕਰਦੇ ਹਨ ਅਤੇ ਪਰਚੇ ਵੀ ਦਰਜ ਕਰ ਲਏ ਜਾਂਦੇ ਹਨ ਪਰ ਕੁਝ ਲੋਕ ਡਰ ਦੇ ਚੱਲਦੇ ਪੁਲਿਸ ਨੂੰ ਵੀ ਸੂਚਿਤ ਨਹੀਂ ਕਰਦੇ, ਜਿਸ ਕਾਰਨ ਅਜਿਹੇ ਬਦਮਾਸ਼ਾਂ ਦੇ ਹੌਸਲੇ ਹੋਰ ਬੁਲੰਦ ਹੋ ਰਹੇ ਹਨ।

# ਬਾਇਡਨ ਦੇ ਪ੍ਰਚਾਰ ਖਾਤੇ ਦਾ ਨਾਂ ਬਦਲ ਕੇ 'ਕਮਲਾ ਐੱਚਕਿਊ' ਰੱਖਿਆ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਚੋਣ ਮੈਦਾਨ ਵਿਚੋਂ ਹਟਣ ਅਤੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦਾ ਸਮਰਥਨ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਬਾਇਡਨ ਦੀ ਪ੍ਰਚਾਰ ਮੁਹਿੰਮ ਟੀਮ ਦੇ ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' (ਕਮਲਾ ਹੈੱਡਕੁਆਰਟਰ) ਕਰ ਦਿੱਤਾ ਗਿਆ ਹੈ। ਬਾਇਡਨ ਦੇ ਐਲਾਨ ਤੋਂ ਤੁਰੰਤ ਬਾਅਦ ਐਤਵਾਰ ਨੂੰ ਐਕਸ 'ਤੇ 'ਬਾਇਡਨ ਐੱਚਕਿਊ' ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' ਕਰ ਦਿੱਤਾ ਗਿਆ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦਾ ਅੰਨ੍ਹੇਵਾਹ ਗੋਲੀਆਂ ਮਾਰ ਕੇ ਕਤਲ, 2 ਬੱਚਿਆਂ ਸਿਰੋਂ ਉੱਠਿਆ ਪਿਓ ਦਾ ਸਾਇਆ

ਮਿਸੀਸਿਪੀ/ਬੇਗੋਵਾਲ (ਪੰਜਾਬ ਮੇਲ)- ਅਮਰੀਕਾ ਦੇ ਮਿਸੀਸਿਪੀ ਸ਼ਹਿਰ ਵਿਚ ਅਣਪਛਾਤੇ ਕਾਰ ਸਵਾਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਉਣ ਨਾਲ ਸਟੋਰ ਦੇ ਬਾਹਰ ਕੰਮ ਕਰ ਰਹੇ ਪੰਜਾਬੀ ਨੌਜਵਾਨ ਸਮੇਤ 2 ਦੀ ਮੌਤ ਹੋ ਗਈ। ਮ੍ਰਿਤਕਾਂ 'ਚੋਂ ਇਕ ਵਿਅਕਤੀ ਜ਼ਿਲ੍ਹਾ ਕਪੂਰਥਲਾ ਦਾ ਦੱਸਿਆ ਜਾ ਰਿਹਾ ਹੈ, ਜਿਸ ਦੀ ਪਛਾਣ ਜਸਵੀਰ ਸਿੰਘ ਪੁੱਤਰ ਵੱਸਣ ਸਿੰਘ ਵਾਸੀ ਬੇਗੋਵਾਲ ਵਜੋਂ ਹੋਈ ਹੈ।

ਮ੍ਰਿਤਕ ਦੇ ਪਿਤਾ ਵੱਸਣ ਸਿੰਘ ਵਾਸੀ ਬੇਗੋਵਾਲ ਨੇ ਦੱਸਿਆ ਕਿ ਉਸਦਾ ਲੜਕਾ ਜਸਵੀਰ ਸਿੰਘ (33) ਕੁਝ ਸਮਾਂ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ 40 ਲੱਖ ਰੁਪਏ ਕਰਜ਼ਾ ਚੁੱਕ ਕੇ ਵਿਦੇਸ਼ ਵਿਚ ਗਿਆ ਸੀ, ਜੋ ਵਿਆਹਿਆ ਹੋਇਆ ਸੀ ਅਤੇ ਉਸ ਦੇ 2 ਬੱਚੇ ਵੀ ਹਨ। ਉਸਦਾ ਭਰਾ ਵੀ ਪਰਿਵਾਰ ਸਮੇਤ ਬਾਹਰ ਅਮਰੀਕਾ ਰਹਿ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਸਵੀਰ ਸਿੰਘ ਜਿੱਥੇ ਕੰਮ ਕਰਦਾ ਸੀ, ਉਸ ਸਟੋਰ ਦੇ ਬਾਹਰ ਖੜ੍ਹਾ ਸੀ, ਜਿੰਨੇ ਨੂੰ ਕਾਰ ਵਿਚ ਆਏ 2-3 ਅਣਪਛਾਤਿਆਂ ਨੇ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਦੌਰਾਨ ਸਿਰ 'ਤੇ ਗੋਲੀ ਲੱਗਣ ਕਾਰਨ ਜਸਵੀਰ ਸਿੰਘ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਉਸ ਦੇ ਲੜਕੇ ਤੋਂ ਇਲਾਵਾ ਇਕ ਹੋਰ ਵਿਅਕਤੀ ਦੀ ਮੌਤ ਹੋਈ ਦੱਸੀ ਜਾ ਰਹੀ ਹੈ, ਜਦਕਿ 3 ਜ਼ਖਮੀ ਦੱਸੇ ਜਾ ਰਹੇ ਹਨ। ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਦੀ ਵਾਪਸੀ ਤੋਂ ਪਹਿਲਾਂ ਹੀ ਜ਼ੇਲੇਂਸਕੀ ਵੱਲੋਂ ਰੂਸ ਨਾਲ ਸ਼ਾਂਤੀ ਵਾਰਤਾ ਦੇ ਸੰਕੇਤ

ਕੀਵ, (ਪੰਜਾਬ ਮੇਲ)- ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਦੌਰਾਨ ਪਹਿਲੀ ਵਾਰ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਨੇ ਹੁਣ ਰੂਸ ਨਾਲ ਗੱਲਬਾਤ ਕਰਨ ਦੀ ਇੱਛਾ ਜ਼ਾਹਰ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ ਅਸਾਧਾਰਨ ਤੌਰ 'ਤੇ ਨਰਮ ਲਹਿਜ਼ੇ 'ਚ ਇਹ ਇੱਛਾ ਪ੍ਰਗਟਾਈ। ਜ਼ੇਲੇਂਸਕੀ ਨੇ ਸੁਝਾਅ ਦਿੱਤਾ ਕਿ ਰੂਸ ਨੂੰ ਅਗਲੇ ਸ਼ਾਂਤੀ ਸੰਮੇਲਨ ਲਈ ਇੱਕ ਵਫ਼ਦ ਭੇਜਣਾ ਚਾਹੀਦਾ ਹੈ।

ਜ਼ੇਲੇਂਸਕੀ ਨੇ ਕਿਹਾ ਕਿ ਅਗਲਾ ਸ਼ਾਂਤੀ ਸੰਮੇਲਨ ਨਵੰਬਰ 'ਚ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਨਵੰਬਰ ਮਹੀਨੇ 'ਚ ਹੀ ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਜ਼ੇਲੇਂਸਕੀ ਦੇ ਰਵੱਈਏ ਵਿਚ ਇਹ ਤਬਦੀਲੀ ਕਿੰਨੀ ਮਹੱਤਵਪੂਰਨ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜੂਨ ਵਿਚ ਸਵਿਟਜ਼ਰਲੈਂਡ ਵਿਚ ਹੋਈ ਸ਼ਾਂਤੀ ਸੰਮੇਲਨ ਵਿਚ ਰੂਸ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ, ਜਿਸ ਵਿਚ ਭਾਰਤ ਸਮੇਤ ਦੁਨੀਆਂ ਭਰ ਦੇ 100 ਦੇਸ਼ਾਂ ਨੇ ਹਿੱਸਾ ਲਿਆ ਸੀ। ਸੱਦਾ ਦਿੱਤੇ ਜਾਣ ਤੋਂ ਬਾਅਦ ਵੀ ਚੀਨ ਨੇ ਇਸ ਕਾਨਫਰੰਸ ਵਿਚ ਸ਼ਿਰਕਤ ਨਹੀਂ ਕੀਤੀ। ਹੁਣ ਤੱਕ ਜ਼ੇਲੇਂਸਕੀ ਇਹ ਕਹਿੰਦੇ ਰਹੇ ਹਨ ਕਿ ਕੋਈ ਵੀ ਗੱਲਬਾਤ ਰੂਸੀ ਫੌਜ ਦੀ ਯੂਕਰੇਨ ਤੋਂ ਵਾਪਸੀ ਦੇ ਬਾਅਦ ਹੀ ਹੋ ਸਕਦੀ ਹੈ।

ਜ਼ੇਲੇਂਸਕੀ ਨੇ ਕਿਹਾ ਕਿ ਸਭ ਕੁਝ ਸਾਡੇ 'ਤੇ ਨਿਰਭਰ ਨਹੀਂ ਕਰਦਾ। ਜੰਗ ਦਾ ਅੰਤ ਸਿਰਫ਼ ਸਾਡੇ 'ਤੇ ਨਿਰਭਰ ਨਹੀਂ ਕਰਦਾ। ਇਹ ਨਾ ਸਿਰਫ਼ ਸਾਡੇ ਲੋਕਾਂ ਅਤੇ ਸਾਡੀ ਇੱਛਾ 'ਤੇ ਨਿਰਭਰ ਕਰਦਾ ਹੈ, ਸਗੋਂ ਆਰਥਿਕ ਸਥਿਤੀ, ਹਥਿਆਰਾਂ ਦੀ ਸਪਲਾਈ ਅਤੇ ਯੂਰਪੀਅਨ ਯੂਨੀਅਨ, ਨਾਟੋ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਤੋਂ ਰਾਜਨੀਤਿਕ ਸਮਰਥਨ 'ਤੇ ਵੀ ਨਿਰਭਰ ਕਰਦਾ ਹੈ।

ਸਫ਼ਾ 1 ਦਾ ਬਾਕੀ

## ਭਾਰਤ ਵੱਲੋਂ ਅੰਤਰਰਾਸ਼ਟਰੀ ਯਾਤਰੀਆਂ ਲਈ ਪੇਮੈਂਟ...

ਤਜ਼ਰਬੇ ਵਿਚ ਵਾਧਾ ਹੋਵੇਗਾ। ਇਸ ਨਵੇਂ ਵਿਕਾਸ ਦੇ ਨਾਲ, ਅੰਤਰਰਾਸ਼ਟਰੀ ਸੈਲਾਨੀ ਅਤੇ ਭਾਰਤੀ ਡਾਇਸਪੋਰਾ ਜੋ ਅਕਸਰ ਦੇਸ਼ ਦਾ ਦੌਰਾ ਕਰਦੇ ਹਨ, ਨਕਦੀ ਲਿਜਾਣ ਜਾਂ ਵਿਦੇਸ਼ੀ ਮੁਦਰਾ ਨੂੰ ਸੰਭਾਲਣ ਦੀ ਚਿੰਤਾ ਕੀਤੇ ਬਿਨਾਂ ਆਸਾਨੀ ਨਾਲ ਭਾਰਤ ਦੇ ਸੱਭਿਆਚਾਰ, ਪਕਵਾਨਾਂ ਅਤੇ ਆਕਰਸ਼ਣਾਂ ਦੀ ਖੋਜ ਕਰ ਸਕਦੇ ਹਨ।

ਇਹ ਵਾਲਿਟ ਪਾਸਪੋਰਟ ਅਤੇ ਵੈਧ ਵੀਜ਼ਾ ਦੀ ਵਰਤੋਂ ਕਰਕੇ ਤਸਦੀਕ ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ ਹਵਾਈ ਅੱਡਿਆਂ, ਹੋਟਲਾਂ, ਮਨੀ ਐਕਸਚੇਂਜ ਸਥਾਨਾਂ ਅਤੇ ਹੋਰ ਮਨੋਨੀਤ ਬਿੰਦੂਆਂ 'ਤੇ ਪ੍ਰਾਪਤ ਕੀਤਾ ਜਾ ਸਕਦਾ ਹੈ। ਯਾਤਰੀ ਕਿਊ.ਆਰ ਕੋਡਾਂ ਨੂੰ ਸਕੈਨ ਕਰਕੇ ਵਪਾਰੀ ਸਥਾਨਾਂ 'ਤੇ ਭੁਗਤਾਨ ਕਰਨ ਲਈ 'ਯੂ.ਪੀ.ਆਈ. ਵਨ

ਸਫ਼ਾ 1 ਦਾ ਬਾਕੀ

## ਅਮਰੀਕੀ ਰਾਜਨੀਤੀ 'ਚ ਕਮਲਾ ਹੈਰਿਸ ਇਤਿਹਾਸ ਰਚਣ ...

ਉਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ ਕੈਲੀਫੋਰਨੀਆ ਦੇ ਅਟਾਰਨੀ ਜਨਰਲ ਵਜੋਂ ਦੋ ਵਾਰ ਜਿੱਤ ਚੁੱਕੀ ਹੈ। 2016 ਵਿਚ ਉਸ ਨੇ ਯੂ.ਐੱਸ. ਸੈਨੇਟ ਦੀ ਚੋਣ ਜਿੱਤੀ ਸੀ। ਇਸੇ ਸਾਲ ਹੀ ਡੋਨਲਡ ਟਰੰਪ ਨੇ ਡੈਮੋਕ੍ਰੇਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਹਰਾਇਆ ਸੀ।

ਰਾਸ਼ਟਰਪਤੀ ਮੁਹਿੰਮ ਲਈ ਫੰਡਾਂ ਦਾ ਹੜ੍ਹ- ਜੋਅ ਬਾਇਡਨ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਕਮਲਾ ਹੈਰਿਸ ਦਾ ਨਾਂ ਐਲਾਨਣ ਤੋਂ ਬਾਅਦ ਇਕ ਦਿਨ ਤੋਂ ਵੀ ਘੱਟ ਸਮੇਂ ਵਿਚ ਉਸ ਦੀ ਰਾਸ਼ਟਰਪਤੀ ਚੋਣ ਮੁਹਿੰਮ ਲਈ 496 ਲੱਖ ਡਾਲਰ ਇਕੱਠੇ ਹੋਏ ਹਨ। ਇਹ ਜਾਣਕਾਰੀ ਬਾਇਡਨ ਦੀ ਮੁਹਿੰਮ ਦੇ ਬੁਲਾਰੇ ਨੇ ਦਿੱਤੀ ਹੈ। ਬੁਲਾਰੇ ਅਨੁਸਾਰ ਵੱਡੀ ਗੱਲ ਇਹ ਹੈ ਕਿ ਇਹ ਫੰਡ ਕਿਸੇ ਵੱਡੇ ਅਦਾਰੇ ਜਾਂ ਅਮੀਰ ਵਿਅਕਤੀਆਂ ਵੱਲੋਂ ਨਹੀਂ, ਬਲਕਿ ਪਾਰਟੀ ਦੇ ਜ਼ਮੀਨੀ ਪੱਧਰ ਦੇ ਸਮਰਥਕਾਂ ਅਰਥਾਤ ਆਮ ਲੋਕਾਂ ਵੱਲੋਂ ਦਿੱਤਾ ਜਾ ਰਿਹਾ ਹੈ ਤੇ ਹਰ ਰੋਜ਼ ਕਰੋੜਾਂ

## ਅਲਵਿਦਾ ਮੇਰੇ ਗੁਰੂ

# ਤੁਰ ਗਿਆ ਪੱਤਰਕਾਰੀ ਦਾ ਸਿਰਮੌਰ, ਸਿੱਖੀ ਹੱਕਾਂ ਦਾ ਢੰਡੋਰਾ ਪਿੱਟਣ ਵਾਲਾ ਜੁਝਾਰੂ ਜੋਧਾ - ਜਸਪਾਲ ਸਿੰਘ ਹੇਰਾਂ

-ਜਗਰੂਪ ਸਿੰਘ ਜਰਖੜ
ਖੇਡ ਲੇਖਕ, ਸਾਥੀ ਜਸਪਾਲ ਸਿੰਘ ਹੇਰਾਂ ਸਾਹਿਬ
+91-9814300722
ਪੰਜਾਬ ਮੇਲ USA







ਭਾਰਤ ਦੇ ਲੋਕਤੰਤਰੀ ਢਾਂਚੇ ਵਿਚ ਮੀਡੀਆ ਨੂੰ ਸਹੀ ਅਰਥਾਂ ਵਿਚ ਚੌਥਾ ਥੰਮ੍ਹ ਦਰਸਾਉਣ ਵਾਲਾ ਪੰਜਾਬੀ ਮੀਡੀਆ ਦੀ ਪੱਤਰਕਾਰੀ ਦਾ ਸਿਰਮੌਰ ਪੱਤਰਕਾਰ ਪਹਿਰੇਦਾਰ ਗਰੁੱਪ ਦੇ ਮੁੱਖ ਸੰਪਾਦਕ ਜਸਪਾਲ ਸਿੰਘ ਹੇਰਾਂ 18 ਜੁਲਾਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਪਿੰਡ ਹੇਰਾ ਜ਼ਿਲ੍ਹਾ ਲੁਧਿਆਣਾ ਵਿਚ ਜਨਮ ਲੈ ਕੇ ਸਰਕਾਰੀ ਕਾਲਜ ਲੁਧਿਆਣਾ ਤੋਂ ਐੱਮ.ਏ. ਦੀ ਡਿਗਰੀ ਪ੍ਰਾਪਤ ਕਰਕੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਤੋਂ ਜ਼ਿੰਦਗੀ ਦਾ ਵੱਡਾ ਅਨੁਭਵ ਲੈ ਕੇ 67 ਸਾਲ ਦੀ ਉਮਰ ਵਿਚ ਇਸ ਫਾਨੀ ਸੰਸਾਰ ਨੂੰ ਆਖਰੀ ਫਤਿਹ ਬੁਲਾਈ। ਸਿੱਖ ਕੌਮ ਦੀ ਕਾਮਯਾਬੀ ਲਈ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਲੱਖਾਂ ਸਲਾਹਾਂ ਦੇਣ ਵਾਲਿਆਂ ਵਿਚੋਂ ਸਰਦਾਰ ਜਸਪਾਲ ਸਿੰਘ ਨੇ ਇੱਕੋ ਸਲਾਹ ਦਿੱਤੀ ਸੀ ਕਿ ਸਿੱਖ ਕੌਮ ਦਾ ਆਪਣਾ ਮੀਡੀਆ ਜਾਂ ਆਪਣਾ ਇੱਕ ਅਖ਼ਬਾਰ ਹੋਣਾ ਚਾਹੀਦਾ ਹੈ, ਜਿਸ ਨੂੰ ਸੁਣ ਕੇ ਇਹ ਜ਼ਿੰਮੇਵਾਰੀ ਦਲਵੀਰ ਸਿੰਘ ਗੜ੍ਹਾ ਅਤੇ ਜਸਪਾਲ ਸਿੰਘ ਹੇਰਾਂ ਦੀ ਲਾਈ ਸੀ ਕਿ ਤੁਸੀਂ ਇਹ ਜ਼ਿੰਮੇਵਾਰੀ ਨੂੰ ਸੰਭਾਲੋ, ਸੰਤਾਂ ਦੇ ਬਚਨਾਂ ਨੂੰ ਉਨ੍ਹਾਂ ਨੇ ਬਾਖੂਬੀ ਨਿਭਾਇਆ।

ਮੇਰੀ ਸਰਦਾਰ ਜਸਪਾਲ ਸਿੰਘ ਹੇਰਾਂ ਨਾਲ ਦੋਸਤੀ ਅਤੇ ਪੱਤਰਕਾਰੀ ਦੀ ਸਾਂਝ ਸਾਲ 1998 ਵਿਚ ਹੋਈ, ਜਦੋਂ ਉਹ ਅਜੀਤ ਅਖ਼ਬਾਰ ਦੇ ਵਿਚ ਕਸਬਾ ਸੁਧਾਰ ਤੋਂ ਪੱਤਰਕਾਰੀ ਕਰਦੇ ਸਨ। ਮੈਂ ਲੁਧਿਆਣਾ ਤੋਂ ਅਜੀਤ ਦਾ ਖੇਡ ਪੱਤਰਕਾਰ ਸੀ। ਫਿਰ ਥੋੜ੍ਹੇ ਸਮੇਂ ਬਾਅਦ ਉਨ੍ਹਾਂ ਨੇ ਲੁਧਿਆਣਾ ਵਿਖੇ ਅਜੀਤ ਅਖ਼ਬਾਰ ਦੀ ਵਾਗਡੋਰ ਸੰਭਾਲੀ। ਆਪਣੀ ਨਿਰਪੱਖ ਪੱਤਰਕਾਰੀ ਨਾਲ ਉਨ੍ਹਾਂ ਨੇ "ਅਜੀਤ" ਦੇ ਮੁਕਾਮ ਨੂੰ ਸਿਖਰਾਂ 'ਤੇ ਪਹੁੰਚਾਇਆ। ਭਾਰਤ ਪਾਕਿਸਤਾਨ ਕਾਰਗਿਲ ਯੁੱਧ ਦੇ ਅਜੀਤ ਅਖ਼ਬਾਰ ਦੇ ਸ਼ਹੀਦ ਫੰਡ 1999 ਵਿਚ ਪੰਜਾਬ ਭਰ ਵਿਚ ਸਭ ਤੋਂ ਵੱਡਾ ਮਾਇਆ ਪੱਖੋਂ ਯੋਗਦਾਨ ਜਸਪਾਲ ਸਿੰਘ ਹੇਰਾ ਸਾਹਿਬ ਨੇ ਪਾਇਆ ਪਰ ਕੁਝ ਪੱਤਰਕਾਰਾਂ ਦੀ ਚਾਪਲੂਸੀ ਅਤੇ ਚਮਚਾਗਿਰੀ ਕਾਰਨ ਉਨ੍ਹਾਂ ਨੂੰ ਉੱਥੇ ਮਾਲਕਾਂ ਦੀ ਨਾਸਮਝੀ ਕਾਰਨ ਜ਼ਲਾਲਤ ਵੀ ਝਲਣੀ ਪਈ। ਉਸ ਵਕਤ ਉਹ ਆਤਮ ਹੱਤਿਆ ਬਾਰੇ ਸੋਚਣ ਲੱਗੇ ਪਰ ਆਪਣੇ ਇਰਾਦੇ ਦ੍ਰਿੜ੍ਹ ਕਰਕੇ ਉਹ ਹਮੇਸ਼ਾ ਅਡੋਲ ਰਹੇ ਅਤੇ ਉਨ੍ਹਾਂ ਨੇ ਹਰ ਵਕਤ ਸੱਚ 'ਤੇ ਪਹਿਰਾ ਦਿੱਤਾ। ਉਨ੍ਹਾਂ ਨੇ ਪੱਤਰਕਾਰੀ ਵਿਚ ਵੱਡੀ ਘਾਲਣਾ ਘਾਲੀ ਅਤੇ ਇੱਕ ਪੱਤਰਕਾਰ ਤੋਂ ਉੱਠ ਕੇ ਅਖ਼ਬਾਰ ਦੇ ਬਰਾਬਰ ਪੰਜਾਬੀ ਮੀਡੀਏ ਦਾ ਸਾਮਰਾਜ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਅਖ਼ਬਾਰ "ਪਹਿਰੇਦਾਰ" ਆਪਣੀ ਸਮਰਪਿਤ ਭਾਵਨਾ ਨਾਲ ਸਿਰਜਿਆ। ਇਹ ਉਨ੍ਹਾਂ 'ਤੇ ਕੁਦਰਤ ਦੀ ਰਹਿਮਤ ਸੀ ਕਿ ਉਨ੍ਹਾਂ ਨੇ ਇਕ ਫੈਕਟਰੀ ਤੋਂ ਨੌਕਰੀ ਛੱਡ ਕੇ ਦੂਸਰੀ ਫੈਕਟਰੀ ਵਿਚ ਨੌਕਰੀ ਨਹੀਂ ਕੀਤੀ, ਸਗੋਂ ਬਰਾਬਰ ਦੀ ਇਕ ਧਿਰ ਸਥਾਪਿਤ ਕੀਤੀ, ਜੋ ਪੰਜਾਬੀ ਮੀਡੀਆ ਦੇ ਇਤਿਹਾਸ ਵਿਚ ਇੱਕ ਇਤਿਹਾਸਿਕ ਘਟਨਾ ਵਜੋਂ ਹਮੇਸ਼ਾ ਜਾਣੀ ਜਾਵੇਗੀ।

ਪਹਿਲਾ ਹਫਤਾਵਰੀ ਪਹਿਰੇਦਾਰ ਅਖ਼ਬਾਰ, ਫੇਰ ਪੂਰੀ ਦੁਨੀਆਂ ਵਿਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲਾ ਹਰ ਰੋਜ਼ ਛੱਪਣ ਵਾਲਾ ਅਖ਼ਬਾਰ "ਪਹਿਰੇਦਾਰ ਗਰੁੱਪ" ਦੇ ਰੂਪ ਵਿਚ ਛਾਪਿਆ। ਪਹਿਰੇਦਾਰ ਅਖ਼ਬਾਰ ਪ੍ਰਤੀ ਉਨ੍ਹਾਂ ਦੀ ਅਣਥੱਕ ਘਾਲਣਾ ਨੇ ਹੀ ਉਨ੍ਹਾਂ ਨੂੰ ਜਿਉਂਦੇ ਜੀਅ ਅਮਰ ਕਰ ਦਿੱਤਾ ਸੀ। ਹਾਲਾਂਕਿ ਉਨ੍ਹਾਂ ਦੇ ਜਿਉਂਦੇ ਜੀ ਅਖ਼ਬਾਰ ਪਹਿਰੇਦਾਰ ਦੀ ਹੋਂਦ ਨੂੰ ਖਤਮ ਕਰਨ ਲਈ, ਜਾਂ ਅਖ਼ਬਾਰ ਦੀਆਂ ਵੰਡੀਆਂ ਪਾਉਣ ਲਈ ਆਪਣਿਆਂ ਨੇ ਹੀ ਡੋਗਰਿਆਂ ਵਾਲਾ ਰੋਲ ਨਿਭਾਇਆ। ਪਹਿਰੇਦਾਰ ਦੀ ਪਹਿਰੇਦਾਰੀ ਪਾਉਣ ਲਈ ਮਾਮਲੇ ਕੋਟ ਕਚਿਹਰੀਆਂ ਤੱਕ ਵੀ ਪਹੁੰਚੇ ਪਰ ਪਹਿਰੇਦਾਰ ਦਾ ਨਾਮ, ਪਹਿਰੇਦਾਰ ਦੀ ਪਹਿਚਾਣ, ਪਹਿਰੇਦਾਰ ਦੀ ਬੁਨਿਆਦ ਸਿਰਫ ਤੇ ਸਿਰਫ ਜਸਪਾਲ ਸਿੰਘ ਹੇਰਾਂ ਨਾਲ ਜੁੜੀ ਰਹੀ ਹੈ। ਅਖ਼ਬਾਰ ਪਹਿਰੇਦਾਰ ਜਸਪਾਲ ਸਿੰਘ ਹੇਰਾਂ ਦਾ ਅਤੇ ਜਸਪਾਲ ਹੇਰਾਂ ਪਹਿਰੇਦਾਰ ਦਾ ਹੀ, ਲੋਕਾਂ ਦੇ ਦਿਲਾਂ ਵਿਚ ਚੱਲ ਰਿਹਾ ਹੈ। ਬਾਕੀ ਪਹਿਰੇਦਾਰ 'ਤੇ ਆਪਣਾ ਹੱਕ ਦਿਖਾਉਣ ਵਾਲੇ ਦੀਵਾ ਲਾਇਆਂ ਵੀ ਨਹੀਂ ਲੱਭੇ, ਨਾ ਹੀ ਲੱਭਣਗੇ।

ਮੈਂ ਦੁਨੀਆਂ 'ਚ ਬਹੁਤ ਸਾਰੇ ਪੱਤਰਕਾਰ ਦੇਖੇ ਹਨ, ਬਹੁਤਿਆਂ ਨੂੰ ਮਿਲੇ ਵੀ ਹਾਂ ਪਰ ਜੋ ਵਿਲੱਖਣਤਾ ਸਰਦਾਰ ਜਸਪਾਲ ਸਿੰਘ ਹੇਰਾਂ ਹੋਰਾਂ ਵਿਚ ਸੀ, ਉਹ ਕਿਸੇ ਹੋਰ 'ਚ ਅੱਜ ਤੱਕ ਨਹੀਂ ਦੇਖੀ ਹੈ। ਮੈਂ ਉਨ੍ਹਾਂ ਦੇ ਨਾਲ ਲੰਬਾ ਸਮਾਂ ਅਜੀਤ ਅਖ਼ਬਾਰ ਦੇ ਵਿਚ ਵੀ ਕੰਮ ਕੀਤਾ ਅਤੇ ਫਿਰ ਪਹਿਰੇਦਾਰ ਅਖ਼ਬਾਰ ਦੇ ਵਿਚ ਵੀ "ਖੇਡ ਮੈਦਾਨ ਬੋਲਦਾ ਹੈ" ਪੇਜ ਸਥਾਪਿਤ ਕਰਕੇ ਖਿਡਾਰੀਆਂ ਅਤੇ ਪੰਜਾਬ ਦੀਆਂ ਖੇਡਾਂ ਦੀ ਗੱਲ ਕੀਤੀ। ਸਾਲ 2018 ਵਿਚ ਅਸੀਂ ਦੋਨਾਂ ਨੇ ਬੈਲਜੀਅਮ, ਫਰਾਂਸ, ਜਰਮਨੀ, ਹਾਲੈਂਡ ਦਾ ਵਿਦੇਸ਼ੀ ਦੌਰਾ ਵੀ ਕੀਤਾ। ਆਸਟਰੇਲੀਆ ਤੇ ਅਮਰੀਕਾ ਜਾਣ ਦੀ ਅਜੇ ਵਿਚਾਰ ਸੀ ਪਰ ਇਹ ਹੁਣ ਸਭ ਯਾਦਾਂ ਬਣ ਕੇ ਹੀ ਰਹਿ ਗਿਆ ਹੈ।

ਸਰਦਾਰ ਜਸਪਾਲ ਸਿੰਘ ਹੇਰਾਂ ਦੀ ਵੱਡੀ ਵਿਲੱਖਣਤਾ ਇਹ ਸੀ ਕਿ ਉਹ ਕਦੇ ਵੀ ਅਕਾਲੀ ਜਾਂ ਕਾਂਗਰਸੀ ਹਕੂਮਤ ਦੇ ਕਹਿਰ ਅੱਗੇ ਝੁਕੇ ਨਹੀਂ, ਲਿਪੇ ਨਹੀਂ, ਗੋਡੇ ਨਹੀਂ ਟੇਕੇ, ਲੱਖ ਵਿੱਤੀ ਲਾਲਚਾਂ ਅਤੇ ਧਮਕੀਆਂ ਦੀ ਉਨ੍ਹਾਂ ਨੇ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਨੇ ਆਪਣੀ ਕਲਮ ਰਾਹੀਂ ਹਮੇਸ਼ਾ ਹੀ ਕੌਮ ਨੂੰ ਰਾਜਨੀਤਿਕ ਹਨੇਰੇ ਦੀ ਦਲਦਲ ਵਿਚ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਸਿੱਖ ਇਤਿਹਾਸ ਅਤੇ ਸਿੱਖ ਵਿਰਾਸਤ ਤੋਂ ਹਮੇਸ਼ਾ ਜਾਣੂ ਕਰਵਾਇਆ ਹੈ। ਉਹ ਸਦੀਆਂ ਬਾਅਦ ਪੈਦਾ ਹੋਣ ਵਾਲੀ ਇੱਕ ਕਲਮ ਸੀ, ਪਰ ਅੱਜ ਉਹ ਕਾਲਮ ਅਚਨਚੇਤ ਸਦਾ ਲਈ ਖਮੋਸ਼ ਹੋ ਗਈ ਹੈ। ਸਿੱਖ ਕੌਮ ਪ੍ਰਤੀ ਦਰਦ ਰੱਖਣ ਵਾਲਿਆਂ ਵਿਚ ਉਹ ਸੰਨਾਟਾ ਹੈ, ਜੋ ਇਕ ਮਹਾਨ ਯੋਧੇ ਦੀ ਮੌਤ ਤੋਂ ਬਾਅਦ ਪੈਦਾ ਹੁੰਦਾ ਹੈ। ਉਨ੍ਹਾਂ ਦੀ ਘਾਟ ਕਦੇ ਵੀ ਨਹੀਂ ਪੂਰੀ ਹੋਵੇਗੀ ਪਰ ਉਨ੍ਹਾਂ ਦੀ ਸੋਚ ਹਮੇਸ਼ਾ ਜ਼ਿੰਦਾ ਰਹੇਗੀ।

ਹੁਣ ਸਵ. ਸਰਦਾਰ ਜਸਪਾਲ ਸਿੰਘ ਹੇਰਾਂ ਹੋਰਾਂ ਦਾ ਅੰਤਿਮ ਸੰਸਕਾਰ ਹੋ ਗਿਆ ਹੈ। ਉਸਦੇ ਸੰਗੀ, ਸਾਥੀਆਂ, ਦੋਸਤਾਂ ਮਿੱਤਰਾਂ ਅਤੇ ਹੋਰ ਰਿਸ਼ਤੇਦਾਰਾਂ ਵਿਚ ਇੱਕ ਸੋਗ ਦੀ ਲਹਿਰ ਹੈ। ਹੁਣ ਕੁਝ ਦਿਨਾਂ ਬਾਅਦ 27 ਜੁਲਾਈ ਨੂੰ ਅੰਤਿਮ ਅਰਦਾਸ ਹੋਵੇਗੀ, ਉਥੇ ਵੱਡੀਆਂ-ਵੱਡੀਆਂ ਗੱਲਾਂ ਅਤੇ ਉਨ੍ਹਾਂ ਦੀ ਯਾਦ ਨੂੰ ਸੰਭਾਲਣ ਲਈ ਰਾਜਨੀਤਿਕ ਆਗੂਆਂ ਵੱਲੋਂ ਵੱਡੇ-ਵੱਡੇ ਦਾਅਵੇ ਹੋਣਗੇ। ਫਿਰ ਇੱਕ ਚੁੱਪ ਬਿਸਰੇਗੀ, ਉਸ ਤੋਂ ਬਾਅਦ ਸਭ ਖਾਮੋਸ਼ ਹੋਵੇਗਾ। ਹੋਣਾ ਕੁਝ ਵੀ ਨਹੀਂ, ਬੱਸ ਕੀਤੇ ਐਲਾਨ, ਐਲਾਨ ਹੀ ਰਹਿ ਜਾਣਗੇ, ਫਿਰ ਹੇਰਾਂ ਸਾਹਿਬ ਸਦਾ ਲਈ ਇਸ ਦੁਨੀਆਂ ਤੋਂ ਜੁਦਾ ਹੋ ਜਾਣਗੇ। ਹੁਣ ਪਹਿਰੇਦਾਰ ਅਖ਼ਬਾਰ ਦੇ ਮਾਲਕਾਂ ਦੇ ਜਾਂ ਪਹਿਰੇਦਾਰ ਅਖ਼ਬਾਰ ਨੂੰ ਚਾਹੁਣ ਵਾਲਿਆਂ ਦੇ ਹੱਥ ਵਾਗਡੋਰ ਅਤੇ ਜ਼ਿੰਮੇਵਾਰੀ ਹੋਵੇਗੀ ਕਿ ਉਨ੍ਹਾਂ ਨੇ ਸਰਦਾਰ ਜਸਪਾਲ ਸਿੰਘ ਹੇਰਾਂ ਦੀ ਯਾਦ ਨੂੰ ਜ਼ਿੰਦਾ ਕਿਵੇਂ ਰੱਖਣਾ ਹੈ? ਉਸ ਦੀ ਸੋਚ ਨੂੰ ਅੱਗੇ ਕਿਵੇਂ ਤੋਰਨਾ ਹੈ? ਇਹ ਸਮਾਂ ਹੀ ਦੱਸੇਗਾ, ਸਿੱਖ ਕੌਮ ਦੇ ਹੱਕਾਂ ਦੀ ਘਾਲਣਾ ਘਾਲਣ ਵਾਲੇ ਯੋਧੇ ਦੀ ਸੋਚ ਨੂੰ ਕੌਣ ਅੱਗੇ ਤੋਰਦਾ ਹੈ। ਵਾਹਿਗੁਰੂ ਸਾਨੂੰ ਸਾਰਿਆਂ ਨੂੰ ਸੁਮੱਤ ਬਖਸ਼ੇ, ਬਾਕੀ ਰੱਬ ਰਾਖਾ!

## ਉਰਸ 'ਤੇ ਵਿਸ਼ੇਸ਼ ਲੇਖ

# ਸੱਯਦ ਬਾਬਾ ਵਾਰਿਸ ਸ਼ਾਹ

ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਐਪ : +91-99141-84794
ਪੰਜਾਬ ਮੇਲ USA





ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖ਼ਾਂ ਪੰਜਾਬ (ਪਾਕਿਸਤਾਨ) ਵਿਚ ਪਿਤਾ ਕੁਤਬ ਸ਼ਾਹ ਦੇ ਘਰ ਸੰਨ 1722 ਨੂੰ ਸਯੱਦ ਪਰਿਵਾਰ ਵਿਚ ਹੋਇਆ। ਜੰਡਿਆਲਾ ਸ਼ੇਰ ਖ਼ਾਂ ਸ਼ੇਖ਼ੂਪੁਰ ਤੋਂ 15 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਮੁੱਢਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਵਾਰਿਸ ਸ਼ਾਹ ਉਚ ਵਿੱਦਿਆ ਹਾਸਲ ਕਰਨ ਲਈ ਕਸੂਰ ਜਾ ਕੇ ਹਾਫ਼ਜ਼ ਗੁਲਾਮ ਮੁਰਤਜ਼ਾ ਦੇ ਅੱਗੇ ਪੇਸ਼ ਹੋਏ, ਜੋ ਇਕ ਬੜੇ ਵੱਡੇ ਮਦਰੱਸੇ 'ਚ ਬੱਚਿਆਂ ਨੂੰ ਪੜ੍ਹਾਉਂਦੇ ਸਨ।

ਵਾਰਿਸ ਸ਼ਾਹ ਵਸਨੀਕ ਜੰਡਿਆਲੜੇ ਦਾ
ਤੇ ਸ਼ਗਿਰਦ ਮਖ਼ਦੂਮ ਕਸੂਰ ਦਾ ਹੈ।

ਵਾਰਿਸ ਸ਼ਾਹ ਇੱਥੋਂ ਵਿੱਦਿਆ ਹਾਸਲ ਕਰਕੇ ਉਸਤਾਦ ਕੋਲੋਂ ਆਗਿਆ ਲੈ ਕੇ ਪਾਕਪਟਨ ਬਾਬਾ ਫ਼ਰੀਦ ਜੀ ਦੀ ਮਜ਼ਾਰ ਉੱਤੇ ਪਹੁੰਚ ਗਏ। ਉਥੇ ਬਾਬਾ ਫ਼ਰੀਦ ਜੀ ਦੀ ਗੱਦੀ 'ਤੇ ਬੈਠੇ ਮੌਜੂਦਾ ਬਜ਼ੁਰਗ ਕੋਲੋਂ ਆਤਮਿਕ ਗਿਆਨ ਦੀ ਪ੍ਰਾਪਤੀ ਹੋਈ।

ਇਥੋਂ ਮਲਕਾ ਹਾਂਸ ਚਲੇ ਗਏ, ਜੋ ਸਾਹੀਵਾਲ (ਮਿੰਟਗੁਮਰੀ) ਪਾਕਪਟਨ ਵਾਲੀ ਸੜਕ 'ਤੇ ਸਥਿਤ ਹੈ। ਇੱਥੇ ਪਹੁੰਚ ਕੇ ਪ੍ਰਬੰਧਕਾਂ ਨੂੰ ਮਿਲੇ। ਉਨ੍ਹਾਂ ਨੂੰ ਆਪਣੇ ਬਾਰੇ ਵੀ ਦੱਸਿਆ। ਮਸਜ਼ਿਦ ਵਿਚ ਨਮਾਜ਼ ਪੜ੍ਹਾਉਣ ਵਾਲਾ ਕੋਈ ਮੌਲਵੀ ਨਹੀਂ ਸੀ। ਸਾਰਿਆਂ ਨੇ ਬਾਬਾ ਵਾਰਿਸ ਸ਼ਾਹ ਨੂੰ ਨਮਾਜ਼ ਪੜ੍ਹਾਉਣ ਲਈ ਬੇਨਤੀ ਕੀਤੀ। ਨਮਾਜ਼ ਪੜ੍ਹ ਕੇ ਵਾਰਿਸ ਸ਼ਾਹ ਤੋਂ ਬਹੁਤ ਪ੍ਰਭਾਵਿਤ ਹੋਏ। ਫਿਰ ਵਾਰਿਸ ਸ਼ਾਹ ਨੇ ਉੱਥੇ ਹੀ ਮਲਕਾ ਹਾਂਸ ਦੇ ਮੁਹੱਲਾ ਉੱਚਾ ਟਿੱਬਾ ਦੀ ਮਸਜ਼ਿਦ ਵਿਚ ਮੌਲਵੀ ਦੀ ਸੇਵਾ ਸੰਭਾਲ ਲਈ।

ਮਲਕਾ ਹਾਂਸ ਵਿਚ ਇਕ ਰੱਜਿਆ-ਪੁੱਜਿਆ ਬਲੋਚ ਪਰਿਵਾਰ ਰਹਿੰਦਾ ਸੀ। ਪ੍ਰਬੰਧਕਾਂ ਨੇ ਫ਼ੈਸਲਾ ਕੀਤਾ ਕਿ ਵਾਰਿਸ ਸ਼ਾਹ ਮਸਜ਼ਿਦ ਦੇ ਕਮਰੇ ਵਿਚ ਰਹੇਗਾ। ਇਸ ਦੇ ਖਾਣ-ਪੀਣ ਦਾ ਪ੍ਰਬੰਧ ਬਲੋਚ ਪਰਿਵਾਰ ਕਰੇਗਾ। ਇਸ ਪਰਿਵਾਰ ਨੇ ਆਪਣੀ ਧੀ ਭਾਗਭਰੀ ਦੀ ਡਿਊਟੀ ਲਗਾ ਦਿੱਤੀ ਕਿ ਉਹ ਮਸਜ਼ਿਦ ਵਿਚ ਵਾਰਿਸ ਸ਼ਾਹ ਦੀ ਰੋਟੀ ਫੜਾ ਕੇ ਆਇਆ ਕਰੇਗੀ। ਭਾਗਭਰੀ ਸੋਹਣੀ ਸਨੁੱਖੀ ਮੁਟਿਆਰ ਸੀ। ਉਸ ਦੇ ਸੁਹੱਪਣ ਦੀ ਚਰਚਾ ਹਰ ਪਾਸੇ ਬਹੁਤ ਜ਼ਿਆਦਾ ਹੋ ਰਹੀ ਸੀ।

ਉਹ ਵਾਰਿਸ ਸ਼ਾਹ ਦੀ ਰੋਟੀ ਲਿਆ ਕੇ ਉਸ ਮੂਹਰੇ ਰੱਖ ਕੇ ਉਹਦੇ ਸਾਹਮਣੇ ਬੈਠ ਜਾਂਦੀ। ਵਾਰਿਸ ਸ਼ਾਹ ਹੌਲੀ-ਹੌਲੀ ਰੋਟੀ ਖਾਈ ਜਾਂਦਾ, ਨਾਲੇ ਭਾਗਭਰੀ ਵੱਲ ਵੇਖੀ ਜਾਂਦਾ। ਜਦ ਬਰਤਨ ਵਿਹਲੇ ਹੋ ਜਾਂਦੇ, ਭਾਗਭਰੀ ਬਰਤਨ ਲੈ ਕੇ ਘਰ ਚਲੀ ਜਾਂਦੀ। ਇਹ ਸਿਲਸਿਲਾ ਕਾਫੀ ਸਮਾਂ ਚੱਲਦਾ ਰਿਹਾ। ਵਾਰਿਸ ਸ਼ਾਹ ਭਾਗਭਰੀ ਮੂਹਰੇ ਦਿਲ ਹਾਰ ਬੈਠਾ:- ਮਾਸ਼ੂਕ ਦਿਆ
ਬਾਂਕਿਆ ਸ਼ੋਖ ਨੈਣਾ
ਵਾਰਿਸ ਸ਼ਾਹ ਜਿਹੇ ਮਜਬੂਰ ਕੀਤੇ।

ਵਾਰਿਸ ਸ਼ਾਹ ਨੂੰ ਜੇਕਰ ਰੋਟੀ ਦੀ ਭੁੱਖ ਨਾ ਹੁੰਦੀ, ਤਾਂ ਵੀ ਭਾਗਭਰੀ ਨੂੰ ਉਡੀਕਦਾ ਰਹਿੰਦਾ। ਵਾਰਿਸ ਸ਼ਾਹ ਨੂੰ ਰੋਟੀ ਨਾਲੋਂ ਭਾਗਭਰੀ ਦੇ ਦੀਦਾਰ ਦੀ ਭੁੱਖ ਜ਼ਿਆਦਾ ਸੀ:-

ਵਾਰਿਸ ਸ਼ਾਹ ਨੂੰ ਸਿਕ ਦੀਦਾਰ ਦੀ ਏ
ਜਿਹੀ ਹੀਰ ਨੂੰ ਭਟਕਣਾ ਯਾਰ ਦੀ ਸੀ।
- - - - - - - -
ਵਾਰਿਸ ਸ਼ਾਹ ਨੂੰ ਮਾਰ ਨਾ ਭਾਗ ਭਰੀਏ
ਅਣੀ ਮੁਣਸ ਪਿਆਰੀਏ ਵਾਸਤਾ ਈ।
- - - - - - - -
ਵਾਰਿਸ ਸ਼ਾਹ ਉਸ ਵਕਤ ਨੂੰ ਝੂਰਦਾ ਈ
ਜਿਸ ਵੇਲੜੇ ਅੱਖੀਆਂ ਲਾਇ ਬੈਠਾ।
- - - - - - -

ਵਾਰਿਸ ਸ਼ਾਹ ਤੇ ਭਾਗਭਰੀ ਦੇ ਚਰਚੇ ਹੌਲੀ-ਹੌਲੀ ਪਿੰਡ ਵਿਚ ਹੋਣ ਲੱਗ ਪਏ। ਵਾਰਿਸ ਸ਼ਾਹ ਦੀ ਬਦਨਾਮੀ ਪਿੰਡ ਦੇ ਵਸਨੀਕਾਂ ਦੇ ਗੁੱਸੇ ਵਿਚ ਬਦਲ ਗਈ। ਉਨ੍ਹਾਂ ਵਾਰਿਸ ਸ਼ਾਹ ਨੂੰ ਮਸਜ਼ਿਦ ਵਿਚੋਂ ਕੱਢ ਦਿੱਤਾ।

ਮਸਜ਼ਿਦ ਵਿਚੋਂ ਕੱਢਿਆ ਵਾਰਿਸ ਸ਼ਾਹ ਉਦਾਸ ਮਨ ਨਾਲ ਉਥੋਂ ਤੁਰ ਪਿਆ। ਪਿੰਡ ਦੇ ਸਾਰੇ ਲੋਕ ਕਿਸੇ ਦੇ ਵੈਰੀ ਨਹੀਂ ਬਣਦੇ, ਕੁਝ ਹਮਦਰਦ ਵੀ ਹੁੰਦੇ ਹਨ। ਪਿੰਡ ਤੋਂ ਬਾਹਰ ਇਕ ਪਰਿਵਾਰ ਦੀ ਰਿਹਾਇਸ਼ ਸੀ। ਉਹ ਬਾਹਰ ਖੇਤ ਵਿਚ ਕੰਮ ਕਰ ਰਹੇ ਸਨ। ਉਨ੍ਹਾਂ ਵਾਰਿਸ ਸ਼ਾਹ ਨੂੰ ਆਉਂਦਾ ਵੇਖ ਕੇ ਹਾਕ ਮਾਰ ਲਈ। ਵਾਰਿਸ ਸ਼ਾਹ ਨੇ ਦੱਸਿਆ ਕਿ ਮੈਨੂੰ ਪਿੰਡ ਵਾਲਿਆਂ ਮਸਜ਼ਿਦ ਵਿਚੋਂ ਬਾਹਰ ਕੱਢ ਦਿੱਤਾ ਹੈ। ਉਨ੍ਹਾਂ ਵਾਰਿਸ ਸ਼ਾਹ ਨੂੰ ਜਾਣ ਨਾ ਦਿੱਤਾ, ਉਸ ਨੂੰ ਕੁਝ ਦਿਨ ਆਪਣੇ ਕੋਲ ਰਹਿਣ ਲਈ ਕਿਹਾ।

ਕੁਝ ਦਿਨਾਂ ਬਾਅਦ ਪਿੰਡ ਦੇ ਮੋਹਤਬਰ ਬੰਦਿਆਂ ਨੇ ਵਿਚ ਪੈ ਕੇ ਵਾਰਿਸ ਸ਼ਾਹ ਨੂੰ ਬੇਦੋਸ਼ ਕਹਿੰਦਿਆਂ ਦੋਸ਼ ਲਾਉਣ ਵਾਲਿਆਂ ਦੀ ਝਾੜ ਝੰਬ ਕਰਕੇ ਵਾਰਿਸ ਸ਼ਾਹ ਨੂੰ ਮਸਜ਼ਿਦ ਵਿਚ ਫਿਰ ਮੌਲਵੀ ਰੱਖਾ ਦਿੱਤਾ। ਉਸ ਤਰ੍ਹਾਂ ਹੀ ਫਿਰ ਭਾਗਭਰੀ ਰੋਟੀ ਲੈ ਕੇ ਆਉਣ ਲੱਗ ਪਈ। ਪਰ ਜੋ ਰੱਬ ਨੂੰ ਮੰਨਜ਼ੂਰ ਸੀ, ਭਾਗਭਰੀ ਕੁਝ ਦਿਨ ਤੇਜ਼ ਬੁਖਾਰ ਚੜ੍ਹਨ ਨਾਲ ਰੱਬ ਨੂੰ ਪਿਆਰੀ ਹੋ ਗਈ।

ਵਾਰਿਸ ਸ਼ਾਹ ਦਾ ਮਨ ਡਾਵਾਂਡੋਲ ਹੋ ਗਿਆ। ਉਹ ਮਸੀਤ ਦਾ ਮੌਲਵੀ ਸੀ, ਲੋਕਾਂ ਕੋਲ ਕੀ ਦੁੱਖ ਰੋਂਦਾ, ਕੀ ਦੱਸਦਾ ਕਿ ਮੇਰੀ ਤਾਂ ਦੁਨੀਆਂ ਹੀ ਲੁੱਟੀ ਗਈ!

ਵਾਰਿਸ ਸ਼ਾਹ ਮੀਆਂ ਜਿੰਨਾਂ ਲਾਈਆਂ ਨੀ
ਸੇਈ ਜਾਣਦੇ ਦਾਰੀਆਂ ਯਾਰੀਆਂ ਨੂੰ।

ਫਿਰ ਮਲਕਾ ਹਾਂਸ ਦੇ ਮਹੱਲੇ ਉੱਚਾ ਟਿਬਾ ਦੀ ਮਸੀਤ ਦੇ ਕਮਰੇ ਵਿਚ ਬੈਠ ਕੇ ਤਿੰਨ ਸਾਲ ਅੰਦਰੋਂ ਉਠਦੀ ਹੂਕ ਕਾਗਜ਼ਾਂ 'ਤੇ ਉਕਰ ਕੇ ਭਾਗਭਰੀ ਦੇ ਦੁੱਖ ਨੂੰ ਵਾਰਿਸ ਸ਼ਾਹ ਨੇ ਹੀਰ ਦੇ ਦੁੱਖ ਰਾਹੀ 'ਹੀਰ ਵਾਰਿਸ ਸ਼ਾਹ' ਵਿਚ ਲਿਖਿਆ।

ਸੰਨ 1766 ਵਿਚ 'ਹੀਰ ਵਾਰਿਸ ਸ਼ਾਹ' ਦਾ ਖਰੜਾ ਪੂਰਾ ਹੋਣ 'ਤੇ ਇਸ ਨੂੰ ਝੋਲੇ ਵਿਚ ਪਾ ਕੇ ਮਲਕਾ ਹਾਂਸ ਦੀ ਮਸੀਤ ਨੂੰ ਸਦਾ ਲਈ ਛੱਡ ਜਾਣ ਵਾਸਤੇ ਤਿਆਰੀ ਕਰ ਲਈ। ਪਿੰਡ ਵਾਸੀਆਂ ਤੋਂ ਜਾਣ ਦੀ ਆਗਿਆ ਮੰਗੀ। ਪਿੰਡ ਵਾਸੀਆਂ ਵਾਰਿਸ ਸ਼ਾਹ ਨੂੰ ਜਾਣ ਤੋਂ ਬਹੁਤ ਰੋਕਿਆ ਪਰ ਵਾਰਿਸ ਸ਼ਾਹ ਰੁਕਿਆ ਨਹੀਂ, ਆਖ਼ਰੀ ਫਤਿਹ ਬੁਲਾ ਕੇ ਕਸੂਰ ਦੇ ਰਾਹ ਪੈ ਗਿਆ।

ਹੱਥ ਪਕੜ ਕੇ ਜੁੱਤੀਆਂ ਮਾਰ ਬੁੱਕਲ
ਰਾਂਝਾ ਹੋਇ ਟੁਰਿਆ ਵਾਰਿਸ ਸ਼ਾਹ ਜੇਹਾ।
- - - - - - - -
ਵਾਰਿਸ ਸ਼ਾਹ ਇਸ਼ਕ ਦੇ ਵਣਜ ਵਿਚੋਂ
ਕਿਸੇ ਪੱਲੇ ਨਾ ਬੱਧੀ ਦੱਮੜੀ ਏ।

ਵਾਰਿਸ ਸ਼ਾਹ ਨੇ ਕਸੂਰ ਪਹੁੰਚ ਕੇ ਆਪਣੇ ਉਸਤਾਦ ਦਾ ਦਰਵਾਜ਼ਾ ਜਾ ਖੜਕਾਇਆ। ਮਦਰੱਸੇ ਅੰਦਰ ਵਾਰਿਸ ਸ਼ਾਹ ਦਾ ਉਸਤਾਦ ਹਾਫਜ਼ ਗੁਲਾਮ ਮੁਰਤਜ਼ਾ ਅਤੇ ਉਸਦੇ ਸ਼ਗਿਰਦ ਆਰਾਮ ਕਰ ਰਹੇ ਸਨ। ਉਸਤਾਦ ਨੇ ਸ਼ਗਿਰਦ ਨੂੰ ਕਿਹਾ ਬਾਹਰ ਵੇਖੋ ਕੌਣ ਹੈ? ਸ਼ਗਿਰਦ ਨੇ ਕਿਹਾ, ਬਾਹਰ ਵਾਰਿਸ ਸ਼ਾਹ ਖੜ੍ਹਾ ਹੈ, ਤਾਂ ਮੁਰਸ਼ਦ ਕ੍ਰੋਧ ਵਿਚ ਆ ਕੇ ਕਹਿੰਦਾ ਜਾ ਉਸਨੂੰ ਕਹਿ ਦੇ ਇੱਥੋਂ ਦਫਾ ਹੋ ਜਾ! ਮੈਨੂੰ ਅਜਿਹੇ ਸ਼ਗਿਰਦ ਦੀ ਲੋੜ ਨਹੀਂ, ਪਹਿਲਾਂ ਬੁੱਲ੍ਹੇ ਨੂੰ ਇਲਮ ਦਿੱਤਾ, ਉਹ ਪੈਰੀਂ ਘੁੰਗਰੂ ਬੰਨ੍ਹ ਨੱਚਣ ਲੱਗ ਪਿਆ, ਫਿਰ ਇਸ ਨੂੰ ਇਲਮ ਦਿੱਤਾ, ਇਹ ਹੀਰ ਲਿਖਣ ਬੈਠ ਗਿਆ। ਸ਼ਗਿਰਦ ਨੇ ਜਾ ਕੇ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਵਾਰਿਸ਼ ਸ਼ਾਹ ਨੂੰ ਕਹਿ ਦਿੱਤਾ, ਉਸਤਾਦ ਜੀ ਗੁੱਸੇ ਵਿਚ ਹਨ, ਉਹ ਕਹਿੰਦੇ, ਵਾਰਿਸ ਸ਼ਾਹ ਨੂੰ ਕਹਿ ਉਹ ਚੱਲਿਆ ਜਾਵੇ, ਉਸ ਨੂੰ ਕੁੰਡਾ ਨਹੀਂ ਖੋਲਣਾ। ਇਹ ਕਹਿ ਕੇ ਸ਼ਗਿਰਦ ਵਾਪਿਸ ਆ ਗਿਆ।

ਦੋ-ਤਿੰਨ ਘੰਟੇ ਬੀਤ ਚੁੱਕਣ ਤੋਂ ਬਾਅਦ ਉਸਤਾਦ ਜੀ ਦਾ ਗੁੱਸਾ ਠੰਡਾ ਹੋਇਆ, ਤਾਂ ਆਪਣੇ ਸ਼ਗਿਰਦਾਂ ਨੂੰ ਕਹਿਣ ਲੱਗਾ, ਜਾਓ ਲੱਭ ਕੇ ਲੈ ਆਓ, ਜੇ ਕਿਤੇ ਵਾਰਿਸ ਸ਼ਾਹ ਲੱਭਦਾ ਹੈ। ਜਦ ਸ਼ਗਿਰਦ ਨੇ ਦਰਵਾਜ਼ਾ ਖੋਲ੍ਹਿਆ, ਤਾਂ ਵਾਰਿਸ ਸ਼ਾਹ ਦਰਵਾਜ਼ੇ ਮੂਹਰੇ ਖੜ੍ਹਾ ਸੀ। ਜੇਠ ਦਾ ਮਹੀਨਾ, ਤਿਕੜ ਦੁਪਿਹਰ, ਗਰਮੀ ਨਾਲ ਹਾਲੋ-ਬੇਹਾਲ ਹੋਇਆ ਉਸਤਾਦ ਨੂੰ ਮਿਲਣ ਦੀ ਤ੍ਰਿਸ਼ਨਾਂ ਵਿਚ ਪਸੀਨੇ ਨਾਲ ਭਿਜਿਆ ਖੜ੍ਹਾ ਸੀ। ਮੁਰਸ਼ਦ ਵੇਖ ਕੇ ਪਿੱਛੇ ਮੁੜ ਗਿਆ। ਉਸਨੇ ਉਸਤਾਦ ਜੀ ਨੂੰ ਕਿਹਾ ਕਿ ਵਾਰਿਸ ਸ਼ਾਹ ਗਿਆ ਨਹੀਂ, ਦਰਵਾਜ਼ੇ ਮੂਹਰੇ ਹੀ ਖੜ੍ਹਾ ਹੈ, ਗਰਮੀ ਨਾਲ ਭਿੱਜਿਆ ਪਿਆ, ਪਾਣੀ ਦਾ ਪਿਆਸਾ ਬੇਜ਼ਾਨ ਹੋਇਆ ਖੜ੍ਹਾ ਹੈ।

ਉਸਤਾਦ ਸੁਣ ਕੇ ਹੋਰ ਮੋਮ ਵਾਂਗ ਢਲ ਗਿਆ ਤੇ ਕਿਹਾ ਵਾਰਿਸ ਸ਼ਾਹ ਨੂੰ ਬਾਹੋਂ ਫੜ ਕੇ ਅੰਦਰ ਲੈ ਆਵੋ। ਵਾਰਿਸ ਸ਼ਾਹ ਨੇ ਅੰਦਰ ਆ ਕੇ ਆਪਣੀ ਲਿਖੀ ਹੀਰ ਉਸਤਾਦ ਜੀ ਦੇ ਪੈਰਾਂ ਵਿਚ ਰੱਖ ਦਿੱਤੀ ਅਤੇ ਆਪ ਵੀ ਉਸ ਦੇ ਪੈਰਾਂ 'ਤੇ ਸਿਰ ਰੱਖ ਕੇ ਬਹੁਤ ਰੋਇਆ। ਬਹੁਤ ਚਿਰ ਰੋਂਦਾ ਰਿਹਾ। ਉਸਤਾਦ ਵੀ ਸਹਾਰ ਨਾ ਸਕਿਆ। ਉਸ ਦੀਆਂ ਅੱਖਾਂ ਵੀ ਨਮ ਹੋ ਗਈਆਂ। ਵਾਰਿਸ ਸ਼ਾਹ ਨੇ ਉਸਤਾਦ ਜੀ ਨੂੰ ਕਿਹਾ, ਇਕ ਵਾਰੀ ਇਸ ਖਰੜੇ ਨੂੰ ਪੜ੍ਹ ਲਵੋ, ਤੁਹਾਡੇ ਸ਼ਗਿਰਦ ਨਾਲ ਕੀ ਕੀ ਬੀਤੀ? ਉਸਤਾਦ ਨੂੰ ਤਰਸ ਆਇਆ, ਵਾਰਿਸ ਸ਼ਾਹ ਨੂੰ ਕਹਿੰਦਾ ਤੂੰ ਨਹਾ ਕੇ ਆਪਣੇ ਕਮਰੇ ਵਿਚ ਆਰਾਮ ਕਰ ਮੈਂ ਇਸ ਨੂੰ ਰਾਤ ਨੂੰ ਪੜ੍ਹਾਂਗਾ।

ਵਾਰਿਸ ਸ਼ਾਹ ਆਪਣੇ ਕਮਰੇ ਵਿਚ ਆਰਾਮ ਕਰਨ ਲੱਗ ਪਿਆ ਤੇ ਰਾਤ ਨੂੰ ਹਾਫਜ਼ ਗੁਲਾਮ ਮੁਰਤਜ਼ਾ ਨੇ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਖਰੜਾ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸਤਾਦ ਦੇ ਪੜ੍ਹਦੇ-ਪੜ੍ਹਦੇ ਦੇ ਹੋਠ ਚੁੱਪ ਹੋ ਗਏ, ਅੱਖਾਂ ਰੋਂਦੀਆਂ ਰਹੀਆਂ, ਰਾਤ ਦਾ ਪਿਛਲਾ ਪਹਿਰ ਆ ਗਿਆ, ਦਿਲ ਬੇ-ਕਾਬੂ ਹੋ ਗਿਆ, ਇਕਦਮ ਤੜਫ ਕੇ ਉੱਠੇ, ਸਿੱਧੇ ਵਾਰਿਸ ਸ਼ਾਹ ਦੇ ਕਮਰੇ ਅੰਦਝ ਚਲੇ ਗਏ।

ਵਾਰਿਸ ਸ਼ਾਹ ਨੂੰ ਉਠਾਇਆ ਤੇ ਗੱਲ ਨਾਲ ਲੱਗ ਕੇ ਰੱਜ ਕੇ ਰੋਏ ਅਤੇ ਕਿਹਾ, "ਉਏ ਵਾਰਿਸਾ! ਮੈਨੂੰ ਮੁਆਫ਼ ਕਰ ਦੇਵੀਂ, ਮੈਂ ਗਲਤ ਸਮਝਿਆ ਸੀ, ਆਹ ਤੂੰ ਕੀ ਲਿਖ ਦਿੱਤਾ, ਜਦ ਤੱਕ ਪੰਜਾਬ ਦੀ ਧਰਤੀ 'ਤੇ ਪੰਜਾਬੀ ਵਸਦੇ ਰਹਿਣਗੇ, ਤੇਰੀ ਲਿਖੀ ਹੀਰ ਨੂੰ ਕਦੇ ਨਹੀਂ ਵਸਾਰਨਗੇ।"

ਵਾਰਿਸ ਸ਼ਾਹ ਕੁਝ ਦਿਨ ਆਪਣੇ ਉਸਤਾਦ ਕੋਲ ਰਹਿ ਕੇ ਫਿਰ ਇਜ਼ਾਜਤ ਲੈ ਆਪਣੇ ਪਿੰਡ ਜੰਡਿਆਲਾ ਸ਼ੇਰ ਖਾਂ ਚਲਿਆ ਗਿਆ। ਵਾਰਿਸ ਸ਼ਾਹ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾਂ ਪਿੰਡ ਦੀਆਂ ਸੱਥਾਂ ਵਿਚ ਹੀ ਗੁਜ਼ਾਰਿਆ। ਉਹ ਬੋਹੜ ਅੱਜ ਵੀ ਉਸ ਤਰ੍ਹਾਂ ਹੀ ਹੈ, ਜਿਸ ਦੀ ਛਾਵੇਂ ਬਹਿ ਕੇ ਲੋਕਾਂ ਨੂੰ ਹੀਰ ਵਾਰਿਸ ਸ਼ਾਹ ਸਣਾਉਂਦਾ। ਅਖ਼ੀਰ 1798 ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਵਾਰਿਸ ਸ਼ਾਹ ਦੀ ਯਾਦ 'ਚ ਬਹੁਤ ਖੂਬਸੂਰਤ ਮਜ਼ਾਰ ਬਣੀ ਹੋਈ ਹੈ। ਜਿਸ 'ਤੇ ਹਰ ਸਾਲ 23, 24, 25 ਜੁਲਾਈ ਨੂੰ ਮੇਲਾ ਭਰਦਾ ਹੈ। ਲੋਕ ਮੱਥਾ ਟੇਕਦੇ ਹਨ। ਇਸ ਮੇਲੇ ਵਿਚ ਹੀਰ ਵਾਰਿਸ ਸ਼ਾਹ ਪੜ੍ਹਨ ਦਾ ਮੁਕਾਬਲਾ ਹੁੰਦਾ ਹੈ।

# ਪੰਜਾਬ 'ਚ ਵਾਤਾਵਰਣ ਦਾ ਨਿਘਾਰ



ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070



ਪੰਜਾਬ ਮੇਲ USA

ਪੰਜਾਬ 'ਚ ਵਾਤਾਵਰਣ ਦਾ ਨਿਘਾਰ ਲਗਾਤਾਰ ਜਾਰੀ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਇਸਦਾ ਵੱਡਾ ਕਾਰਣ ਹੈ। ਦੇਸ਼ ਦੀ ਵੰਡ ਵੇਲੇ ਪੰਜਾਬ 'ਚ ਜੰਗਲਾਤ ਤਹਿਤ ਰਕਬਾ 40 ਫੀਸਦੀ ਸੀ, ਜੋ ਹੁਣ ਘੱਟ ਕੇ 3.7 ਫੀਸਦੀ ਰਹਿ ਗਿਆ ਹੈ। ਮਾਹਿਰਾਂ ਦੀ ਰਾਇ ਅਨੁਸਾਰ ਵਸੋਂ ਲਈ ਵਧੀਆ ਵਾਤਾਵਰਣ ਵਾਸਤੇ ਧਰਤੀ ਦੇ 33 ਫੀਸਦੀ ਹਿੱਸੇ ਉੱਪਰ ਜੰਗਲ ਹੋਣਾ ਜ਼ਰੂਰੀ ਹੈ। ਫ਼ਿਕਰ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦਾ ਜੋ ਜੰਗਲੀ ਰਕਬਾ ਬਚਿਆ-ਖੁਚਿਆ ਹੈ, ਉਹ ਮਕਾਨ ਉਸਾਰੀ ਅਤੇ ਉਦਯੋਗਿਕ ਪਸਾਰੇ ਦੀ ਮਾਰ ਹੇਠ ਹੈ।

ਪੰਜਾਬ ਦੀ ਆਬੋ-ਹਵਾ ਪਲੀਤ ਹੋ ਰਹੀ ਹੈ। ਸੂਬੇ 'ਚ ਪੀਣ ਵਾਲੇ ਪਾਣੀ ਦੀ ਘਾਟ ਹੋ ਗਈ ਹੈ। ਗੰਦੇ ਪਾਣੀ ਨੇ ਸਾਡੇ ਸਾਫ਼-ਸੁਥਰੇ ਦਰਿਆਵਾਂ ਦਾ ਪਾਣੀ ਤੱਕ ਗਲੀਜ਼ ਕਰ ਦਿੱਤਾ ਹੈ। ਇਹ ਪਾਣੀ ਕੈਂਸਰ ਆਦਿ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਕੋਇਲੇ ਨਾਲ ਚੱਲਣ ਵਾਲੇ ਬਿਜਲੀ ਕਾਰਖਾਨਿਆਂ 'ਚੋਂ ਨਿਕਲਦੇ ਰਸਾਇਣ, ਵਿਕੀਰਨ ਕਿਰਨਾਂ ਤੇ ਬਦਬੂਦਾਰ ਹਵਾ ਨੇ ਨਵਜੰਮੇ ਬੱਚਿਆਂ ਦੇ ਦਿਮਾਗ਼ ਤੇ ਜਿਸਮਾਂ ਵਿਚ ਨਿਰਯੋਗਤਾ ਲੈ ਆਂਦੀ ਹੈ। ਪੰਜਾਬ ਦੀ ਹਵਾ ਦੂਸ਼ਿਤ ਹੈ, ਪੰਜਾਬ ਦਾ ਪਾਣੀ ਗੰਦਲਾ ਹੈ, ਪਾਣੀ ਦੀ ਥੁੜ ਪੰਜਾਬ ਨੂੰ ਚਿਤਾਵਨੀ ਦੇ ਰਹੀ ਹੈ। ਕੀ ਪੰਜਾਬ, ਹਵਾ, ਪਾਣੀ ਤੇ ਅੰਨ ਤੋਂ ਬਿਨਾਂ ਆਪਣੀ ਹੋਂਦ ਦੀ ਕਲਪਨਾ ਵੀ ਕਰ ਸਕਦਾ ਹੈ?

ਵੀਹਵੀ ਸਦੀ ਦੇ ਸ਼ੁਰੂ ਵਿਚ ਵਧਦੀ ਹੋਈ ਵਸੋਂ ਕਾਰਨ ਜਦੋਂ ਦੇਸ਼ ਭੁੱਖਮਰੀ ਦੇ ਕਿਨਾਰੇ ਸੀ, ਅੰਗਰੇਜ਼ੀ ਸ਼ਾਸਨ ਦੌਰਾਨ ਪੰਜਾਬ ਦੇ ਮਿਹਨਤਕਸ਼ ਕਿਸਾਨਾਂ-ਮਜ਼ਦੂਰਾਂ ਨੇ ਪਾਣੀ ਦੇ ਬਲਬੂਤੇ ਪੰਜਾਬ 'ਚ ਅੰਨ ਉਗਾ ਕੇ ਦੇਸ਼ ਦੀ ਬਾਂਹ ਫੜੀ ਸੀ। ਆਜ਼ਾਦੀ ਤੋਂ ਬਾਅਦ ਫਿਰ ਇਕ ਵਾਰ ਹਰੇ ਇਨਕਲਾਬ ਦੌਰਾਨ ਪੰਜਾਬੀ ਕਿਸਾਨਾਂ ਨੇ ਧਰਤੀ ਦਾ ਸੀਨਾ ਪਾੜ ਕੇ ਤੇ ਪੰਜਾਬ ਦੀ ਧਰਤੀ ਹੇਠਲੇ ਪਾਣੀਆਂ ਦੀ ਇੰਤਹਾ ਵਰਤੋਂ ਕਰਕੇ ਦੇਸ਼ ਵਿਚ ਭੁੱਖੇ ਲੋਕਾਂ ਦੇ ਮੂੰਹ ਅਨਾਜ ਪਾਇਆ ਸੀ। ਪਰ ਪੰਜਾਬ ਨੂੰ ਇਸ ਦੀ ਕੀਮਤ ਹੁਣ ਚੁਕਾਉਣੀ ਪੈ ਰਹੀ ਹੈ। ਧਰਤੀ ਹੇਠਲਾ ਪਾਣੀ ਇਸ ਕਦਰ ਮੁੱਕਦਾ ਜਾ ਰਿਹਾ ਹੈ ਤੇ ਚਿਤਾਵਨੀ ਮਿਲ ਰਹੀ ਹੈ ਮਾਹਿਰਾਂ ਵੱਲੋਂ ਕਿ ਜੇਕਰ ਪੰਜਾਬ ਦੇ ਪੰਜ ਦਰਿਆਵਾਂ (ਢਾਈ ਦਰਿਆਵਾਂ) ਦੀ ਧਰਤੀ ਪੰਜਾਬ ਦੇ ਪਾਣੀ ਦੀ ਇੰਜ ਹੀ ਵਰਤੋਂ ਹੁੰਦੀ ਰਹੀ, ਤਾਂ 21ਵੀਂ ਸਦੀ ਦੇ ਅੱਧ ਜਿਹੇ ਵਿਚ ਯਾਨਿ ਅਗਲੇ 20 ਵਰ੍ਹਿਆਂ ਵਿਚ ਹੀ ਪੰਜਾਬ ਦੀ ਧਰਤੀ ਮਾਰੂਥਲ ਬਣ ਜਾਏਗੀ।

ਉਂਞ ਪੰਜਾਬ ਹੀ ਨਹੀਂ, ਪੂਰਾ ਦੇਸ਼ ਧਰਤੀ ਹੇਠਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸੰਨ 2021 ਦੀ ਇਕ ਸਰਕਾਰੀ ਰਿਪੋਰਟ ਅਨੁਸਾਰ 2004 ਤੋਂ 2017 ਦੇ ਵਿਚਕਾਰ ਭਾਰਤ ਵਿਚ ਧਰਤੀ ਹੇਠਲੇ ਪਾਣੀ ਦੀ ਵਰਤੋਂ 58 ਤੋਂ 63 ਫੀਸਦੀ ਵਧੀ ਹੈ। ਜੇਕਰ ਧਰਤੀ ਹੇਠਲੇ ਪਾਣੀ ਦੀ ਸਥਿਤੀ ਇਹੋ ਜਿਹੀ ਹੀ ਰਹੀ, ਤਾਂ ਪੀਣ ਵਾਲੇ ਪਾਣੀ ਦੀਆਂ ਪ੍ਰੇਸ਼ਾਨੀਆਂ 80 ਫੀਸਦੀ ਤੱਕ ਵਧ ਜਾਣਗੀਆਂ। ਗਰਮੀਆਂ ਦੇ ਦਿਨਾਂ 'ਚ ਦੇਸ਼ ਦੇ ਕਈ ਹਿੱਸਿਆਂ 'ਚ ਪਾਣੀ ਦੀ ਕਿੱਲਤ ਆ ਜਾਂਦੀ ਹੈ। ਪਾਣੀ ਲਈ ਹਿੰਸਕ ਝਗੜੇ ਹੁੰਦੇ ਹਨ। ਅਜਮੇਰ/ਰਾਜਸਥਾਨ ਦੇ ਇਕ ਵਕੀਲ ਨੇ ਇਸ ਕਰਕੇ ਖੁਦਕੁਸ਼ੀ ਕਰ ਲਈ ਕਿ ਸਾਧਨ ਹੋਣ ਦੇ ਬਾਵਜੂਦ ਵੀ ਉਹ ਆਪਣੇ ਪਰਿਵਾਰ ਲਈ ਪਾਣੀ ਦਾ ਵਾਜਬ ਪ੍ਰਬੰਧ ਨਹੀਂ ਕਰ ਸਕਿਆ।

ਹਾਲਾਤ ਪੰਜਾਬ 'ਚ ਵੀ ਚਿੰਤਾਜਨਕ ਹਨ। ਪੰਜਾਬ 'ਚ ਸਿੰਚਾਈ ਦੇ ਸਾਧਨਾ ਦਾ ਮੁੱਖ ਸਰੋਤ ਧਰਤੀ ਹੇਠਲਾ ਪਾਣੀ ਹੈ। ਨਹਿਰੀ ਪਾਣੀ ਦੀ ਵਰਤੋਂ ਪੂਰੀ ਤਰ੍ਹਾਂ ਨਹੀਂ ਹੋ ਰਹੀ। ਬਰਸਾਤੀ ਪਾਣੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਪੰਜਾਬ ਦੀਆਂ ਝੀਲਾਂ ਤੇ ਜਲਗਾਹ ਦਿਨ-ਬ-ਦਿਨ ਘੱਟ ਰਹੇ ਹਨ। ਵੰਡ ਤੋਂ ਬਾਅਦ ਇਨ੍ਹਾਂ ਦਾ ਰਕਬਾ ਅੱਧ ਫੀਸਦੀ ਤੋਂ ਵੀ ਘੱਟ ਹੈ। ਹਰੀਕੇ, ਰੋਪੜ, ਕਾਂਜਲੀ, ਰਣਜੀਤ ਸਾਗਰ ਅਤੇ ਨੰਗਲ ਦੀਆਂ ਝੀਲਾਂ ਵੱਲ ਤਾਂ ਥੋੜ੍ਹਾ ਧਿਆਨ ਦਿੱਤਾ ਜਾਂਦਾ ਹੈ ਪਰ ਕਾਹਨੂੰਵਾਨ ਛੰਭ, ਬਰੋਟਾ, ਲਹਿਲ ਕਲਾਂ ਵਰਗੀਆਂ ਝੀਲਾਂ ਨਜ਼ਰਅੰਦਾਜ਼ ਹਨ। ਪਿੰਡਾਂ ਵਿਚ ਛੱਪੜ, ਸ਼ਹਿਰਾਂ 'ਚ ਤਲਾਅ ਲਗਭਗ ਪੱਧਰੇ ਕਰ ਦਿੱਤੇ ਗਏ ਹਨ।

ਅਜੋਕੇ ਪੰਜਾਬ ਦੇ ਹਾਲਾਤ ਇਹ ਹਨ ਕਿ ਅਸੀਂ ਜਿੰਨਾ ਪਾਣੀ ਧਰਤੀ 'ਚੋਂ ਕੱਢਦੇ ਹਾਂ, ਉਹਦਾ ਅੱਧਾ-ਕੁ ਹੀ ਧਰਤੀ ਨੂੰ ਵਾਪਿਸ ਕਰਦੇ ਹਾਂ। ਰੀ-ਚਾਰਜਿੰਗ ਕਰਨਾ ਤਾਂ ਅਸੀਂ ਭੁੱਲ ਹੀ ਗਏ ਹਾਂ। ਰੀ-ਚਾਰਜਿੰਗ ਤਾਂ ਮੀਂਹ ਜਾਂ ਦਰਿਆਵਾਂ ਦੇ ਪਾਣੀ ਦੇ ਜੀਰਣ ਨਾਲ ਹੁੰਦੀ ਹੈ, ਜਦੋਂ ਇਹ ਪਾਣੀ ਧਰਤੀ ਦੀਆਂ ਪਰਤਾਂ ਵਿਚ ਦੀ ਛਣਕੇ ਐਕੁਈਫ਼ਰਜ਼ ਨੂੰ ਫਿਰ ਤੋਂ ਲਬਰੇਜ ਕਰਦਾ ਹੈ, ਪਰ ਅਸੀਂ ਧਰਤੀ ਹੇਠਲੇ ਪਾਣੀ ਦੇ ਪੱਤਣਾਂ ਦੀ ਪ੍ਰਵਾਹ ਕਰਨੀ ਹੀ ਛੱਡ ਦਿੱਤੀ ਹੈ। ਸਿੱਟਾ ਖੂਹਾਂ ਦਾ ਮਿੱਠਾ ਪਾਣੀ ਜੋ ਤਿੰਨ-ਚਾਰ ਮੀਟਰ ਤੇ ਹੀ ਸਾਨੂੰ ਮਿਲ ਜਾਂਦਾ ਸੀ, ਹੁਣ ਉਸ ਲਈ ਤਾਂ ਅਸੀਂ ਜਿਵੇਂ ਤਰਸ ਹੀ ਗਏ ਹਾਂ।

ਪੰਜਾਬ ਦੇ ਖੇਤਾਂ ਦੀ 75 ਫੀਸਦੀ ਸਿੰਚਾਈ ਦਰਿਆਵਾਂ ਜਾਂ ਨਹਿਰਾਂ ਦੀ ਬਜਾਇ ਧਰਤੀ ਹੇਠਲੇ ਪਾਣੀ ਜਾਂ ਟਿਊਬਵੈਲਾਂ ਰਾਹੀਂ ਹੋ ਰਹੀ ਹੈ। ਬੇਕਾਬੂ ਘਰੇਲੂ ਖਪਤ ਤੇ ਅੰਨ੍ਹੇਵਾਹ ਪਾਣੀ ਦੀ ਸਨਅਤੀ ਵਰਤੋਂ ਵੀ ਨਿਘਾਰ ਦਾ ਕਾਰਨ ਹੈ, ਉਪਰੋਂ ਆਲਮੀ ਤਪਸ਼ ਤੇ ਜੰਗਲਾਂ ਦੀ ਕਟਾਈ ਨੇ ਮੀਂਹਾਂ ਦੀ ਕਿੱਲਤ ਪੈਦਾ ਕੀਤੀ ਹੈ। ਹਾਲਾਤ ਇਹ ਹਨ ਕਿ 23 ਜ਼ਿਲ੍ਹਿਆਂ ਵਿਚੋਂ 18 ਜ਼ਿਲ੍ਹਿਆਂ ਵਿਚ ਧਰਤੀ ਹੇਠਲੇ ਪੀਣਯੋਗ ਪਾਣੀ ਦਾ ਪੱਧਰ ਹਰ ਸਾਲ ਇਕ ਮੀਟਰ ਦੇ ਕਰੀਬ ਘੱਟ ਰਿਹਾ ਹੈ।

ਜਿਥੇ ਜੰਗਲਾਂ ਦੀ ਕਟਾਈ ਨੇ ਪੰਜਾਬ ਪਲੀਤ ਕੀਤਾ ਹੈ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਗੰਦੇ ਪਾਣੀ ਨੇ ਪੰਜਾਬ ਲਈ ਚੈਲਿੰਜ ਖੜ੍ਹੇ ਕੀਤੇ ਹੋਏ ਹਨ, ਉਥੇ ਮਸ਼ੀਨੀ ਖੇਤੀ ਤੋਂ ਪੈਦਾ ਹੋਣ ਵਾਲਾ ਪ੍ਰਦੂਸ਼ਣ ਪੰਜਾਬ ਨੂੰ ਤਬਾਹੀ ਦੇ ਕੰਢੇ ਲੈ ਜਾ ਰਿਹਾ ਹੈ।

ਦੇਸ਼ ਵਿਚ ਕਣਕ ਦੀ ਪੈਦਾਵਾਰ ਦਾ 60 ਫੀਸਦੀ ਤੇ ਚੋਲਾਂ ਦਾ 40 ਫੀਸਦੀ ਪੰਜਾਬ ਵਿਚ ਰਸਾਇਣਾਂ ਦੀ ਖੁਰਾਕ ਨਾਲ ਪੈਦਾ ਹੁੰਦਾ ਹੈ। ਰਸਾਇਣਕ ਖਾਦਾਂ, ਨਦੀਨ ਨਾਸ਼ਕਾਂ ਤੇ ਕੀਟਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਨੇ ਮਿੱਟੀ ਤੇ ਪਾਣੀ ਦੋਵਾਂ ਨੂੰ ਜ਼ਹਿਰੀਲਾ ਬਨਾਉਣ ਦੇ ਨਾਲ-ਨਾਲ ਖੇਤੀ ਨੂੰ ਜੈਵਿਕ ਤੌਰ 'ਤੇ ਮਾਲਾ-ਮਾਲ ਕਰਨ ਵਾਲੇ ਜ਼ਰੂਰੀ ਤੱਤਾਂ ਤੋਂ ਮਹਿਰੂਮ ਕਰ ਦਿੱਤਾ ਹੈ। ਹੁਣ ਮਿੱਟੀ ਦੀ ਤਾਸੀਰ ਪੌਸ਼ਟਿਕਤਾ ਤੋਂ ਇਸ ਕਦਰ ਵਾਂਝੀ ਹੋ ਗਈ ਹੈ ਕਿ ਬਿਨਾਂ ਰਸਾਇਣਾਂ ਦੇ ਸਹਾਰੇ ਤੋਂ ਹੁਣ ਇਹ ਆਪਣੇ ਬਲਬੂਤੇ ਕੁਝ ਵੀ ਉਪਜਾਉਣ ਜੋਗੀ ਨਹੀਂ ਰਹੀ। ਫਸਲਾਂ ਦੀਆਂ ਬੀਮਾਰੀਆਂ 'ਤੇ ਵੀ ਹੁਣ ਰਸਾਇਣ ਅਸਰ ਕਰਨੋਂ ਹੱਟ ਗਏ ਹਨ, ਜਿਸ ਕਰਕੇ ਹੋਰ ਵੀ ਮਹਿੰਗੇ ਨਵੇਂ ਕਿਸਮ ਦੇ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਨ੍ਹਾਂ ਰਸਾਇਣਾਂ ਨੇ ਕਈ ਥਾਈਂ ਭੂਮੀਗਤ ਪਾਣੀ ਸਾਲੂਣਾ ਤੇ ਜ਼ਹਿਰੀਲਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਰਸਾਇਣਕ ਖੇਤੀ ਨੇ ਪਾਣੀ ਤੇ ਹਵਾ-ਦੋਵਾਂ ਦੇ ਪ੍ਰਦੂਸ਼ਣ ਕਾਰਨ ਕੈਂਸਰ ਦੀ ਬਿਮਾਰੀ ਭਿਆਨਕ ਰੂਪ 'ਚ ਪੰਜਾਬ 'ਚ ਧਾਰਨ ਕਰ ਗਈ ਹੈ

ਪੰਜਾਬ 'ਚ ਲੋਕਾਂ ਦੀ ਜੀਵਨ ਸ਼ੈਲੀ ਬਦਲੀ ਹੈ। ਗੱਡੀਆਂ ਦੀ ਗਿਣਤੀ ਵਧੀ ਹੈ, ਟਰੈਫਿਕ ਵਧੀ ਹੈ, ਹਾਦਸੇ ਵਧੇ ਹਨ, ਏਅਰ ਕੰਡੀਸ਼ਨਰ ਵਧੇ ਹਨ। ਪਲਾਸਟਿਕ ਦੇ ਲਿਫ਼ਾਫ਼ੇ, ਬੋਤਲਾਂ, ਥੈਲੇ ਦੀ ਵਰਤੋਂ ਖ਼ਤਰਨਾਕ ਹੱਦ ਤੱਕ ਹੋਈ ਹੈ। ਪੱਛਮੀ ਤਰਜ਼ ਦੀਆਂ ਪੁਸ਼ਾਕਾਂ, ਡੱਬਾਬੰਦ ਭੋਜਨ, ਵਾਸ਼ਿੰਗ ਮਸ਼ੀਨਾਂ, ਡਰਾਇਰ ਆਦਿ ਨੇ ਸਾਡਾ ਰਹਿਣ-ਸਹਿਣ ਬਦਲ ਦਿੱਤਾ ਹੈ। ਕੋਠੀਆਂ 'ਚ ਪੱਥਰ ਦੀ ਵਰਤੋਂ ਨੇ ਹਰੇ-ਭਰੇ ਪੰਜਾਬ ਨੂੰ ਰੇਗਿਸਤਾਨ ਬਨਾਉਣ ਦੇ ਰਾਹੇ ਤੋਰ ਦਿੱਤਾ ਹੈ।

ਕਦੇ ਅਸੀਂ ਖੁਰਾਕੀ ਤੌਰ 'ਤੇ ਸਵੈ-ਨਿਰਭਰ ਸਾਂ। ਸਬਜ਼ੀਆਂ ਖੇਤਾਂ 'ਚ ਉਗਾਉਂਦੇ ਸਾਂ। ਫਲ ਸਾਡੀ ਚੰਗੀ ਪੈਦਾਵਾਰ ਸੀ। ਅੰਬਾਂ ਦੇ ਬਾਗ ਸਾਡੀ ਵਿਰਾਸਤ ਦਾ ਹਿੱਸਾ ਸਨ। ਮੱਕੀ, ਜੌਂ, ਜਵਾਰ, ਬਾਜਰਾ, ਗੰਨਾ, ਨਰਮਾ, ਦਾਲਾਂ, ਛੋਲੇ, ਅਸੀਂ ਆਪ ਉਗਾਉਂਦੇ ਸਾਂ। ਅੱਜ ਅਸੀਂ ਮਹਿੰਗੇ ਭਾਅ ਇਨ੍ਹਾਂ ਦੀ ਖਰੀਦ ਕਰਦੇ ਹਾਂ। ਕਿਉਂਕਿ ਅਸੀਂ ਫਸਲਾਂ 'ਤੇ ਬੀਜਾਂ ਲਈ ਦੂਸਰਿਆਂ 'ਤੇ ਨਿਰਭਰ ਹੋ ਗਏ ਹਾਂ।

ਆਧੁਨਿਕ ਜੀਵਨ ਸ਼ੈਲੀ ਨੇ ਭਾਵੇਂ ਸਾਨੂੰ ਸਹੂਲਤਾਂ ਦਿੱਤੀਆਂ ਹਨ ਪਰ ਸਾਡੇ ਲਈ ਕਈ ਹੋਰ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਹਵਾ ਦੀ ਪਲੀਤਗੀ ਉਨ੍ਹਾਂ 'ਚੋਂ ਇਕ ਹੈ। ਕਾਰਖਾਨਿਆਂ, ਭੱਠਿਆਂ ਅਤੇ ਬਿਜਲੀ ਇਕਾਈਆਂ 'ਚੋਂ ਨਿਕਲਦਾ ਕਾਲਾ ਧੂੰਆਂ ਹਵਾ ਪ੍ਰਦੂਸ਼ਣ 'ਚ ਜ਼ਿਆਦਾ ਯੋਗਦਾਨ ਪਾਉਂਦਾ ਹੈ। ਇਥੇ ਹੀ ਬੱਸ ਨਹੀਂ, ਪੰਜਾਬ ਦੇ ਸ਼ਹਿਰ ਇੰਨਾ ਕੂੜਾ-ਕਚਰਾ ਪੈਦਾ ਕਰਦੇ ਹਨ ਕਿ ਸਾਂਭਿਆ ਨਹੀਂ ਜਾ ਰਿਹਾ। ਮੱਖੀਆਂ-ਮੱਛਰਾਂ, ਕੀੜਿਆਂ-ਮਕੌੜਿਆਂ, ਚੂਹਿਆਂ ਦੀ ਭਰਮਾਰ ਹੋ ਗਈ ਹੈ। ਪਲਾਸਟਿਕ ਦੇ ਲਿਫ਼ਾਫ਼ੇ ਤੇ ਬੋਤਲਾਂ ਉੱਤੇ ਭਾਵੇਂ ਪਾਬੰਦੀ ਹੈ, ਪਰ ਇਨ੍ਹਾਂ ਦੀ ਵਰਤੋਂ ਸ਼ਰੇਆਮ ਹੈ।

ਸਾਡੇ ਪੁਰਖੇ ਸਾਡੇ ਲਈ ਖ਼ੂਬਸੂਰਤ ਜ਼ਮੀਨ ਤੇ ਪਾਣੀ ਦੀ ਵਿਰਾਸਤ ਛੱਡ ਕੇ ਗਏ ਪਰ ਅਸੀਂ ਆਪਣੀ ਅਗਲੀ ਪੀੜ੍ਹੀ ਪੱਲੇ ਬਦਬੂਦਾਰ ਵਿਗੜਿਆ ਵਾਤਾਵਰਣ ਪਾ ਰਹੇ ਹਾਂ। ਸਾਡੇ ਵੱਲੋਂ ਕੀਤੀ ਜਾ ਰਹੀ ਅਜੀਬ ਜਿਹੀ ਅਲਗਰਜ਼ੀ ਸਾਡੀ ਜ਼ਿੰਦਗੀ, ਰੋਜ਼ੀ-ਰੋਟੀ ਤੇ ਮਾਂ-ਭੋਇੰ ਨੂੰ ਬਹੁਤ ਭਾਰੀ ਪੈ ਰਹੀ ਹੈ। ਇਸ ਸਭ ਕੁਝ ਦਾ ਦੋਸ਼ ਸਾਡਾ ਸਭਨਾਂ ਦਾ ਸਾਂਝਾ ਹੈ। ਸਰਕਾਰ ਤੇ ਲੋਕਾਂ ਦਾ ਗ਼ੈਰ-ਜ਼ਿੰਮੇਵਾਰਾਨਾ ਰਵੱਈਆ ਪੰਜਾਬ ਦੇ ਵਾਤਾਵਰਣ ਦੇ ਵਿਗਾੜ ਦਾ ਵੱਡਾ ਕਾਰਨ ਹੈ। ਅਸੀਂ ਸਭ ਕੁਝ ਸਮਝ ਕੇ ਵੀ ਅੱਖਾਂ ਮੀਟੀ ਬੈਠੇ ਹਾਂ। ਵਿਅਕਤੀ ਅਤੇ ਸਮੂਹਿਕ ਪੱਧਰ ਦੇ ਵਾਤਾਵਰਨ ਸੁਧਾਰ ਦੇ ਯਤਨਾਂ ਦੀ ਘਾਟ ਸਾਨੂੰ ਅੱਖਰਦੀ ਹੈ।

ਸਰਕਾਰੀ ਨੀਤੀਆਂ ਤੇ ਕਾਨੂੰਨ ਸਭ ਕਾਗਜ਼ੀ ਦਿਸ ਰਹੇ ਹਨ। ਇਕੱਲੇ ਇਕਹਿਰੇ ਯਤਨ ਪੰਜਾਬਦੇ ਵਿਗੜ ਰਹੇ ਵਾਤਾਵਰਣ ਨੂੰ ਸੁਆਰ ਨਹੀਂ ਸਕਦੇ। ਕਿਸੇ ਨੇ ਸੋਚਿਆ ਹੀ ਨਹੀਂ ਹੋਏਗਾ ਕਿ ਕਦੇ ਆਪਣੀ ਚੰਗੀ ਰਹਿਤਲ ਤੇ ਪਾਣੀਆਂ ਦੇ ਨਾਂ 'ਤੇ ਜਾਣੇ ਜਾਂਦੇ ਪੰਜਾਬ ਨੂੰ ਆਹ ਦਿਨ ਵੀ ਦੇਖਣੇ ਪੈਣਗੇ। ਪਤਾ ਨਹੀਂ ਅਸੀਂ ਇਹ ਸਮਝ ਕਿਉਂ ਨਹੀਂ ਰਹੇ ਕਿ ਪੰਜਾਬ ਕੋਲ ਪਾਣੀ ਨੂੰ ਛੱਡ ਕੇ ਹੋਰ ਕੋਈ ਕੁਦਰਤੀ ਵਸੀਲਾ ਹੈ ਵੀ ਨਹੀਂ। ਪਾਣੀ ਜਾਂ ਤਾਂ ਮੁੱਕ ਰਿਹਾ ਹੈ ਜਾਂ ਜ਼ਹਿਰੀਲਾ ਹੋ ਰਿਹਾ ਹੈ ਤੇ ਜਾਂ ਇਸ 'ਤੇ ਸਿਆਸੀ ਸੰਨ੍ਹ ਲਾਈ ਜਾ ਰਹੀ ਹੈ। ਹਵਾ ਇਸ ਧਰਤੀ ਦੀ ਪ੍ਰਦੂਸ਼ਣੀ ਤੱਤਾਂ ਨਾਲ ਭਰੀ ਪਈ ਹੈ। ਹਰ ਸਾਲ ਪੰਜਾਬ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਪਤਾ ਨਹੀਂ ਫਿਰ ਵੀ ਅਸੀਂ ਇਸ ਸਥਿਤੀ ਤੋਂ ਭੈ-ਭੀਤ ਕਿਉਂ ਨਹੀਂ ਹੋ ਰਹੇ?

ਸਰਕਾਰਾਂ, ਸੰਸਥਾਵਾਂ, ਹਰ ਵਰ੍ਹੇ ਲੱਖਾਂ ਪੌਦੇ ਲਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਨ੍ਹਾਂ 'ਚੋਂ ਬਚਦੇ ਕਿੰਨੇ ਹਨ? ਜਿਸ ਢੰਗ ਨਾਲ ਪੰਜਾਬ ਤਬਾਹ ਹੋ ਰਿਹਾ ਹੈ, ਇਸ ਦਾ ਵਾਤਾਵਰਣ ਪਲੀਤ ਹੋ ਰਿਹਾ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ। ਕਿੰਨੇ ਕੁ ਯਤਨ ਪੰਜਾਬ ਨੂੰ ਹਰਿਆ-ਭਰਿਆ ਰੱਖਣ ਲਈ ਸਾਡੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਕਰਦੀਆਂ ਹਨ? ਬਿਨਾਂ ਸ਼ੱਕ ਪਾਣੀ, ਹਵਾ, ਅਵਾਜ਼ ਪ੍ਰਦੂਸ਼ਨ ਵਰਗੇ ਪ੍ਰਦੂਸ਼ਨ ਦੇ ਨਾਲ-ਨਾਲ ਮਨਾਂ ਦੇ ਪ੍ਰਦੂਸ਼ਣ ਨੂੰ ਡੱਕਾ ਲਾਉਣ ਦੀ ਲੋੜ ਹੈ। ਨਰੋਇਆ ਅਤੇ ਖੁਸ਼ਹਾਲ ਪੰਜਾਬ ਬਨਾਉਣ ਦੇ ਨਾਹਰੇ ਪੰਜਾਬ ਦਾ ਕੁਝ ਸੁਆਰ ਨਹੀਂ ਸਕਦੇ, ਸਿਆਸੀ ਇੱਛਾ ਸ਼ਕਤੀ ਨਾਲ ਨਿੱਠ ਕੇ ਕੀਤੇ ਸਮੂਹਿਕ ਯਤਨ ਉਜੜ ਰਹੇ ਪੰਜਾਬ ਦੇ ਮੁੜ ਵਸੇਬੇ ਲਈ ਸਾਰਥਿਕ ਹੋ ਸਕਦੇ ਹਨ।




# ਦਵਿੰਦਰ ਬਾਂਸਲ ਦਾ ਕਾਵਿ ਸੰਗ੍ਰਹਿ 'ਸਵੈ ਦੀ ਪਰਿਕਰਮਾ' ਮੁਹੱਬਤ ਦਾ ਪੈਗਾਮ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਦਵਿੰਦਰ ਬਾਂਸਲ ਮੁਹੱਬਤ ਨੂੰ ਪ੍ਰਣਾਈ ਹੋਈ ਪ੍ਰਵਾਸੀ ਕਵਿੱਤਰੀ ਤੇ ਚਿੱਤਰਕਾਰ ਹੈ। ਉਸ ਦੇ 2 ਕਾਵਿ ਸੰਗ੍ਰਹਿ 'ਝਾਂਜਰਾਂ ਦੀ ਛਣ-ਛਣ' ਅਤੇ 'ਜੀਵਨ ਰੁੱਤ ਦੀ ਮਾਲਾ' ਪ੍ਰਕਾਸ਼ਤ ਹੋ ਚੁੱਕੇ ਹਨ। 'ਸਵੈ ਦੀ ਪਰਿਕਰਮਾ' ਉਸ ਦਾ ਤੀਜਾ ਕਾਵਿ ਸੰਗ੍ਰਹਿ ਹੈ। ਉਸ ਦੀ ਹਰ ਕਵਿਤਾ ਦਾ ਹਰ ਸ਼ਬਦ ਮੁਹੱਬਤ ਦੀ ਬਾਤ ਪਾਉਂਦਾ ਹੈ। ਚਰਚਾ ਅਧੀਨ ਕਾਵਿ ਸੰਗ੍ਰਹਿ ਵਿਚ ਉਸ ਦੀਆਂ ਨਿੱਕੀਆਂ ਤੇ ਵੱਡੀਆਂ 70 ਕਵਿਤਾਵਾਂ ਹਨ। ਇਹ ਕਾਵਿ ਸੰ੍ਰਗਹਿ ਆਮ ਕਾਵਿ ਸੰ੍ਰਗਹਿਆਂ ਤੋਂ ਨਿਵੇਕਲਾ ਹੈ ਕਿਉਂਕਿ ਇਨ੍ਹਾਂ ਸਾਰੀਆਂ ਕਵਿਤਾਵਾਂ ਦੇ ਨਾਲ ਉਨ੍ਹਾਂ ਦੇ ਅਰਥਾਂ ਨੂੰ ਦਰਸਾਉਂਦੇ ਚਿੱਤਰ ਬਰਾਬਰ ਦੇ ਪੰਨੇ 'ਤੇ ਬਣਾਏ ਹੋਏ ਹਨ। ਜਦੋਂ ਤੁਸੀਂ ਕਾਵਿ ਸੰ੍ਰਗਹਿ ਪੜ੍ਹਨ ਲਈ ਖੋਲ੍ਹਦੇ ਹੋ, ਤਾਂ ਪਹਿਲਾਂ ਖੱਬੇ ਹੱਥ ਚਿਤਰ ਤੇ ਸੱਜੇ ਹੱਥਲੇ ਪੰਨੇ 'ਤੇ ਕਵਿਤਾ ਹੁੰਦੀ ਹੈ। ਇਹ ਚਿੱਤਰ ਹੀ ਕਵਿਤਾ ਦੀ ਭਾਵਨਾ ਪ੍ਰਗਟਾ ਦਿੰਦੇ ਹਨ। ਕਵਿਤਰੀ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਪਿਆਰ ਮੁਹੱਬਤ ਹੈ ਪ੍ਰੰਤੂ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਵੀ ਕੁਝ ਕਵਿਤਾਵਾਂ ਹਨ। ਦਵਿੰਦਰ ਬਾਂਸਲ ਦੀਆਂ ਕਵਿਤਾਵਾਂ ਬਹੁ-ਮੰਤਵੀ ਤੇ ਬਹੁ-ਪਰਤੀ ਹਨ। ਡੂੰਘੇ ਅਰਥਾਂ ਵਾਲੀਆਂ ਹਨ, ਜਿਨ੍ਹਾਂ ਨੂੰ ਸਿੰਬਾਲਿਕ ਵੀ ਕਿਹਾ ਜਾ ਸਕਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਦਵਿੰਦਰ ਬਾਂਸਲ ਦੇ ਅੰਤਰ ਮਨ ਦੀ ਆਵਾਜ਼ ਹਨ। ਇਹ ਕਵਿਤਾਵਾਂ ਉਸ ਦੀ ਜ਼ਿੰਦਗੀ ਦੇ ਤਲਖ਼ ਤਜ਼ਰਬਿਆਂ 'ਤੇ ਆਧਾਰਿਤ ਹਨ ਪ੍ਰੰਤੂ ਦਵਿੰਦਰ ਬਾਂਸਲ ਦੀ ਕਮਾਲ ਹੈ ਕਿ ਉਸ ਨੇ ਇਨ੍ਹਾਂ ਕਵਿਤਾਵਾਂ ਨੂੰ ਲੋਕਾਈ ਦੇ ਦਰਦ ਵਿਚ ਬਦਲ ਦਿੱਤਾ ਹੈ। ਇਹ ਹਰ ਇਸਤਰੀ 'ਤੇ ਢੁੱਕਦੀਆਂ ਹਨ। ਕਵਿਤਰੀ ਨੇ ਆਪਣਾ ਮਨ ਇਨ੍ਹਾਂ ਕਵਿਤਾਵਾਂ ਰਾਹੀਂ ਦ੍ਰਿਸ਼ਟਾਂਤਿਕ ਰੂਪ ਵਿਚ ਪ੍ਰਗਟਾਅ ਦਿੱਤਾ ਹੈ। ਕਵਿਤਰੀ ਔਰਤਾਂ ਨੂੰ ਇਨ੍ਹਾਂ ਕਵਿਤਾਵਾਂ ਰਾਹੀਂ ਆਪਣੀ ਪਛਾਣ ਕਰਨ ਲਈ ਜਾਗਰੂਕ ਕਰ ਰਹੀ ਹੈ। ਕਾਵਿ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ 'ਸਵੈ ਦੀ ਪਰਿਕਰਮਾ' ਵਿਚ ਔਰਤ ਨੂੰ ਬਹਾਦਰੀ ਨਾਲ ਸਮਾਜਿਕ ਤਾਣੇ-ਬਾਣੇ ਦਾ ਡੱਟਕੇ ਮੁਕਾਬਲਾ ਕਰਨ ਲਈ ਪ੍ਰੇਰਦੀ ਹੈ। ਸਮਰਪਣ ਕਵਿਤਾ ਵੀ ਔਰਤਾਂ ਨੂੰ ਸਵੈ ਦੀ ਪਹਿਚਾਣ ਕਰਨ ਲਈ ਪ੍ਰੇਰਦੀ ਹੈ। ਹਰ







ਇਸਤਰੀ ਇਨ੍ਹਾਂ ਕਵਿਤਾਵਾਂ ਵਿਚ ਆਪਣਾ ਅਕਸ ਵੇਖ ਰਹੀ ਹੈ।

ਦਵਿੰਦਰ ਬਾਂਸਲ ਭਾਵੇਂ ਕੀਨੀਆਂ ਦੀ ਜੰਮੀ-ਪਲੀ ਤੇ ਪ੍ਰਵਾਸ ਵਿਚ ਹੀ ਪੜ੍ਹੀ-ਲਿਖੀ ਹੈ ਪ੍ਰੰਤੂ ਉਸ ਦਾ ਪੰਜਾਬੀ ਵਿਰਾਸਤ ਨਾਲ ਮੋਹ ਤੇ ਇਸਤਰੀਆਂ ਦੀ ਮਨੋਦਿਸ਼ਾ ਦਾ ਡੂੰਘਾ ਅਧਿਐਨ, ਉਸ ਦੀਆਂ ਕਵਿਤਾਵਾਂ ਵਿਚੋਂ ਝਲਕਦਾ ਹੈ। ਇਸਤਰੀ ਦੀ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਕਵਿਤਰੀ ਦੀ ਮਾਨਸਿਕਤਾ ਨੂੰ ਟੁੰਬਦੇ ਰਹਿੰਦੇ ਹਨ। ਕੁਝ ਕਵਿਤਾਵਾਂ ਇਸਤਰੀਆਂ ਨੂੰ ਆਪਣਾ ਭਵਿੱਖ ਆਪ ਸੁਆਰਨ ਦੀ ਤਾਕੀਦ ਕਰਦੀਆਂ ਹਨ। ਉਹ ਇਸਤਰੀਆਂ ਨੂੰ ਸਮਾਜ ਦੀ ਸਿਰਜਣਾ ਦਾ ਪ੍ਰਤੀਕ ਕਹਿੰਦੀ ਹੈ ਪ੍ਰੰਤੂ ਸਮਾਜ ਉਸ ਨੂੰ ਬਣਦਾ ਮਨ ਸਨਮਾਨ ਦੇਣ ਤੋਂ ਕੰਨੀਂ ਕਤਰਾਉਂਦਾ ਹੈ। ਘਰੇਲੂ ਕਲੇਸ਼ ਤੇ ਹਿੰਸਾ ਔਰਤਾਂ ਦੀ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ। ਧੋਖੇ, ਦਗ਼ਾ, ਫਰੇਬ ਅਤੇ ਸਮਾਜਿਕ ਕੁਰੀਤੀਆਂ ਔਰਤ ਦੀ ਜ਼ਿੰਦਗੀ ਨੂੰ ਮੁਸ਼ਕਲਾਂ ਵਿਚ ਪਾਉਂਦੇ ਰਹਿੰਦੇ ਹਨ। ਸੰਗੀਤ ਤੇ ਮੁਹੱਬਤ ਇਨਸਾਨ ਦੀ ਮਾਨਸਿਕਤਾ ਨੂੰ ਟੁੰਬਦਾ ਹੈ ਤੇ ਫਿਰ ਜ਼ਿੰਦਗੀ ਸੌਖਿਆਂ ਬਸਰ ਕੀਤੀ ਜਾ ਸਕਦੀ ਹੈ। ਕਵਿੱਤਰੀ ਦੀਆਂ ਕਵਿਤਾਵਾਂ ਮੁਹੱਬਤ ਨੂੰ ਜ਼ਿੰਦਗੀ ਦਾ ਦੂਜਾ ਨਾਮ ਦਿੰਦੀਆਂ ਹਨ। ਮੁਹੱਬਤ ਤੋਂ ਬਿਨਾ ਜ਼ਿੰਦਗੀ ਅਧੂਰੀ ਹੁੰਦੀ ਹੈ। ਦਰਦ ਤੇ ਮੁਹੱਬਤ ਇਕ ਦੂਜੇ ਦੇ ਪੂਰਕ ਹਨ। ਮੁਹੱਬਤ ਜ਼ਿੰਦਗੀ ਨੂੰ ਰੰਗੀਨ ਬਣਾਉਂਦੀ ਹੈ, ਜਿਸ ਕਰਕੇ ਰੌਸ਼ਨੀ ਦੀ ਕਿਰਨ ਵਿਖਾਈ ਦੇਣ ਲੱਗਦੀ ਹੈ। ਵਸਲ ਦੀ ਤਾਂਘ ਜੀਣ ਦਾ ਬਹਾਨਾ ਬਣਦੀ ਹੈ। ਮੁਹੱਬਤ, ਵਸਲ ਤੇ ਬ੍ਰਿਹਾ ਦਾ ਆਪਸੀ ਗੂੜ੍ਹਾ ਨਹੁੰ ਮਾਸ ਦਾ ਸੰਬੰਧ ਹੁੰਦਾ ਹੈ। ਪਿਆਰ, ਮਹੱਬਤ ਤੇ ਇਸ਼ਕ ਵਿਚ ਇਹ ਤਿੰਨੋ ਅਵਸਥਾਵਾਂ ਹਰ ਹਾਲਤ ਵਿਚ ਆਉਂਦੀਆਂ ਹਨ। ਕਵਿਤਰੀ ਨੇ ਤਿੰਨੋ ਅਵਸਥਾਵਾਂ ਦੀਆਂ ਕਵਿਤਾਵਾਂ ਰਚੀਆਂ ਹਨ। ਇਸ਼ਕ ਦੀਆਂ ਚਸਕਾਂ ਦਾ ਦਰਦ ਬ੍ਰਿਹਾ ਦੇ ਰੂਪ ਵਿਚ ਵਾਸਤਾ, ਹਿਜਰ, ਜਿੰਦ ਬੀਤ ਚਲੀਏ, ਅਸੀਂ ਤੁਰ ਜਾਣਾ, ਹੱਡੀਂ ਰਚਿਆ ਇਸ਼ਕ, ਉਮੀਦ, ਹੋਂਦ, ਵਸਲ ਦੀ ਚਾਹਤ, ਦੂਰੀ, ਜੋਬਨ ਰੁੱਤੇ, ਬੇਗਾਨਗੀ, ਅਗਨ, ਆਜਾ ਮਾਹੀ ਕਵਿਤਾਵਾਂ ਰਾਹੀਂ ਪ੍ਰਗਟ ਹੁੰਦਾ ਹੈ। ਪਰਵਾਸ ਵਿਚ ਔਰਤ ਆ ਕੇ ਆਜ਼ਾਦੀ ਦੇ ਗ਼ਲਤ ਅਰਥ ਕੱਢਦੀ ਹੈ। ਪੈਸਾ ਹੀ ਜ਼ਿੰਦਗੀ ਨਹੀਂ ਹੁੰਦਾ। ਲੜਕੀਆਂ ਨੂੰ ਮਰਦਾਂ ਵੱਲੋਂ ਵਿਖਾਏ ਜਾਂਦੇ ਸਬਜ਼ਬਾਗਾਂ ਤੋਂ ਬਚਣਾ ਚਾਹੀਦਾ ਹੈ। ਕੁਝ ਕਵਿਤਾਵਾਂ ਵਿਚ ਉਸ ਦਾ ਪੰਜਾਬ ਵਾਪਸ ਆਉਣ ਦਾ ਹੇਰਵਾ ਵੀ ਵਿਖਾਈ ਦਿੰਦਾ ਹੈ। ਉਹ ਆਜ਼ਾਦ ਖਿਆਲਾਂ ਦੀ ਕਵਿੱਤਰੀ ਹੈ, ਜਿਹੜੀ ਆਪਣੀਆਂ ਕਵਿਤਾਵਾਂ ਰਾਹੀਂ ਹਰ ਇਸਤਰੀ ਨੂੰ ਜ਼ਿੰਦਗੀ ਦੀਆਂ ਮੁਸੀਬਤਾਂ ਦਾ ਬੇਖ਼ੌਫ਼ ਹੋ ਕੇ ਮੁਕਾਬਲਾ ਕਰਨ ਅਤੇ ਇਸਤਰੀ ਹੋਣ ਦੇ ਤੋਹਫ਼ੇ ਦਾ ਆਨੰਦ ਮਾਨਣ ਲਈ ਪ੍ਰੇਰਦੀ ਹੈ। ਇਸਤਰੀ ਪ੍ਰਮਾਤਮਾ ਦਾ ਇਸ ਸੰਸਾਰ ਨੂੰ ਦਿੱਤਾ ਬਿਹਤਰੀਨ ਤੋਹਫ਼ਾ ਹੈ, ਇਸ ਤੋਹਫ਼ੇ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਕਵਿੱਤਰੀ ਅਨੁਸਾਰ ਇਸਤਰੀ ਪ੍ਰਮਾਤਮਾ ਦਾ ਇਸ ਸੰਸਾਰ ਨੂੰ ਦਿੱਤਾ ਬਿਹਤਰੀਨ ਤੋਹਫ਼ਾ ਹੈ, ਇਸ ਤੋਹਫ਼ੇ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਕਵਿਤਰੀ ਸੱਚੀ-ਸੁੱਚੀ ਮੁਹੱਬਤ ਦੀ ਗਵਾਹੀ ਭਰਦੀ ਹੋਈ, ਸਮਾਜਿਕ ਪ੍ਰਾਣੀਆਂ ਨੂੰ ਮੁਹੱਬਤ ਦੇ ਪਵਿਤਰ ਸੰਕਲਪ 'ਤੇ ਪਹਿਰਾ ਦੇਣ ਦੀ ਵਕਾਲਤ ਕਰਦੀ ਹੈ। ਉਹ ਵਰਤਮਾਨ ਸਮਾਜ ਵਿਚ ਇਸਤਰੀ ਨਾਲ ਹੋ ਰਹੇ ਦੁਰਵਿਵਹਾਰ ਤੋਂ ਬਹੁਤ ਖ਼ਫਾ ਹੈ। ਕਵਿਤਰੀ ਇਸਤਰੀ ਦੇ ਸੰਤਾਪ ਨੂੰ ਖ਼ੁਸ਼ਗਵਾਹ ਮਾਹੌਲ ਵਿਚ ਬਦਲਣ ਲਈ ਤੱਤਪਰ ਹੈ। ਦਵਿੰਦਰ ਬਾਂਸਲ ਦੀਆਂ ਸਮੁੱਚੀਆਂ ਕਵਿਤਾਵਾਂ ਮੁੜ ਘਿੜਕੇ ਇਸਤਰੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ, ਉਲਝਣਾਂ ਅਤੇ ਅਨੇਕ ਕਿਸਮ ਦੀਆਂ ਬੁਰਾਈਆਂ ਨੂੰ ਦੂਰ ਕਰਨ ਦੀ ਵਕਾਲਤ ਕਰਦੀਆਂ ਹਨ। ਸਮਾਜਿਕ ਤਾਣੇ-ਬਾਣੇ ਵਿਚ ਇਸਤਰੀ ਦੀ ਸੁੰਦਰਤਾ ਦੇ ਅਖੌਤੀ ਪੁਜਾਰੀ ਭਾਰੂ ਹੋਏ ਪਏ ਹਨ। ਕਵਿੱਤਰੀ ਇਸਤਰੀਆਂ ਨੂੰ ਉਨ੍ਹਾਂ ਦੇ ਅਡੰਬਰਾਂ ਤੋਂ ਸੁਚੇਤ ਰਹਿਣ ਦੀ ਪ੍ਰੇਰਨਾਂ ਕਰਦੀ ਹੈ। ਔਰਤ ਦੇ ਹਾਰ ਸ਼ਿੰਗਾਰ ਅਪੂਰਨਤਾ ਦੀ ਨਿਸ਼ਾਨੀ ਹਨ। ਔਰਤ ਨੂੰ ਵੀ ਬਾਹਰੀ ਸੁੰਦਰਤਾ ਨਾਲੋਂ ਮਨ ਦੀ ਸੁੰਦਰਤਾ ਵਲ ਧਿਆਨ ਦੇਣਾ ਚਾਹੀਦਾ ਹੈ। ਹਰ ਮਰਦ ਭਾਵੇਂ ਪਿਤਾ, ਪਤੀ ਤੇ ਪੁੱਤਰ ਹੋਵੇ ਉਨ੍ਹਾਂ ਦਾ ਔਰਤ ਬਾਰੇ ਨਜ਼ਰੀਆ ਇੱਕੋ ਜਿਹਾ ਹੁੰਦਾ ਹੈ। ਉਹ ਆਪਣੀ ਅਸਫਲਤਾ ਸਮੇਂ ਹਮੇਸ਼ਾ ਔਰਤ ਦੇ ਚਰਿੱਤਰ 'ਤੇ ਸਵਾਲੀਆ ਨਿਸ਼ਾਨ ਲਗਾਉਂਦੇ ਹਨ। ਔਰਤਾਂ ਵਹਿਮਾਂ-ਭਰਮਾਂ ਦੇ ਚੁੰਗਲ ਵਿਚੋਂ ਬਾਹਰ ਨਿਕਲ ਰਹੀਆਂ ਹਨ। ਸਮਾਜ ਔਰਤ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਇਸਤਰੀ ਸਿਰਫ਼ ਪਿਆਰ ਮੁਹੱਬਤ ਦੀ ਪ੍ਰਤੀਕ ਹੈ। ਪਿਆਰ ਨੂੰ ਦੁਰਾਚਾਰ ਨਾ ਬਣਾਇਆ ਜਾਵੇ। ਦਵਿੰਦਰ ਬਾਂਸਲ ਇਸਤਰੀ ਨੂੰ ਆਪਣੀ ਹਿਫ਼ਾਜ਼ਤ ਆਪ ਕਰਨ ਦੀ ਨਸੀਅਤ ਦਿੰਦੀ ਹੈ। ਸਮਾਜਿਕ ਬਘਿਆੜ ਰੂਪੀ ਮਨੁੱਖੀ ਕਿਰਦਾਰਾਂ ਤੋਂ ਸੁਚੇਤ ਹੋ ਕੇ ਉਨ੍ਹਾਂ ਦੀ ਬਦਨੀਅਤ ਨੂੰ ਖੇਰੂੰ-ਖੇਰੂੰ ਕਰਨ ਲਈ ਇਸਤਰੀਆਂ ਨੂੰ ਲਾਮਬੰਦ ਹੋਣਾ ਪਵੇਗਾ। ਮਰਦ ਔਰਤਾਂ ਦੇ ਜਜ਼ਬਿਆਂ ਅਰਥਾਤ ਭਾਵਨਾਵਾਂ ਲਾਲ ਖੇਡਣ ਦੀ ਹਮੇਸ਼ਾ ਕੋਸ਼ਿਸ਼ ਕਰਦਾ ਹੈ, ਜਿਸ ਕਰਕੇ ਔਰਤਾਂ ਭਾਵੁਕ ਹੋ ਕੇ ਚੁੰਗਲ ਵਿਚ ਫਸ ਜਾਂਦੀਆਂ ਹਨ। ਔਰਤਾਂ ਦੇ ਜਜ਼ਬਿਆਂ ਨਾਲ ਸੰਬੰਧਤ ਇਹ ਨਾ ਸੋਚੀਂ, 'ਹਾਰ ਚਲੇ', 'ਹਾਰ ਗਏ ਹਾਂ', 'ਉਮੀਦ', 'ਕੀ ਕਰੀਏ' ਆਦਿ ਹਨ। 'ਤਿੜਕੀ ਹੋਂਦ' ਕਵਿਤਾ ਵਿਚ ਕਵਿਤਰੀ ਇਨਸਾਨਾ ਨੂੰ ਆਪਣੇ ਅੰਦਰ ਝਾਤੀ ਮਾਰਕੇ ਆਪਣੀਆਂ ਗ਼ਲਤੀਆਂ ਸੁਧਾਰਨ ਦੀ ਗੱਲ ਕਰਦੀ ਹੈ।

ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਕਵਿਤਾ 'ਜ਼ਮਾਨਾ' ਵਿਚ ਕਵਿਤਰੀ ਨੇ ਨਸ਼ੇ, ਭਰੂਣ ਹੱਤਿਆ ਤੇ ਵਿਖਾਵਾ ਕਰਨ ਦੀ ਪ੍ਰਵਿਰਤੀ ਤੋਂ ਪ੍ਰਹੇਜ਼ ਕਰਨ ਲਈ ਕਿਹਾ ਹੈ। 'ਖੈਰ ਮੰਗਾਂ' ਕਵਿਤਾ ਵਿਚ ਬੇਰੁਜ਼ਗਾਰੀ ਕਰਕੇ ਪੰਜਾਬੀ ਪ੍ਰਵਾਸ ਦਾ ਰੁੱਖ ਅਖਤਿਆਰ ਕਰ ਰਹੇ ਹਨ ਪ੍ਰੰਤੂ ਪ੍ਰਵਾਸ ਵਿਚ ਸਭ ਕੁਝ ਅੱਛਾ ਨਹੀਂ, ਬੱਚਿਆਂ ਦਾ ਬਚਪਨ ਰੁਲ ਰਿਹਾ ਹੈ। 'ਮੇਰੇ ਮਹਿਰਮ' ਕਵਿਤਾ ਵਿਚ ਜੰਗ ਦਾ ਵਿਰੋਧ ਕਰਦੀ ਹੈ, 'ਦੁਮੇਲ' ਵਿਚ ਪ੍ਰਵਾਸ ਵਿਚ ਮਾਪਿਆਂ ਦੀ ਦੁਬਿਧਾ ਦਾ ਪ੍ਰਗਟਾਵਾ ਕਰਦੀ ਹੈ, 'ਵਸੀਅਤ' ਬੁਢਾਪੇ ਦੀ ਤ੍ਰਾਸਦੀ ਦਾ ਵਾਸਤਾ ਪਾਉਂਦੀ ਹੈ ਤੇ 'ਘਰ' ਵਿਚ ਮਰਦਾਂ ਦੀ ਗ਼ੁਲਾਮੀ ਕਰਦੀ ਔਰਤ ਤਿੜਕੇ ਰਿਸ਼ਤਿਆਂ ਨੂੰ ਬਚਾਉਂਦੀ ਦਰਸਾਈ ਹੈ। 'ਜੀਵਨ ਰੁੱਤਾਂ' ਕਵਿਤਾ ਜੋ ਕੋਲ ਹੈ, ਉਸ ਦਾ ਆਨੰਦ ਮਾਨਣ ਦੀ ਤਾਕੀਦ ਕਰਦੀ ਹੈ, ਹੋਰ ਪ੍ਰਾਪਤ ਕਰਨ ਦੀ ਇੱਛਾ ਤਿਆਗਣ। 'ਰਾਖੀ' ਅਤੇ 'ਯੁੱਧ' ਕਵਿਤਾਵਾਂ ਇਸਤਰੀਆਂ ਵੱਲੋਂ ਜ਼ੁਰਮਾਂ ਵਿਚ ਸ਼ਾਮਲ ਹੋਣ ਦੀ ਚਿੰਤਾ ਦਾ ਪ੍ਰਗਟਾਵਾ ਹਨ। ਭਵਿੱਖ ਵਿਚ ਦਵਿੰਦਰ ਬਾਂਸਲ ਤੋਂ ਹੋਰ ਵੀ ਵਧੀਆ ਕਾਵਿ ਸੰ੍ਰਗਹਿ ਦੀ ਕਾਮਨਾ ਕਰਦਾ ਹਾਂ।

155 ਪੰਨਿਆਂ, 240 ਰੁਪਏ, ਦਿਲਕਸ਼ ਮੁੱਖ ਕਵਰ ਵਾਲਾ ਇਹ ਕਾਵਿ ਸੰਗ੍ਰਹਿ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ।

# ਅਮਰ ਸ਼ਹੀਦ ਸ. ਦਰਸ਼ਨ ਸਿੰਘ ਫੇਰੂਮਾਨ

## 1 ਅਗਸਤ ਜਨਮ ਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਅੱਪ : +91-99141-84794
(Punjab Mail USA)





ਗੁਰਦੁਆਰਾ ਸੁਧਾਰ ਲਹਿਰ ਵਿਚ ਕੁਰਬਾਨੀ ਕਰਨ ਵਾਲੇ ਦੇਸ਼ ਦੀ ਆਜ਼ਾਦੀ ਲਈ ਕਈ ਵਾਰ ਜੇਲ੍ਹਾਂ ਦੇ ਤਸੀਹੇ ਸਹਿਣ ਵਾਲੇ ਮਹਾਨ ਦੇਸ਼ ਭਗਤ ਪੰਜਾਬ ਵਿਚ ਕਿਸਾਨੀ ਲਹਿਰ ਦੇ ਸੰਚਾਲਿਕ ਸ. ਦਰਸ਼ਨ ਸਿੰਘ ਫੇਰੂਮਾਨ ਦਾ ਜਨਮ 1 ਅਗਸਤ, 1886 ਨੂੰ ਪਿੰਡ ਫੇਰੂਮਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਸ. ਚੰਦਾ ਸਿੰਘ ਦੇ ਘਰ ਮਾਤਾ ਰਾਜ ਕੌਰ ਦੀ ਕੁਖੋਂ ਹੋਇਆ। ਉਹ ਮਾਤਾ-ਪਿਤਾ ਦੇ ਇਕਲੌਤੇ ਪੁੱਤਰ ਸਨ।

ਮੁੱਢਲੀ ਵਿੱਦਿਆ ਇਨ੍ਹਾਂ ਨੇ ਪਿੰਡ ਦੇ ਸਕੂਲ ਤੋਂ ਪਾਸ ਕੀਤੀ। ਫਿਰ ਬਾਬੇ ਬਕਾਲੇ ਪੜ੍ਹਾਈ ਕੀਤੀ। ਚੜ੍ਹਦੀ ਜਵਾਨੀ ਵਿਚ ਸ. ਦਰਸ਼ਨ ਸਿੰਘ 11 ਨੰਬਰ ਰਸਾਲੇ ਵਿਚ ਭਰਤੀ ਹੋਏ, ਜਿਸ ਨੂੰ ਸਿੰਧ ਹਾਰਸ ਕਹਿੰਦੇ ਸਨ। ਜੱਥੇਦਾਰ ਉੱਧਮ ਸਿੰਘ ਨਾਗੋਕੀ ਵੀ ਇਸ ਵਿਚ ਰਹੇ। ਦਰਸ਼ਨ ਸਿੰਘ ਇਸ ਵਿਚ ਤਿੰਨ ਸਾਲ ਨੌਕਰੀ ਕਰਕੇ 1914 ਵਿਚ ਘਰ ਆ ਗਏ।

ਸੰਨ 1919 ਵਿਚ ਜਲ੍ਹਿਆਂਵਾਲੇ ਬਾਗ਼ ਦਾ ਸਾਕਾ ਹੋਇਆ, ਉਸ ਨੇ ਸਾਰੇ ਦੇਸ਼ ਵਿਚ ਆਜ਼ਾਦੀ ਦੀ ਤੜਫ਼ ਨੂੰ ਤੇਜ਼ ਕਰ ਦਿੱਤਾ। 1920 ਵਿਚ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋਇਆ, ਉਸ ਦਾ ਪ੍ਰਭਾਵ ਵੀ ਇਸ 'ਤੇ ਪਿਆ। ਇਸ ਕਰਕੇ ਇਨ੍ਹਾਂ ਦੇ ਮਨ ਵਿਚ ਪ੍ਰੀਵਰਤਨ ਆ ਗਿਆ।

ਜੱਥੇਦਾਰ ਉੱਧਮ ਸਿੰਘ ਨਾਗੋਕੇ ਤੇ ਹੋਰ ਕੁੱਝ ਸਰਦਾਰਾਂ ਨੇ ਸ. ਫੇਰੂਮਾਨ ਦੀ ਮਾਤਾ ਨੂੰ ਕਹਿ ਕੇ ਇਸ ਨੂੰ ਕੌਮ ਅਤੇ ਦੇਸ਼ ਸੇਵਾ ਲਈ ਮੰਗ ਲਿਆ, ਤਾਂ ਮਾਤਾ ਦੇ ਹਾਂ ਕਹਿਣ 'ਤੇ ਸ. ਫੇਰੂਮਾਨ ਨੇ ਵੀ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰ ਲਿਆ।

1920 ਵਿਚ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਸੁਧਾਰ ਕਰਨ ਲਈ ਸ. ਅਮਰ ਸਿੰਘ ਝਬਾਲ ਦੀ ਜੱਥੇਦਾਰੀ ਹੇਠ ਤਰਨਤਾਰਨ ਤੋ ਜੱਥਾ ਗਿਆ, ਉਸ ਵਿਚ ਦਰਸ਼ਨ ਸਿੰਘ ਫੇਰੂਮਾਨ ਵੀ ਸ਼ਾਮਲ ਸਨ।

1920 ਵਿਚ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਕਾਇਮ ਕੀਤੇ ਗਏ। ਦੋਵੇਂ ਕਮੇਟੀਆਂ ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਸ਼ਾਮਲ ਸਨ। ਨਵੰਬਰ 1921 ਨੂੰ ਚਾਬੀਆਂ ਦੇ ਮੋਰਚੇ ਵਿਚ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਕ ਸਾਲ ਦੀ ਸਜ਼ਾ ਹੋਈ।

ਸੰਨ 1923 ਵਿਚ ਸੁਲਤਾਨਵਿਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਕਾਂਗਰਸ ਵਲੋਂ ਇਕ ਰਾਜਸੀ ਜਲਸਾ ਹੋਇਆ। ਬਾਬਾ ਇੰਦਰ ਸਿੰਘ ਵੇਰਕਾ ਅਤੇ ਸ. ਫੇਰੂਮਾਨ ਉਸ ਦੇ ਪ੍ਰਬੰਧਕ ਸਨ। ਸਰਕਾਰ ਨੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਸਵਾ-ਸਵਾ ਸਾਲ ਦੀ ਕੈਦ ਕਰਕੇ ਮੁਲਤਾਨ ਸੈਂਟਰਲ ਜੇਲ੍ਹ ਭੇਜ ਦਿੱਤਾ।

ਫ਼ਰਵਰੀ 1924 ਵਿਚ ਜੈਤੋਂ ਦਾ ਮੋਰਚਾ ਲੱਗਿਆ। 1924 ਵਿਚ ਹੀ ਸ. ਫੇਰੂਮਾਨ ਹੋਰੀ ਰਿਹਾ ਹੋ ਕੇ ਆਏ ਉਸ ਟਾਇਮ ਜੈਤੋਂ ਨੂੰ ਜੱਥੇ ਜਾ ਰਹੇ ਸਨ। ਇਹ 14ਵੇਂ ਸ਼ਹੀਦੀ ਜੱਥੇ ਦੇ ਜੱਥੇਦਾਰ ਬਣ ਕੇ ਨਾਭੇ ਗਏ ਛੇ-ਸੱਤ ਮਹੀਨੇ ਜੇਲ੍ਹ ਵਿਚ ਰਹੇ। ਜੁਲਾਈ 1925 'ਚ ਗੁਰਦੁਆਰਾ ਐਕਟ ਬਣ ਗਿਆ। ਸਰਕਾਰ ਨੇ ਸਾਰੇ ਅਕਾਲੀ ਕੈਦੀ ਛਡ ਦਿੱਤੇ ਅਤੇ ਸ. ਫੇਰੂਮਾਨ ਵੀ ਰਿਹਾਅ ਹੋ ਗਏ।

1926 ਵਿਚ ਸ. ਫੇਰੂਮਾਨ ਆਪਣੇ ਪਿਤਾ ਕੋਲ ਮਲਾਇਆ ਚਲੇ ਗਏ। ਮਲਾਇਆ ਵਿਚ ਬੁੱਧ ਸਿੰਘ ਸਠਿਆਲਾ ਨਾਲ ਮਿਲ ਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਨਾਲ ਪ੍ਰਚਾਰ ਕਰਨ ਲੱਗ ਪਏ, ਉੱਥੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਆਪ ਨੇ 21 ਦਿਨ ਦੀ ਭੁੱਖ ਹੜਤਾਲ ਕੱਟੀ। ਤਿੰਨ ਸਾਲ ਬਾਅਦ 1929 'ਚ ਵਾਪਸ ਆ ਗਏ।

1934-35 ਵਿਚ ਉਧਮ ਸਿੰਘ ਨਾਗੋਕੇ, ਸ. ਫੇਰੂਮਾਨ ਅਤੇ ਪ੍ਰਤਾਪ ਸਿੰਘ ਕੈਰੋਂ ਨੇ ਕਿਸਾਨੀ ਲਹਿਰ ਜਾਰੀ ਕੀਤੀ। 1939 ਵਿਚ ਸ਼੍ਰੋਮਣੀ ਗੁਰਦੁਆਰੇ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਸ. ਫੇਰੂਮਾਨ ਦੋ ਵਾਰ ਅਤੇ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਚੁਣੇ ਗਏ। ਆਜ਼ਾਦੀ ਤੋਂ ਬਾਅਦ 1952 ਤੋਂ 1964 ਤੱਕ ਕਾਂਗਰਸ ਟਿਕਟ 'ਤੇ ਰਾਜ ਸਭਾ ਦੇ ਮੈਂਬਰ ਰਹੇ।

1948 ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਪੰਜਾਬੀ ਸੂਬੇ ਦਾ ਅੰਦੋਲਨ ਚੱਲ ਰਿਹਾ ਸੀ। 1960 ਵਿਚ ਸੰਤ ਫਤਿਹ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸਾ ਸੋਧ ਕੇ ਮਰਨ ਵਰਤ ਰੱਖਿਆ ਪਰ ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦਲ ਦੀ ਆੜ ਹੇਠ ਤੋੜ ਦਿੱਤਾ। ਮਾਸਟਰ ਤਾਰਾ ਸਿੰਘ ਨੇ 48 ਦਿਨ ਬਾਅਦ ਵਰਤ ਖੋਲ੍ਹ ਦਿੱਤਾ। ਮਾਸਟਰ ਤਾਰਾ ਸਿੰਘ ਨੇ ਪੰਜ ਪਿਆਰਿਆਂ ਕੋਲੋਂ ਭੁੱਲ ਬਖਸ਼ਾਈ।

ਦੂਜੀ ਵਾਰ ਸੰਤ ਫਤਿਹ ਸਿੰਘ ਨੇ 1965 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਬੈਠ ਕੇ ਕੁੰਡ ਬਣਵਾ ਕੇ ਸੜ ਮਰਨ ਦਾ ਐਲਾਨ ਕੀਤਾ ਪਰ ਭਾਰਤ-ਪਾਕਿਸਤਾਨ ਜੰਗ ਦੀ ਆੜ ਹੇਠ ਪ੍ਰਣ ਭੰਗ ਕਰ ਦਿੱਤਾ।

ਤੀਜੀ ਵਾਰ ਦਸੰਬਰ 1966 'ਚ ਚੰਡੀਗੜ੍ਹ, ਭਾਖੜਾ ਨੰਗਲ ਤੇ ਹਰਿਆਣਾ ਦੇ ਪੰਜਾਬੀ ਬੋਲਦੇ ਪਿੰਡ ਪ੍ਰਾਪਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਸੜ ਮਰਨ ਦਾ ਪ੍ਰਣ ਕੀਤਾ। ਇਸ ਵਾਰ ਪੰਜ ਸਾਥੀ ਸੰਤ ਚੰਨਣ ਸਿੰਘ, ਜੀਵਨ ਸਿੰਘ ਉਮਰਾ ਨੰਗਲ, ਦਲੀਪ ਸਿੰਘ ਤਲਵੰਡੀ, ਮਿਤ ਸਿੰਘ ਚੜਿਕ ਆਦਿ ਪੀਲੇ ਚੋਲੇ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਚੜ੍ਹ ਬੈਠੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ ਉੱਪਰ ਖੜ੍ਹੇ ਕਰਕੇ ਉਨ੍ਹਾਂ ਦੇ ਦਰਸ਼ਨ ਕਰਵਾਏ ਗਏ। ਉਨ੍ਹਾਂ ਦੇ ਸੜ ਮਰਨ ਲਈ ਦੂਸਰਾ ਅਗਨ ਕੁੰਡ ਵੀ ਬਣਵਾਇਆ ਗਿਆ। ਪਰ ਇਸ ਵਾਰ ਫਿਰ ਸ. ਹੁਕਮ ਸਿੰਘ ਨੂੰ ਸੱਦ ਕੇ ਉਸ ਨਾਲ ਗੁਪਤ ਬੰਦ ਕਮਰਾ ਮੀਟਿੰਗ ਕਰਕੇ ਸੜ ਮਰਨ ਤੋਂ ਬਚ ਗਏ।

ਇਸ ਨਾਲ ਕੌਮ ਦੀ ਬਹੁਤ ਨਿਰਾਦਰੀ ਹੋਈ। ਸ. ਦਰਸ਼ਨ ਸਿੰਘ ਫੇਰੂਮਾਨ ਦੇ ਮਨ ਨੂੰ ਬਹੁਤ ਸੱਟ ਵੱਜੀ। ਸਿੱਖ ਪੰਥ ਦੀ ਲਾਜ ਰੱਖਣ ਲਈ ਜੁਲਾਈ 1969 ਦੇ ਆਰੰਭ ਵਿਚ ਡਾ. ਜਗਜੀਤ ਸਿੰਘ ਤੇ ਕਰਨੈਲ ਸਿੰਘ ਮਰੜ੍ਹੀ ਨੇ ਸ. ਫੇਰੂਮਾਨ ਨੂੰ ਕਿਹਾ, ਸੰਤਾਂ ਨੇ ਕੌਮ ਦੀ ਬਹੁਤ ਹੇਠੀ ਕਰਵਾਈ ਹੈ, ਤੁਸੀਂ ਹੀ ਲਾਜ ਰੱਖ ਲਵੋ। ਸ. ਫੇਰੂਮਾਨ ਦਾ ਪਹਿਲਾਂ ਹੀ ਮਨ ਬਣਿਆ ਹੋਇਆ ਸੀ। ਉਸ ਨੇ ਫਤਿਹ ਸਿੰਘ ਨੂੰ ਇਕ ਮਹੀਨੇ ਦਾ ਨੋਟਿਸ ਦੇ ਕੇ ਸ਼ਹੀਦੀ ਪ੍ਰਾਪਤ ਕਰਨ ਦਾ ਐਲਾਨ ਕਰ ਦਿੱਤਾ।

1969 ਦੀ 11-12 ਅਗਸਤ ਦੀ ਵਿਚਕਾਲੀ ਰਾਤ ਨੂੰ ਅਕਾਲੀ ਸਰਕਾਰ ਨੇ ਸ. ਦਰਸ਼ਨ ਸਿੰਘ ਫੇਰੂਮਾਨ ਨੂੰ ਘਰ ਤੋਂ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ।


15 ਅਗਸਤ ਨੂੰ ਜੇਲ ਵਿਚ ਸ. ਫੇਰੂਮਾਨ ਨੇ ਆਪ ਅਰਦਾਸਾ ਸੋਧ ਕੇ 'ਦੇਹ ਸ਼ਿਵਾ ਬਰ ਮੋਹਿ ਇਹੈ ' ਦਾ ਸਵੱਈਆ ਪੜ੍ਹ ਕੇ ਮਰਨ ਵਰਤ ਰੱਖ ਦਿੱਤਾ ਤੇ ਅਫ਼ਸਰਾਂ ਨੂੰ ਆਖ ਦਿੱਤਾ, ਮੈਨੂੰ ਜਬਰੀ ਖ਼ੁਰਾਕ ਨਹੀਂ ਦੇਣੀ, ਬਾਰ੍ਹਾਂ ਦਿਨਾਂ ਬਾਅਦ ਉਨ੍ਹਾਂ ਨੂੰ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ।

ਸੰਤਾਂ ਦੀ ਪਾਰਟੀ ਤੇ ਅਕਾਲੀ ਸਰਕਾਰ ਦੇ ਵਜ਼ੀਰਾਂ ਨੇ ਸ. ਫੇਰੂਮਾਨ ਦੀ ਵਿਰੋਧਤਾ ਕੀਤੀ। ਸੰਤ ਫਤਿਹ ਸਿੰਘ ਨੇ 27 ਅਗਸਤ 1969 ਨੂੰ ਪਟਿਆਲੇ ਵਿਚ ਕਿਹਾ, "ਫੇਰੂਮਾਨ ਸਾਡੀ ਲੀਡਰੀ ਨੂੰ ਹੱਥ ਪਾਉਣਾ ਚਾਹੁੰਦਾ ਹੈ, ਅਸੀਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਰਗੜ ਕੇ ਰੱਖ ਦਿਆਂਗੇ।" ਜੱਥੇਦਾਰ ਮੋਹਣ ਸਿੰਘ ਤੁੜ ਨੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਸ. ਹਰਨਾਮ ਸਿੰਘ ਖੋਜਕੀਪੁਰ ਨੂੰ ਕਿਹਾ ਕੇ ਫੇਰੂਮਾਨ ਕੁੱਤੇ ਦੀ ਮੌਤ ਮਰੇਗਾ ਪਰ ਇਨ੍ਹਾਂ ਦੀ ਛੇਤੀ ਹੀ ਸੁਰਤ ਟਿਕਾਣੇ ਆ ਗਈ, ਜਦ ਜਨਤਾ ਨੇ ਫੇਰੂਮਾਨ ਦੀ ਹਮਾਇਤ ਕੀਤੀ।

85 ਸਾਲ ਦੀ ਉਮਰ ਵਿਚ 74 ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਸ. ਦਰਸ਼ਨ ਸਿੰਘ ਫੇਰੂਮਾਨ ਆਪਣੀ ਕੀਤੀ ਹੋਈ ਅਰਦਾਸ ਤੇ ਆਪਣੇ ਪ੍ਰਣ ਨੂੰ ਪਾਲਦੇ ਹੋਏ ਅੰਮ੍ਰਿਤਸਰ ਵਿਚ 27 ਅਕਤੂਬਰ 1969 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸ. ਦਰਸ਼ਨ ਸਿੰਘ ਫੇਰੂਮਾਨ ਦੇ ਮਹਾਨ ਬਲੀਦਾਨ ਨੇ ਸਿੱਖੀ ਦੀ ਲਾਜ ਰੱਖ ਲਈ ਤੇ ਪੰਜਾਬ ਦਾ ਮਾਣ ਵਧਾ ਦਿੱਤਾ।

## ਗੀਤਾਂ ਦੇ ਵਣਜਾਰੇ

# ‘ਤੇਰੀ ਫੀਅਟ ’ਤੇ ਜੇਠ ਨਜ਼ਾਰੇ ਲੈਂਦਾ’ ਵਾਲਾ ਨਾਮੀਂ ਗੀਤਕਾਰ ‘ਬਲਵੀਰ ਗਰੇਵਾਲ’



-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਤਵਿਆਂ ਦੇ ਯੁੱਗ ’ਚ ਦੋਗਾਣਾ ਗਾਇਕੀ ਦਾ ਵੀ ਇੱਕ ਦੌਰ ਸੀ, ਜਦ ਰਿਕਾਰਡ ਕੰਪਨੀਆਂ ਮਸਾਲਾ ਗੀਤਾਂ ਦੀ ਵਧੇਰੇ ਮੰਗ ਕਰਦੀ ਸੀ। ਉਸ ਵੇਲੇ ਅਨੇਕਾਂ ਦੋਗਾਣਾ ਜੋੜੀਆਂ ਨੇ ਇਸ ਵਗਦੀ ਗੰਗਾ ਵਿਚ ਹੱਥ ਧੋਤੇ। ਉਸ ਦੌਰ ਵਿਚ ਬਲਵੀਰ ਸਿੰਘ ਗਰੇਵਾਲ ਨੇ ਵੀ ਅਨੇਕਾਂ ਚਰਚਿਤ ਦੋਗਾਣੇ ਲਿਖ ਕੇ ਰਿਕਾਰਡ ਕਰਵਾਏ, ਜੋ ਬੇਹੱਦ ਮਕਬੂਲ ਰਹੇ। 1980 ਦੇ ਜ਼ਮਾਨੇ ਵਿਚ ਜਦ ਫੀਅਟ ਕਾਰ ਨਵੀਂ-ਨਵੀਂ ਆਈ ਸੀ ਤੇ ਉਨ੍ਹਾਂ ਸਮਿਆਂ ’ਚ ਬਲਵੀਰ ਦਾ ਲਿਖਿਆ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦਾ ਗਾਇਆ ‘ਤੇਰੀ ਫੀਅਟ ’ਤੇ ਜੇਠ ਨਜ਼ਾਰੇ ਲੈਂਦਾ’ ਐਨਾਂ ਹਰਮਨ ਪਿਆਰਾ ਹੋਇਆ ਕਿ ਅੱਜ ਵੀ ਬੱਚੇ-ਬੱਚੇ ਦੀ ਜੁਬਾਨ ’ਤੇ ਹੈ।

ਬਠਿੰਡਾ ਜ਼ਿਲ੍ਹੇ ਦੇ ਸੰਗਤ ਮੰਡੀ ਨੇੜਲੇ ਪਿੰਡ ਬਾਂਡੀ ਵਿਖੇ ਪਿਤਾ ਧੰਨਾ ਸਿੰਘ ਤੇ ਮਾਤਾ ਜੋਗਿੰਦਰ ਕੌਰ ਦੇ ਘਰ 68 ਸਾਲ ਪਹਿਲਾਂ ਜਨਮੇਂ ਬਲਵੀਰ ਨੇ ਦੱਸਿਆ ਕਿ ਗੀਤ ਲਿਖਣ ਦੀ ਚੇਟਕ ਉਸਨੂੰ ਨਿਆਣੀ ਉਮਰੇ ਸਕੂਲ ਪੜ੍ਹਦਿਆਂ ਹੀ ਲੱਗੀ। ਬਨੇਰਿਆਂ ’ਤੇ ਵੱਜਦੇ ਸਪੀਕਰ ਨੂੰ ਸੁਣਦਿਆਂ ਦੀਦਾਰ ਸੰਧੂ ਦੀ ਗਾਇਕੀ ਦਾ ਉਸ ’ਤੇ ਵਧੇਰੇ ਪ੍ਰਭਾਵ ਪਿਆ। ਇਸੇ ਪ੍ਰਭਾਵ ਸਦਕਾ ਉਹ ਵੀ ਗੀਤ ਲਿਖਣ ਲੱਗ ਪਿਆ। ਭਾਵੇਂਕਿ ਪਰਿਵਾਰਕ ਮਾਹੌਲ ਨੇ ਉਸਦੇ ਇਸ ਸ਼ੌਂਕ ਨੂੰ ‘ਕੰਜਰ-ਕਿੱਤਾ’ ਕਹਿ ਕੇ ਵਰਜਿਆ ਪਰ ਉਸਨੇ ਕਿਸੇ ਦੀ ਇੱਕ ਨਾ ਸੁਣੀਂ ਤੇ ਚੋਰੀ ਛੁਪੇ ਆਪਣੇ ਸ਼ੌਂਕ ਨੂੰ ਬਰਕਰਾਰ ਰੱਖਿਆ। ਉਹ ਦਸਵੀਂ ਕਰਕੇ ਹਟਿਆ ਸੀ, ਤਾਂ ਉਸਦੀ ਮਿੱਤਰ ਮੰਡਲੀ ਨੇ ਦੀਦਾਰ ਸੰਧੂ ਨੂੰ ਗੁਰੂ ਧਾਰਨ ਲਈ ਪ੍ਰੇਰਿਤ ਕੀਤਾ ਤੇ ਇੱਕ ਦਿਨ ਆਪਣੇ ਮਿੱਤਰ ਨਾਲ ਲੁਧਿਆਣੇ ਵੱਲ ਨੂੰ ਚਾਲੇ ਪਾ ਦਿੱਤੇ। ਦਫ਼ਤਰ ਜਾ ਕੇ ਪਤਾ ਲੱਗਿਆ ਕਿ ਉਹ ਤਾਂ ਪ੍ਰੋਗਰਾਮਾਂ ਵਿਚ ਮਸ਼ਰੂਫ਼ ਹੈ, ਕਦੇ-ਕਦੇ ਹੀ ਦਫ਼ਤਰ ਆਉਂਦਾ। ਦਫ਼ਤਰਾਂ ਦੇ ਬੁਕਿੰਗਾਂ ਕਲਰਕਾਂ ਨੇ ਹੋਰ ਨਾਮੀਂ ਗੀਤਕਾਰਾਂ ਲੜ ਲੱਗਣ ਦੀ ਗੱਲ ਸਮਝਾਈ ਪਰ ਉਸਨੇ ਹਾਮੀਂ ਨਾ ਭਰੀ ਕਿਉਂਕਿ ਦੀਦਾਰ ਸੰਧੂ ਉਸਦੇ ਖੂਨ ’ਚ ਰਚ ਚੁੱਕਿਆ ਸੀ। ਉਹ ਉਸਦੀ ਉਡੀਕ ਵਿਚ ਬੈਠ ਗਏ ਤੇ ਜਦ ਗਿਆਰਵੇਂ ਦਿਨ ਦੀਦਾਰ ਸੰਧੂ ਆਪਣੇ ਦਫ਼ਤਰ ਆਇਆ, ਤਾਂ ਬਲਵੀਰ ਗਰੇਵਾਲ, ਚਤਰ ਸਿੰਘ ਪਾਰਕ ’ਚੋਂ ਉੱਠ ਕੇ ਭੱਜਿਆ ਤੇ ਦੀਦਾਰ ਸੰਧੂ ਦੇ ਪੈਰ ਜਾ ਫੜ੍ਹੇ। ਦੀਦਾਰ ਨੇ ਉਸਦੀ ਸਾਰੀ ਵਿਥਿਆ ਸੁਣੀ ਤੇ ਗੱਲ ਨਾਲ ਲਾ ਲਿਆ। ਉਹ ਬੜਾ ਹੈਰਾਨ ਹੋਇਆ ਕਿ ਐਨੀਂ ਦੂਰੋਂ ਆ ਕੇ, ਐਨੇ ਦਿਨ ਉਡੀਕ ’ਚ ਬੈਠਣਾ.. ਸੱਚਮੁਚ ਕਿਸੇ ਤਪੱਸਿਆ ਵਾਂਗ ਲੱਗਿਆ। ਉਸਨੇ ਬਲਵੀਰ ਦੇ ਸਿਦਕ ਅਤੇ ਲਗਨ ਨੂੰ ਵੇਖਦਿਆਂ ਝੱਟ ਆਪਣਾ ਸ਼ਾਗਿਰਦ ਬਣਾ ਲਿਆ ਤੇ ਆਪਣੇ ਪਿੰਡ ਭਰੋਵਾਲ ਲੈ ਗਿਆ। ਜਦ ਇਹ ਪੱਗ ਦੀ ਰਸਮ ਹੋਈ, ਤਾਂ ਹਰਚਰਨ ਗਰੇਵਾਲ, ਕਰਨੈਲ ਗਿੱਲ, ਚਮਨ ਲਾਲ ਚਮਨ, ਨੀਲਮ ਦੱਤਾ, ਸੁਮਨ ਦੱਤਾ ਤੇ ਹੋਰ ਵੀ ਕਈ ਗਾਇਕ ਹਾਜ਼ਰ ਸੀ। ਦੀਦਾਰ ਸੰਧੂ ਨੇ ਉਸਦੇ ਗੀਤਾਂ ਨੂੰ ਵੇਖਿਆ ਤੇ ਜ਼ਰੂਰੀ ਨੁਕਤੇ ਸਮਝਾ ਹੋਰ ਵਧੀਆ ਲਿਖਣ ਦਾ ਆਸ਼ੀਰਵਾਦ ਦਿੱਤਾ। ਚਾਨਣ ਦਾ ਇੱਕ ਨਵਾਂ ਛਿੱਟਾ ਲੈ ਬਲਵੀਰ ਚਾਈਂ-ਚਾਈਂ ਪਿੰਡ ਮੁੜਿਆ।

ਬਲਵੀਰ ਗਰੇਵਾਲ ਨੇ ਦੱਸਿਆ ਕਿ ਉਸਦਾ ਲਿਖਿਆ ਦਿਉਰ ਭਰਜਾਈ ਵਿਸ਼ੇ ਦਾ ਪਹਿਲਾ ਗੀਤ ‘ਭਾਬੀ ਤੇਰੀ ਭੈਣ’ ਸਤਿੰਦਰ ਬੀਬਾ ਤੇ ਅਮੀਰ ਸਿੰਘ ਰਾਣਾ ਦੀ ਆਵਾਜ਼ ’ਚ ਰਿਕਾਰਡ ਹੋਇਆ। ਇਸ ਪਹਿਲੇ ਗੀਤ ਨੂੰ ਹੀ ਐਨੀਂ ਪ੍ਰਸਿੱਧੀ ਮਿਲੀ ਕਿ ਬਾਅਦ ਵਿਚ ਕਈ ਹੋਰ ਗਾਇਕਾਂ ਵੀ ਗਾ ਗਏ। ਹਰੇਕ ਦੀ ਆਵਾਜ਼ ਵਿਚ ਇਹ ਗੀਤ ਐਨਾ ਮਕਬੂਲ ਰਿਹਾ ਤੇ ਅਖੀਰ ਪਤਾ ਹੀ ਨਾ ਰਿਹਾ ਕਿ ਇਸ ਗੀਤ ਦਾ ਅਸਲ ਗਾਇਕ ਕਿਹੜਾ ਸੀ। ਬਲਵੀਰ ਦੀ ਕਲਮ ਦਾ ਉਹ ਸੁਨਿਹਰੀ ਦੌਰ ਸੀ ਕਿ ਪਹਿਲੇ ਗੀਤ ਦੇ ਕੁਝ ਦਿਨਾਂ ਬਾਅਦ ਹੀ ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੀ ਆਵਾਜ਼ ’ਚ ਜੇਠ ਭਰਜਾਈ ਦੀ ਦਾਸਤਾਨ ਬਿਆਨਦਾ ਗੀਤ ‘ਜੇਠ ਹੱਥੋਂ ਛੰਨਾ ਡਿੱਗਿਆ..’ ਰਿਕਾਰਡ ਹੋ ਕੇ ਆ ਗਿਆ। ਇਸ ਗੀਤ ਨੂੰ ਵੀ ਸਰੋਤਿਆਂ ਬੇਹੱਦ ਪਿਆਰ ਦਿੱਤਾ। ਫਿਰ ਮਹੀਨੇ ਕੁ ਬਾਅਦ ਕਰਤਾਰ ਰਮਲਾ ਤੇ ਸੁਖਵੰਤ ਸੁੱਖੀ ਦੀ ਆਵਾਜ਼ ਵਿਚ ਅਮਲੀਆਂ ਦਾ ਹਾਲ ਪੇਸ਼ ਕਰਦਾ ਦੋਗਾਣਾ ‘ਕੰਮ ਨੀਂ ਮੀਟਰ ਕਰਦਾ..’ ਵੀ ਆ ਗਿਆ। ਇਨ੍ਹਾਂ ਚੰਦ ਗੀਤਾਂ ਦੀ ਪ੍ਰਸਿੱਧੀ ਨੇ ਬਲਵੀਰ ਗਰੇਵਾਲ ਨੂੰ ਉਸ ਵੇਲੇ ਦੇ ਨਾਮੀਂ ਗੀਤਕਾਰਾਂ ਵਿਚ ਲਿਆ ਖੜ੍ਹਾਇਆ।

ਫ਼ਿਰ ਜਦ ਛਿੰਦੇ ਤੇ ਗੁਲਸ਼ਨ ਕੋਮਲ ਦੀ ਆਵਾਜ਼ ’ਚ ‘ਤੇਰੀ ਫੀਅਟ ’ਤੇ ਗੀਤ ਰਿਕਾਰਡ ਹੋਇਆ, ਤਾਂ ਬਲਵੀਰ ਗਰੇਵਾਲ ਦਿਨਾਂ ਵਿਚ ਹੀ ਸੋਹਰਤ ਦੇ ਸਿਖਰਲੇ ਟੰਬੇ ਜਾ ਬੈਠਾ ਤੇ ਉਸਦੇ ਗੀਤ ਲਗਾਤਾਰ ਰਿਕਾਰਡ ਹੋਣ ਲੱਗੇ। ਬਲਵੀਰ ਨੇ ਦੱਸਿਆ ਕਿ ਉਸਦਾ ਇਹ ਗੀਤ 1982 ਵਿਚ ਰਿਕਾਰਡ ਹੋਇਆ ਸੀ। ਖ਼ਾਸ ਗੱਲ ਕਿ ਇਸ ਗੀਤ ਵਿਚ ਮੇਰੇ ਦੋ ਨਜ਼ਦੀਕੀ ਮਿੱਤਰਾਂ ਦਾ ਨਾਂ ਆਉਂਦਾ ਹੈ। ਜਿਨ੍ਹਾਂ ’ਚੋਂ ਇਕ ਕਾਰਾਂ-ਜੀਪਾਂ ਦਾ ਮਿਸਤਰੀ ਸੰਧੂਰਾ ਸੀ ਤੇ ਦੂਜਾ ਸੀ ਭਿੰਦਰ ਜੋ ਟੇਪ ਰਿਕਾਰਡਾ ਰਿਪੇਅਰ ਕਰਦਾ ਸੀ। ਭਿੰਦਰ ਨੇ ਹੀ ਮੈਨੂੰ ਫੀਅਟ ਕਾਰ ਬਾਰੇ ਗੀਤ ਲਿਖਣ ਦਾ ਸੁਝਾਓ ਦਿੱਤਾ ਸੀ। ਜਦ ਮੈਂ ਇਹ ਗੀਤ ਲਿਖਕੇ ਪੂਰਾ ਕੀਤਾ, ਤਾਂ ਭਿੰਦਰ ਅਤੇ ਸੰਧੂਰੇ ਦਾ ਨਾਂ ਵੀ ਪਾਇਆ। ਪਹਿਲੇ ਅੰਤਰੇ ਵਿਚ ਸੰਧੂਰੇ ਦਾ ਨਾਂ ਹੈ ਤੇ ਅਖੀਰ ਵਿਚ ਭਿੰਦਰ ਦਾ.. ਇਹ ਸਿਰਫ਼ ਦੋਸਤਾਨਾ ਤੌਰ ’ਤੇ ਹੀ ਸੀ, ਨਾ ਕਿ ਲੇਖਕ ਵਜੋਂ..। ਬਾਅਦ ਵਿਚ ਜਦ ਭਿੰਦਰ ਵੀ ਗੀਤ ਲਿਖਣ ਲੱਗਿਆ, ਤਾਂ ਮੈਂ ਉਸਨੂੰ ਉਂਗਲ ਫੜ ਕੇ ਕਲਾਕਾਰਾਂ ਦੇ ਦਫ਼ਤਰਾਂ ਤੱਕ ਲੈ ਕੇ ਗਿਆ। ਜੇ ਇਹ ਗੀਤ ਉਸਦਾ ਲਿਖਿਆ ਸੀ, ਤਾਂ ਇਸ ਵਰਗੇ ਹੋਰ ਕਿਉਂ ਨਾ ਲਿਖ ਸਕਿਆ। ਨਾਲੇ ਫਿਰ ਪਾਰਖੂ ਬੰਦੇ ਤਾਂ ‘ਸ਼ਬਦਾਂ ਦੀ ਬੁਣਤੀ’ ਹੀ ਵੇਖ ਲੈਂਦੇ ਹਨ। ਬਲਵੀਰ ਗਰੇਵਾਲ ਦੀ ਕਲਮ ਵਿਚ ਐਨੀ ਪਰਪੱਕਤਾ ਆ ਗਈ ਸੀ ਕਿ ਉਸਦਾ ਗੀਤਾਂ ਵਿਚ ਕਦੇ ਸੋਧ ਕਰਨ ਦੀ ਲੋੜ ਨਾ ਪੈਂਦੀ। ਗੀਤ ਦਾ ਵਜ਼ਨ ਅਤੇ ਸ਼ਬਦਾਵਲੀ ਦੀ ਬਣਤਰ ਬਾਕਮਾਲ ਹੁੰਦੀ। ਉਸਨੇ ਜੋ ਵੀ ਲਿਖਿਆ, ਮਾਲਵੇ ਦੀ ਹਿੱਕ ’ਚੋਂ ਪੂਰਨ ਠੇਠਤਾ ਨਾਲ ਲਿਖਿਆ। ਭਾਵੇਂਕਿ ਉਸ ’ਤੇ ਦੀਦਾਰ ਸੰਧੂ ਦੀ ਲੇਖਣੀ ਦਾ ਅਸਰ ਸੀ ਪਰ ਉਸਨੇ ਦੀਦਾਰ ਦੀ ਪੈੜ ’ਚ ਪੈਰ ਧਰਨ ਦੀ ਬਜਾਏ ਗੀਤਕਾਰੀ ਮਾਰਗ ਦੀ ਇੱਕ ਵੱਖਰੀ ਪਗਡੰਡੀ ਤਿਆਰ ਕੀਤੀ। ਉਸ ਨੂੰ ਅਫ਼ਸੋਸ ਹੈ ਕਿ ਦੀਦਾਰ ਸੰਧੂ ਦੀ ਆਵਾਜ਼ ਵਿਚ ਗੀਤ ਰਿਕਾਰਡ ਕਰਾਉਣ ਦੀ ਇੱਛਾ ਪੂਰੀ ਨਾ ਹੋ ਸਕੀ।

ਕਰਤਾਰ ਰਮਲੇ ਦੇ ਰਿਕਾਰਡ ਗੀਤ ਦੀ ਪੁਰਾਣੀ ਯਾਦ ਤਾਜ਼ਾ ਕਰਦਿਆਂ ਬਲਵੀਰ ਗਰੇਵਾਲ ਨੇ ਬੜੇ ਮਾਣ ਨਾਲ ਦੱਸਿਆ ਕਿ ਜਦ ਉਸਦਾ ਗੀਤ ‘ਕੰਮ ਨੀਂ ਮੀਟਰ ਕਰਦਾ..’ ਰਿਕਾਰਡ ਹੋਇਆ ਤਾਂ ਉਹ ਰਿਕਾਡਿੰਗ ’ਤੇ ਕਰਤਾਰ ਰਮਲੇ ਦੇ ਨਾਲ ਦਿੱਲੀ ਗਿਆ। ਜਿੱਥੇ ਐੱਚ.ਐੱਮ.ਵੀ. ਦੇ ਮੈਨੇਜ਼ਰ ਜ਼ਹੀਰ ਅਹਿਮਦ ਨੇ ਉਸਦੇ ਗੀਤਾਂ ਦੀ ਰਿਆਲਟੀ ਸ਼ੁਰੂ ਕਰਵਾ ਦਿੱਤੀ। ਉਸ ਰਾਤ ਸੰਗੀਤਕਾਰ ਚਰਨਜੀਤ ਆਹੂਜਾ ਸਾਹਬ ਨੇ ਉਨ੍ਹਾਂ ਨੂੰ ਰਾਤ ਦੇ ਖਾਣੇ ਦਾ ਨਿਉਂਤਾ ਵੀ ਦਿੱਤਾ। ਦੇਰ ਰਾਤ ਤੱਕ ਆਹੂਜਾ ਸਾਹਬ ਦੀਆਂ ਗਿਆਨ ਭਰਪੂਰ ਗੱਲਾਂ ਦਾ ਆਨੰਦ ਮਾਣਿਆਂ।

ਡਰਾਇਵਰ ਮਹਿਕਮੇ ਬਾਰੇ ਲੋਕਾਂ ਦੀ ਸੋਚ ਹਮੇਸ਼ਾ ਹੀ ਟੇਢੀ ਰਹੀ ਹੈ ਪਰ ਬਲਵੀਰ ਗਰੇਵਾਲ ਦੀ ਕਲਮ ਨੇ ਡਰਾਇਵਰਾਂ ਦੇ ਹੱਕ ਵਿਚ ਕੁਝ ਇਸ ਤਰਾਂ ਲਿਖਿਆ ਹੈ:-

ਰੱਬ ਦੇ ਮਾਰੇ ਕਹਿਣ ਨਾ ਜੋਗੇ, ਦੋ ਜਣਿਆ ਵਿਚ ਬਹਿਣ ਨਾ ਜੋਗੇ।

ਦੁਨੀਆਂ ਨੇ ਬਦਨਾਮ ਕਰੇਂ ਆ, ਸੱਚੇ-ਸੁੱਚੇ ਰਹਿਣ ਨਾ ਜੋਗੇ।

ਨਿਗ੍ਹਾ ਮਾਰੀਏ ਠੰਡੀ ਨੀਂ, ਅਸੀਂ ਰੱਬ ਦੇ ਭਗਤ ਆ

ਕਾਹਤੋਂ ਜਾਵੇਂ ਭੰਡੀ ਨੀਂ.. ਅਸੀਂ ਰੱਬ ਦੇ ਭਗਤ ਆ...।

ਸੁਰਿੰਦਰ ਛਿੰਦਾ ਤੇ ਗੁਲਸ਼ਨ ਕੋਮਲ ਦੀ ਆਵਾਜ਼ ਵਿਚ ਰਿਕਾਰਡ ਇਹ ਦੋਗਾਣਾ ‘ਫੁੱਲ ਵਰਗੀ ਵੇਖ ਕੇ.. ਲੈਂਦੇ ਝੱਟ ਫਸਾ’ ਵੀ ਕਾਫ਼ੀ ਚਰਚਿਤ ਹੋਇਆ ਹੈ। ਵੱਡੀ ਗੱਲ ਕਿ ਬਲਵੀਰ ਗਰੇਵਾਲ ਦੇ ਲਿਖੇ ਸਾਰੇ ਹੀ ਗੀਤ ਸੁਪਰ ਹਿੱਟ ਰਹੇ ਹਨ, ਜੋ ਅੱਜ ਵੀ ਸੁਣੇ ਜਾਂਦੇ ਹਨ। ਉਸਨੇ ਦੱਸਿਆ ਕਿ ਉਸਨੇ ਗੀਤ ਲਿਖ-ਲਿਖ ਕਾਪੀਆਂ ਨਹੀਂ ਭਰੀਆਂ, ਬਸ ਰਿਕਾਰਡ ਹੋਣ ਜੋਗੇ ਹੀ ਲਿਖੇ। ਆਪਣੇ ਗੁਰੂ ਦੇ ਦੱਸੇ ਨੁਕਤਿਆਂ ’ਤੇ ਅਮਲ ਕਰਦਿਆਂ ਉਹ ਗਾਇਕ ਕੋਲ ਕਦੇ ਕਾਪੀ ਲੈ ਕੇ ਨਹੀਂ ਗਿਆ। ਸਿਰਫ਼ ਇੱਕ ਗੀਤ ਹੀ ਲੈ ਕੇ ਜਾਂਦਾ ਸੀ, ਜੋ ਝੱਟ ਰਿਕਾਰਡ ਹੋ ਜਾਂਦਾ ਸੀ। ਬਲਵੀਰ ਦੇ ਲਿਖੇ ਤਕਰੀਬਨ ਦੋ ਦਰਜ਼ਨ ਦੇ ਕਰੀਬ ਗੀਤ ਰਿਕਾਰਡ ਹੋਏ, ਜਿਨ੍ਹਾਂ ਨੂੰ ਸਤਿੰਦਰ ਬੀਬਾ-ਅਮੀਰ ਸਿੰਘ ਰਾਣਾ, ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ, ਕਰਤਾਰ ਰਮਲਾ-ਸੁਖਵੰਤ ਸੁੱਖੀ, ਕੁਲਦੀਪ ਮਾਣਕ, ਕੁਲਦੀਪ ਪਾਰਸ-ਸੁਖਵੰਤ ਸੁੱਖੀ, ਬਲਕਾਰ ਸਿੱਧੂ ਸਮੇਤ ਕੁਝ ਨਵੇਂ ਗਾਇਕਾਂ ਨੇ ਆਵਾਜ਼ ਦਿੱਤੀ। ਬਲਵੀਰ ਦੀ ਕਲਮ ਦੀ ਸਿਫ਼ਤ ਬਣਦੀ ਹੈ ਕਿ ਉਸਨੇ ਜੋ ਵੀ ਲਿਖਿਆ ਕਹਾਣੀ ਨੂੰ ਆਧਾਰ ਬਣਾ ਕੇ, ਠੇਠ ਮਲਵਈ ਭਾਸ਼ਾ ’ਚ ਹੀ ਲਿਖਿਆ।

ਉਸ ਵੇਲੇ ਦੋਗਾਣਾ ਗਾਇਕੀ ਪੂਰੇ ਜੋਬਨ ’ਤੇ ਸੀ। ਦੋਅਰਥੀ ਗੀਤਾਂ ਦਾ ਪੂਰਾ ਜ਼ੋਰ ਸੀ। ਬਲਵੀਰ ਨੇ ਵੀ ਸਰੋਤਿਆਂ ਅਤੇ ਕੰਪਨੀ ਦੀ ਮੰਗ ਮੁਤਾਬਕ ’ਤੱਤੇ ਗੀਤਾਂ ਦਾ ਪੂਰ ਲਾਹਿਆ। ਉਹ ਇਹ ਗੱਲ ਮੰਨਦਾ ਹੈ ਕਿ ਕੰਪਨੀ ਵਾਲੇ ਤਾਂ ਸ਼ਰੇਆਮ ਮਸਾਲਾ ਗੀਤ ਮੰਗਦੇ ਸੀ ਪਰ ਉਸਨੇ ਪਰਿਵਾਰਕ ਰਿਸ਼ਤਿਆਂ ਦੀ ਤਰਜ਼ਮਾਨੀ ਕਰਦੇ ਚੁਲਬੁਲੇ ਕਿਸਮ ਦੇ ਗੀਤਾਂ ਨਾਲ ਮਨੋਰੰਜਨ ਕੀਤਾ। ਉਸਨੇ ਅਨੇਕਾਂ ਧਾਰਮਿਕ ਅਤੇ ਲੋਕ ਤੱਥ ਗੀਤ ਵੀ ਲਿਖੇ, ਜੋ 84 ਦੇ ਦੌਰ ਦੀ ਭੇਂਟ ਚੜ੍ਹ ਗਿਆ ਤੇ ਰਿਕਾਰਡ ਨਾ ਹੋ ਸਕੇ। ਇੱਕ ਸਮਾਂ ਅਜਿਹਾ ਵੀ ਆਇਆ ਕਿ ਜਦ ਚਮਕੀਲੇ ਦੀ ਮੌਤ ਮਗਰੋਂ ਤਾਂ ਗਾਉਣ ਵਾਲਿਆਂ ਦੇ ਦਫ਼ਤਰਾਂ ’ਚ ਕਬੂਤਰ ਬੋਲਣ ਲੱਗ ਪਏ ਸੀ।

ਬਲਵੀਰ ਗਰੇਵਾਲ ਦੀ ਕਲਾ ਦਾ ਇੱਕ ਹੋਰ ਰੰਗ ਵੀ ਹੈ। ਉਸਨੇ ਦੱਸਿਆ ਕਿ ਜਦੋਂ ਚਮਕੀਲੇ ਦੀ ਮੌਤ ਵੇਲੇ ਪੰਜਾਬ ਦੇ ਹਾਲਾਤ ਖਰਾਬ ਹੋਏ, ਤਾਂ ਗਾਉਣ ਵਾਲਿਆਂ ਦੇ ਕਾਰੋਬਾਰ ਠੱਪ ਹੋ ਕੇ ਰਹਿ ਗਿਆ। ਉਸਦੇ ਲਿਖਣ ਦਾ ਸਿਲਸਿਲਾ ਵੀ ਮੱਠਾ ਪੈ ਗਿਆ। ਫ਼ਿਰ ਅਚਾਨਕ ਉਸਦਾ ਰੁਝਾਨ ਫ਼ਿਲਮਾਂ ਵੱਲ ਹੋ ਗਿਆ। ਪੰਜਾਬੀ ਫ਼ਿਲਮਾਂ ਦੇ ਸਰਗਰਮ ਨਾਇਕ ਗੁੱਗੂ ਗਿੱਲ ਨਾਲ ਦੂਰ-ਨੇੜਿਓ ਪੁਰਾਣੀ ਸਾਂਝ ਸੀ, ਜਿਸ ਦੀ ਬਦੌਲਤ ਉਹ ‘ਜ਼ੋਰ ਜੱਟ ਦਾ’ ਜੱਟ ਦੀ ਜ਼ਮੀਨ ਅਤੇ ‘ਪੱਗੜੀ ਸੰਭਾਲ ਜੱਟਾਂ’ ਪੰਜਾਬੀ ਫ਼ਿਲਮਾਂ ਰਾਹੀਂ ਪੰਜਾਬੀ ਪਰਦੇ ਵੀ ਨਜ਼ਰ ਆਇਆ ਪਰ ਉਸਦਾ ਇਹ ਸ਼ੌਂਕ ਬਹੁਤੀ ਦੇਰ ਨਾ ਰਿਹਾ। ਗੀਤਕਾਰੀ ਉਸਦੀ ਰਗ-ਰਗ ਵਿਚ ਵਸੀ ਹੋਈ ਹੈ। ਉਹ ਅੱਜ ਵੀ ਲਿਖਦਾ ਹੈ। ਗੀਤਕਾਰੀ ਦੇ ਇਲਾਵਾ ਬਲਵੀਰ ਨੂੰ ਕਿੱਸੇ-ਕਹਾਣੀਆਂ ਪੜ੍ਹਨ ਦਾ ਸ਼ੌਕ ਹੈ। ਦੀਦਾਰ ਸੰਧੂ ਦੇ ਪਰਿਵਾਰ ਨਾਲ ਉਸਦੀ ਸਾਂਝ ਅੱਜ ਵੀ ਬਰਕਰਾਰ ਹੈ। ਵਰ੍ਹੇ-ਛਿਮਾਹੀਂ ਜਦ ਵੀ ਲੁਧਿਆਣੇ ਵੱਲ ਜਾਂਦਾ ਹੈ, ਤਾਂ ਭਰੋਵਾਲ ਜ਼ਰੂਰ ਜਾਂਦਾ ਹੈ। ਬਲਵੀਰ ਨੂੰ ਮਾਣ ਹੈ ਕਿ ਭਾਵੇਂ ਉਸਦੇ ਗੀਤ ਬਹੁਤ ਥੋੜ੍ਹੇ ਰਿਕਾਰਡ ਹੋਏ ਪਰ ਜੋ ਵੀ ਹੋਏ ਉਹ ਸਦਾਬਹਾਰ ਸਾਬਤ ਹੋਏ। ਕੁਝ ਮੁੱਖੜੇ ਉਸਦੇ ਚਰਚਿਤ ਗੀਤਾਂ ’ਚੋਂ ਹਨ:-

ਭਾਬੀ ਤੇਰੀ ਭੈਣ --- (ਸਤਿੰਦਰ ਬੀਬਾ-ਅਮੀਰ ਰਾਣਾ)

ਜੇਠ ਹੱਥੋਂ ਛੰਨਾ ਡਿੱਗਿਆ- (ਸੁਰਿੰਦਰ ਛਿੰਦਾ-ਗੁਲਸ਼ਨ ਕੋਮਲ)

ਤੇਰੀ ਫੀਅਟ ’ਤੇ ਜੇਠ--- ( ” ” )

ਲੈਂਦੇ ਝੱਟ ਫਸਾ--- ( ” ” )

ਕੰਮ ਨੀਂ ਮੀਟਰ ਕਰਦਾ-- (ਕਰਤਾਰ ਰਮਲਾ- ਸੁਖਵੰਤ ਸੁੱਖੀ)

ਕਰਕੇ ਕੌਲ ਕਰਾਰ ----- (ਕੁਲਦੀਪ ਪਾਰਸ- ਸੁਖਵੰਤ ਸੁੱਖੀ)

ਅੱਗ ਬਲਦੀ ਵਿਚ ਘੁੰਡ ਦੇ- (ਕੁਲਦੀਪ ਮਾਣਕ)

ਝਾਂਜਰ ਦਾ ਛਣਕਾਟਾ ---- (ਕੁਲਦੀਪ ਮਾਣਕ)

ਤੇਰੀ ਹੋ ਜੇ ਨੀਂਦ ਹਰਾਮ--- (ਕੁਲਦੀਪ ਮਾਣਕ)

ਖੜਕੇ ਵੇਖ ਸ਼ੌਕੀਨਾ (ਬਲਕਾਰ ਸਿੱਧੂ)

ਬਲਵੀਰ ਨੇ ਦੱਸਿਆ ਕਿ ਉਸਦਾ ਅਸਲ ਪਿੰਡ ਬਾਂਡੀ ਹੈ, ਜਿੱਥੇ ਉਹ ਜੰਮਿਆ-ਪਲਿਆ। ਮੁੱਢਲੀ ਸਕੂਲੀ ਵਿੱਦਿਆ ਪਿੰਡੋਂ ਹਾਸਲ ਕੀਤੀ ਤੇ ਮੈਟਿਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਕੁਟੀ ਤੋਂ ਕੀਤੀ, ਜਿੱਥੇ ਨੇੜਲੇ ਚਾਰ ਪਿੰਡਾਂ ਦੇ ਮੁੰਡੇ-ਕੁੜੀਆਂ ਪੜ੍ਹਦੇ ਸੀ। ਫ਼ਿਰ ਉਨ੍ਹਾਂ ਦੇ ਬਜ਼ੁਰਗ ਰਾਜਸਥਾਨ ਦੇ ਹਨੁਮਾਨਗੜ੍ਹ ਜ਼ਿਲ੍ਹਾ ਦੇ ਪਿੰਡ ਚੱਕ ਸ਼ਾਮ ਸਿੰਘ ਵਾਲਾ ’ਚ ਆ ਕੇ ਖੇਤੀ ਕਰਨ ਲੱਗੇ ਤੇ ਪਿਛਲੇ ਕਈ ਸਾਲਾਂ ਤੋਂ ਰਾਜਸਥਾਨ ਹੀ ਰਹਿ ਰਹੇ ਹਨ ਪਰ ਬਲਵੀਰ ਦੇ ਰੋਮ-ਰੋਮ ਵਿਚ ਜੱਦੀ ਪਿੰਡ ਬਾਂਡੀ ਦਾ ਮੋਹ ਵਸਿਆ ਪਿਆ ਹੈ, ਜਿਸ ਕਰਕੇ ਉਸਨੇ ਕਦੇ ਵੀ ਆਪਣੇ ਗੀਤਾ ਨਾਲੋਂ ਅਲੱਗ ਨਹੀਂ ਕੀਤਾ। ਕਬੀਲਦਾਰੀ ਤੋਂ ਸੁਰਖਰੂ ਹੁੰਦਿਆਂ ਉਸਨੇ ਆਪਣੀ ਬੇਟੀ ਵਿਆਹ ਦਿੱਤੀ ਹੈ ਤੇ ਬੇਟਾ ਵਿਦੇਸ਼ ਵਿਚ ਸੈੱਟ ਹੈ। ਉਸਦੀ ਧਰਮ ਪਤਨੀ ਸੁਖਜੀਤ ਕੌਰ ਉਸਦੇ ਦੁੱਖ-ਸੁੱਖ ਦੀ ਭਾਈਵਾਲ ਹੈ। ਉਮਰ ਦੇ 68 ਸਾਲ ਲੰਘਾ ਚੁੱਕੇ ਬਲਵੀਰ ਗਰੇਵਾਲ ਅੰਦਰਲਾ ਗੀਤਕਾਰ ਅੱਜ ਵੀ ਜੁਆਨ ਹੈ। ਸਮੇਂ ਦੇ ਨਾਲ-ਨਾਲ ਹੁਣ ਉਸਦੇ ਗੀਤਾਂ ਦਾ ਸੁਭਾਓ ਵੀ ਬਦਲ ਚੁੱਕਾ ਹੈ। ਸਮਾਜਿਕ ਮੁੱਦਿਆਂ ਬਾਰੇ ਲਿਖਣਾ ਚੰਗਾ ਲੱਗਦਾ। ਭਰੂਣ ਹੱਤਿਆ ਬਾਰੇ ਲਿਖਿਆ ਉਸਦਾ ਇਕ ਗੀਤ ਜਲਦ ਹੀ ਇਕ ਨਵੀਂ ਗਾਇਕਾ ਦੀ ਆਵਾਜ਼ ’ਚ ਰਿਕਾਰਡ ਹੋਵੇਗਾ, ਜਿਸਦੇ ਬੋਲ ਹਨ:-

ਖੇਡ ਗੁੱਡੀਆਂ-ਪਟੋਲੇ ਹੱਸੀ ਨੱਚੀ ਸੀ, ਤੂੰ ਵੀ ਆਈ ਸੀ ਕਿਸੇ ਦੀ ਬਣ ਧੀ।

ਕੁੱਖ ਵਿਚ ਮਾਰ ਨਾ ਨੀਂ ਅੰਮੀਏ, ਜੱਗ ਵੇਖਣ ਨੂੰ ਕਰੇ ਮੇਰਾ ਜੀਅ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil



Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# 8-ਕਰੋੜ ਰੁਜ਼ਗਾਰ: ਕੀ ਇਹ ਵੀ ਜੁਮਲਾ ਤਾਂ ਨਹੀਂ?



-ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲ USA




13 ਜੁਲਾਈ ਨੂੰ ਮੁੰਬਈ ਸ਼ਹਿਰ ਅੰਦਰ ਜਿਥੇ ਦੁਨੀਆਂ ਦੇ ਇਕ ਬਹੁਤ ਵੱਡੇ ਭਾਰਤੀ ਪੂੰਜੀਪਤੀ ਮੁਕੇਸ਼ ਆਬਾਨੀ ਦੇ ਲੜਕੇ ਆਨੰਤ ਆਬਾਨੀ ਦੀ ਰਾਧਿਕਾ ਮਰਚੈਂਟ ਨਾਲ ਸ਼ਾਦੀ ਜਸ਼ਨਾਂ ਵਿਚ ਕਰੋੜਾਂ ਰੁਪਏ ਖਰਚ ਕੇ ਲੁਤਫ ਲਏ ਜਾ ਰਹੇ ਸਨ, ਉਥੇ ਇਸ ਜਸ਼ਨ ਵਿਚ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਵੀ ਸ਼ਾਮਲ ਹੋਏ। ਇਥੇ ਹੀ ਜੀਓ ਵਰਲਡ ਸੈਂਟਰ ਵਿਖੇ ਇਕ ਹੋਰ ਸਮਾਗਮ ਜਿਸ ਅੰਦਰ ਮੁੰਬਈ ਨੂੰ ਫਿਨਟੇਕ ਰਾਜਧਾਨੀ ਸ਼ਹਿਰ ਬਣਾਉਣ ਲਈ ਵੱਖੋ-ਵੱਖ ਵਿਕਾਸ ਕੰਮਾਂ ਲਈ 29,400 ਕਰੋੜ ਖਰਚਣ ਲਈ ਯੋਜਨਾਵਾਂ ਦੇ ਅਧਾਰ-ਸ਼ਿਲਾ ਰੱਖਣ ਦਾ ਐਲਾਨ ਵੀ ਕੀਤਾ ਗਿਆ। 4 ਜੂਨ ਦੇ 18ਵੀਂ ਲੋਕਸਭਾ ਦੀਆਂ ਚੋਣਾਂ ਵਿਚ ਵੱਡੀ ਜਿੱਤ ਲਈ ਡੀਂਗਾਂ ਮਾਰਨ ਦੀ ਥਾਂ ਹੋਈ ਨਿਮੋਸ਼ੀ ਭਰੀ ਹਾਰ ਬਾਦ ਭਰੇ-ਪੀਤੇ ਮੋਦੀ ਨੇ ਇਥੇ ਇਕ ਸਮਾਗਮ ਦੌਰਾਨ ਵਿਰੋਧੀ ਧਿਰ 'ਤੇ ਵਰ੍ਹਦਿਆਂ ਕਿਹਾ ਕਿ ਮੇਰੇ ਵਿਕਾਸ, ਨਿਵੇਸ਼ ਅਤੇ ਰੁਜ਼ਗਾਰ ਸਬੰਧੀ ਹੋਈਆਂ ਪ੍ਰਾਪਤੀਆ ਨੂੰ ਵਿਰੋਧੀ-ਧਿਰ ਵਲੋਂ ਗੁੰਮਰਾਹ ਕੀਤਾ ਹੈ ਅਤੇ ਮਜ਼ਾਕ ਉਡਾਇਆ ਹੈ। ਇਵੇਂ ਵੀ ਪਹਿਲਾਂ ਦੀ ਤਰ੍ਹਾਂ ਇਕ ਹੋਰ ਬਿਆਨ ਰਾਹੀਂ ਕਿਹਾ ਕਿ ਮੇਰੀ ਸਰਕਾਰ ਨੇ ਪਿਛਲੇ 3-4 ਸਾਲਾਂ ਅੰਦਰ 8 ਕਰੋੜ ਨੌਕਰੀਆਂ ਪੈਦਾ ਕੀਤੀਆਂ ਹਨ। ਇਸ ਦੀ ਤਰਦੀਦ ਵਿਚ ਭਾਰਤ ਦੇ ਰਿਜ਼ਰਵ ਬੈਂਕ ਨੇ ਵੀ ਕਿਹਾ ਕਿ 4 ਸਾਲਾਂ ਵਿਚ 8 ਕਰੋੜ ਨੌਕਰੀਆਂ ਪੈਦਾ ਹੋਈਆਂ ਹਨ। ਭਾਵੇਂ ਅਜੇ ਤੱਕ ਦੇਸ਼ ਦੀ ਕਿਰਤ-ਸ਼ਕਤੀ, ਨੋਟ ਬੰਦੀ, ਜੀ.ਐੱਸ.ਟੀ., ਕਾਲਾ ਧੰਨ ਅਤੇ ਕੋਵਿਡ-19 ਮਹਾਂਮਾਰੀ ਦੀ ਮਾਰ ਤੋਂ ਉਠ ਨਹੀਂ ਸਕੀ ਹੈ। ਫਿਰ ਕਿਸ ਖੇਤਰ 'ਚ ਇਹ ਰੁਜ਼ਗਾਰ ਪੈਦਾ ਹੋਇਆ, ਜ਼ਰੂਰ ਲੋਕਾਂ ਲਈ ਇਹ ਚੰਗੀ ਖਬਰ ਹੋਵੇਗੀ।

ਇਹ 8 ਕਰੋੜ ਨੌਕਰੀਆਂ ਰਸਮੀ ਖੇਤਰ ਜਾਂ ਗੈਰ-ਰਸਮੀ ਖੇਤਰ ਵਿਚ ਪੈਦਾ ਹੋਈਆਂ ਹਨ, ਇਹ ਨਾ ਤਾਂ ਮੋਦੀ ਜੀ ਨੇ, ਨਾ ਹੀ ਰਿਜ਼ਰਵ ਬੈਂਕ ਨੇ ਦੱਸਿਆ ਹੈ। ਕਿਉਂਕਿ ਜੁਲਾਈ 2004 ਦੇ ਪਹਿਲੇ ਹਫ਼ਤੇ ਰੁਜ਼ਗਾਰ ਖੁੱਸਣ, ਮਹਿੰਗਾਈ ਵੱਧਣ ਤੇ ਵਿਕਾਸ ਵਾਧਾ ਦਰ ਮੱਧਮ ਹੋਣ ਦੀਆ ਖਬਰਾਂ ਵੀ ਆ ਰਹੀਆਂ ਹਨ। ਛੋਟੇ ਮਾਈਕਰੋ ਤੇ ਮੱਧ-ਵਰਗੀ ਅਦਾਰੇ ਬੰਦ ਹੋਣ ਕਾਰਨ ਜਿਥੇ ਲੱਖਾਂ ਕਾਰੋਬਾਰੀਆ ਦਾ ਕਾਰੋਬਾਰ ਬੰਦ ਹੋ ਗਿਆ ਹੈ, ਉਥੇ ਕਰੋੜਾਂ ਕਿਰਤੀ ਬੇਰੁਜ਼ਗਾਰ ਵੀ ਹੋ ਗਏ ਹਨ। ਬੇਰੁਜ਼ਗਾਰੀ ਦਰ ਜੂਨ, 2024 ਦੇ ਅੰਤ ਤੱਕ 9.2 ਫੀਸਦੀ ਦਰਜ ਕੀਤੀ ਗਈ ਹੈ। (ਸੀ.ਐੱਮ.ਆਈ.ਈ. ਰਿਪੋਰਟ)। ਸੰਸਾਰ ਬੈਂਕ ਦੇ ਇਕ ਬੁਲਾਰੇ ਡੇਵਿਡ ਮਲਪਸ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਸੰਸਾਰ ਆਰਥਿਕਤਾ ਮੰਦੀ ਕਿਨਾਰੇ 'ਤੇ ਖੜ੍ਹੀ ਹੈ (223-24)। ਸੰਸਾਰ ਵਿਕਾਸ ਵਾਧਾ ਦਰ ਇਸ ਸਾਲ 1.7 ਫੀਸਦੀ ਹੀ ਵਧੇਗੀ, ਜਿਸ ਲਈ ਪਹਿਲਾ 3 ਫੀਸਦੀ ਵੱਧਣ ਦੀ ਆਸ ਕੀਤੀ ਜਾਂਦੀ ਹੈ। ਇਹ ਵੀ ਕਿਹਾ ਕਿ ਯੂਕਰੇਨ-ਰੂਸ ਜੰਗ ਅਤੇ ਦੁਨੀਆਂ ਵਿਚ ਬੈਂਕਾਂ ਦੀਆਂ ਵੱਧੀਆਂ ਉੱਚੀਆਂ ਵਿਆਜ ਦਰਾਂ ਅਤੇ ਆਵਾਮ ਦੀ ਉਪਜੀਵਿਕਾ ਲਈ ਪ੍ਰਾਪਤੀ ਦਰ ਮੱਧਮ ਹੋਣਾ ਇਸ ਲਈ ਮੁੱਖ ਕਾਰਨ ਹੈ। ਭਾਰਤ ਦੀ ਵਿਕਾਸ ਦਰ 6 ਫੀਸਦੀ ਦੇ ਨਜ਼ਦੀਕ ਰਹਿਣ ਦੀ ਆਸ ਹੈ, ਜੋ 2022 ਵਿਚ 5.2 ਫੀਸਦੀ ਸੀ। ਜਦਕਿ ਕੀਮਤਾਂ ਵਿਚ ਸਿੱਧਾ ਵਾਧਾ ਜੋ 7.6 ਫੀਸਦੀ ਟੀਸੀ 'ਤੇ ਪੁੱਜਿਆ ਹੈ। ਮੁਦਰਾ ਸਫੀਤੀ (ਇਨਫੇਲਿਸ਼ਨ) ਦਰਾਂ 'ਚ ਵਾਧੇ ਤੋਂ ਸਾਰੇ ਕੇਂਦਰੀ ਬੈਂਕ ਵੀ ਤੈਹਿਕੇ ਹੋਏ ਹਨ। ਵਿਆਜ ਦਰਾਂ ਹੇਠਾਂ ਨਹੀਂ ਆ ਰਹੀਆਂ ਹਨ, ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ। ਖਪਤਕਾਰਾਂ 'ਤੇ ਪੈ ਰਿਹਾ ਭਾਰ ਅਤੇ ਵੱਧ ਰਹੀ ਮਹਿੰਗਾਈ ਲੋਕਾਂ ਨੂੰ 8 ਕਰੋੜ ਨੌਕਰੀਆਂ ਦੇਣੀਆਂ ਕੀ ਮੋਦੀ ਸਰਕਾਰ ਦਾ ਫਿਰ ਇਕ ਚਮਤਕਾਰ ਹੀ ਹੋਵੇਗਾ?

ਆਉ! ਜ਼ਰਾਂ ਦੇਖੀਏ ਪਿਛਲੇ 7 ਸਾਲਾਂ ਦੀ ਮੋਦੀ ਸਰਕਾਰ ਦੀਆਂ ਆਰਥਿਕ-ਖੇਤਰ ਅੰਦਰ ਰੁਜ਼ਗਾਰ ਦੀਆਂ ਪ੍ਰਾਪਤੀਆਂ ਦੀ ਸਮੁੱਚੀ ਤਸਵੀਰ। ਇਨ੍ਹਾਂ ਸਾਲਾਂ ਦੌਰਾਨ 37 ਲੱਖ ਛੋਟੇ ਕਾਰੋਬਾਰੀ ਡੁੱਬ ਗਏ ਹਨ। ਮੋਦੀ ਸਰਕਾਰ ਦੀਆਂ ਲੋਕ ਵਿਰੋਧੀ, ਦੇਸ਼ ਵਿਰੋਧੀ ਅਤੇ ਕਿਰਤੀ ਵਿਰੋਧੀ ਨੀਤੀਆਂ-ਨੋਟ ਬੰਦੀ, ਜੀ.ਐੱਸ.ਟੀ., ਕਾਲਾ ਧੰਨ, ਬਾਹਰ ਕਢਵਾਉਣ, ਅੰਨ੍ਹੇਵਾਹ ਨਿੱਜੀਕਰਨ ਅਤੇ ਕੋਵਿਡ-19 ਲੌਕਡਾਊਨ ਦੌਰਾਨ ਅਪਣਾਈਆਂ ਨੁਕਸਦਾਰ ਨੀਤੀਆਂ ਦੇ ਸਿੱਟੇ ਸਬੰਧੀ ਪੇਸ਼ ਹੋਈ ਐੱਨ.ਐੱਸ.ਐੱਸ. ਦੇ 67ਵੇਂ ਅਤੇ 73ਵੇਂ ਰਾਊਂਡ ਦੇ ਸਰਵੇਖਣ ਦੀ ਰਿਪੋਰਟ ਅਤੇ ਏ.ਐੱਸ.ਯੂ. ਐੱਸ.ਈ. 2021-2022 ਅਤੇ ਸਾਲ 2022-23 ਦੇ ਅੰਕੜਿਆਂ ਦੀ ਤੁਲਣਾ ਕਰੀਏ, ਤਾਂ ਇਹ ਸਾਬਤ ਹੁੰਦਾ ਹੈ ਕਿ ਵੱਡਾ ਝੱਟਕਾ ਇਨਕਾਰਪੋਰੇਟੇਡ ਸੈਕਟਰ ਨੂੰ ਲੱਗਾ ਸੀ। ਸਨਅਤੀ ਪੈਦਾਵਾਰ ਸੈਕਟਰ ਅੰਦਰ ਇਨ੍ਹਾਂ 7 ਸਾਲਾਂ ਅੰਦਰ ਕਰੀਬ 9.3 ਫੀਸਦੀ ਇਕਾਈਆਂ, 37 ਲੱਖ ਛੋਟੇ ਕਾਰੋਬਾਰੀ ਅਤੇ 1.34 ਕਰੋੜ ਤੋਂ ਵਧ ਕਿਰਤੀ ਬੇਕਾਰ ਹੋਏ। ਇਹ ਅੰਕੜੇ ਪੈਦਾਵਾਰੀ, ਟਰੇਡ ਅਤੇ ਸਰਵਿਸ ਸੈਕਟਰ ਨਾਲ ਸਬੰਧਤ ਦੱਸੇ ਜਾਂਦੇ ਹਨ। ਅਜਿਹੇ ਇਕੱਲੇ ਪੈਦਾਵਾਰੀ ਖੇਤਰ ਦੀਆਂ 18 ਲੱਖ ਇਕਾਈਆਂ ਬੰਦ ਹੋ ਗਈਆਂ ਅਤੇ 54 ਲੱਖ ਕਿਰਤੀ ਬੇਕਾਰ ਹੋ ਗਏ ਸਨ। ਇਨਕਾਰਪੋਰੇਟੇਡ ਸੈਕਟਰ ਅੰਦਰ ਸਤੰਬਰ, 2023 ਦੌਰਾਨ ਦੇਸ਼ ਦੇ ਪੈਦਾਵਾਰੀ ਅਦਾਰਿਆਂ ਅਧੀਨ ਲਗਪਗ 17.82 ਕਰੋੜ ਅਨਕਾਰਪੋਰੇਟੇਡ ਇਕਾਈਆਂ ਕੰਮ ਕਰਦੀਆਂ ਸਨ। ਜੁਲਾਈ 2015 ਤੋਂ ਜੂਨ-2016 ਦੌਰਾਨ ਇਨ੍ਹਾਂ ਦੀ ਗਿਣਤੀ 19.70 ਕਰੋੜ ਸੀ। ਭਾਵ 7 ਸਾਲਾਂ ਦੌਰਾਨ ਲਗਪਗ 9.3 ਫੀਸਦੀ ਇਕਾਈਆਂ ਬੰਦ ਹੋ ਗਈਆਂ। ਇਸ ਤਰ੍ਹਾਂ ਇਨ੍ਹਾਂ ਅਦਾਰਿਆਂ ਅੰਦਰ ਕੰਮ ਕਰਨ ਵਾਲੇ ਕਿਰਤੀਆਂ ਦੀ ਗਿਣਤੀ 15 ਫੀਸਦੀ ਘੱਟ ਗਈ, ਜੋ ਸਾਲ 2015-16 ਤੱਕ 3.60 ਕਰੋੜ ਸੀ, ਤੇ ਸਾਲ 2022-23 ਤੱਕ 2.06 ਕਰੋੜ ਤੱਕ ਰਹਿ ਗਈ। ਭਾਵ ਇਸ ਸੈਕਟਰ ਅੰਦਰ ਵੀ 54 ਲੱਖ ਕਿਰਤੀ ਵਿਹਲੇ ਹੋ ਗਏ ਸਨ।

ਭਾਵੇਂ ਕਿ ਇਨ੍ਹਾਂ 5 ਸਾਲਾਂ ਦੌਰਾਨ ਸਕਿੱਲ ਇੰਡੀਆ ਮਿਸ਼ਨ ਅਧੀਨ 15 ਹਜ਼ਾਰ ਕਰੋੜ ਦਾ ਭੁਗਤਾਨ ਵੀ ਹੋਇਆ। ਪਰ ਲਾਭ ਕੇਵਲ 83 ਫੀਸਦੀ ਨੌਜਵਾਨਾਂ ਨੂੰ ਹੀ ਹੋਇਆ। ਏ.ਐੱਸ.ਯੂ. ਐੱਸ.ਈ. ਦੀ ਸਾਲ 2021-22 ਅਤੇ 2022-23 ਦੀ ਰਿਪੋਰਟ ਅਨੁਸਾਰ ਇਸ ਸੈਕਟਰ ਅੰਦਰ ਕੰਮ ਕਰਦੇ ਉਦਮੀਆਂ ਅਤੇ ਅਨਕਾਰਪੋਰੇਟੇਡ ਸੈਕਟਰ ਦੇ ਇੰਟਰਪ੍ਰਾਈਜ਼ਿਜ ਦੀ ਸਾਲ 2015-16 ਦੀ ਕੌਮੀ ਸੰਖਿਆ ਵਿਭਾਗ ਦੀ ਤੁਲਨਾ ਦੀ ਹੀ ਉਪਰੋਕਤ ਤਸਵੀਰ ਹੈ। ਸਾਲ 2021-22 ਅਤੇ 2022-23 ਦੀ ਜੇਕਰ ਤੁਲਨਾ ਕੀਤੀ ਜਾਵੇ, ਤਾਂ ਕਾਰੋਬਾਰੀ ਇਕਾਈਆਂ ਅਤੇ ਇਨ੍ਹਾਂ ਅੰਦਰ ਮਿਲੇ ਰੁਜ਼ਗਾਰ ਜਾਂ ਕੰਮ ਕਰ ਰਹੇ ਕਿਰਤੀਆਂ ਦੀ ਗਿਣਤੀ ਵਿਚ ਭਾਵੇਂ ਵਾਧਾ ਤਾਂ ਹੋਇਆ। ਪਰ ਇਹ ਸਰਵੇਖਣ ਪਹਿਲੇ 5 ਸਾਲਾਂ ਤੱਕ ਹੀ ਹੋਇਆ। ਜੋ ਆਖਰੀ ਵਾਰ ਐੱਨ.ਐੱਸ.ਐੱਸ. ਦੇ 73ਵੇਂ ਰਾਊਂਡ ਦੇ ਸਰਵੇਖਣ ਦੀ ਹੀ ਰਿਪੋਰਟ ਕੀਤੀ ਗਈ। ਫਿਰ ਇਸ ਨੂੰ 2019-20 ਤੋਂ ਹੀ ਸਾਲਾਨਾ ਮੰਨਣਾ ਸ਼ੁਰੂ ਕਰ ਦਿੱਤਾ। ਕੌਮੀ ਸਰਵੇਖਣ (ਐੱਨ.ਐੱਸ.ਐੱਸ.) ਦੀ 67ਵੀਂ ਅਤੇ 73ਵੀਂ ਰਾਊਂਡ ਦੀ ਸਰਵੇਖਣ ਰਿਪੋਰਟ ਅਤੇ ਏ.ਐੱਸ.ਯੂ. ਐੱਸ.ਈ. ਦੀ ਸਾਲ 2021-22 ਅਤੇ ਸਾਲ 2022-23 ਦੇ ਅੰਕੜਿਆਂ ਦੀ ਤੁਲਣਾ ਕਰਨ 'ਤੇ ਪਤਾ ਚਲਦਾ ਹੈ ਕਿ ਨੋਟ-ਬੰਦੀ, ਜੀ.ਐੱਸ.ਟੀ. ਅਤੇ ਕੋਵਿਡ-19 ਲੌਕਡਾਊਨ ਦੇ ਚੱਲਦਿਆਂ ਇਨਕਾਰਪੋਰੇਟੇਡ ਸੈਕਟਰ ਨੂੰ ਦੋਨੋਂ ਤਰ੍ਹਾਂ ਵੱਡਾ ਝਟਕਾ ਲੱਗਾ ਸੀ।

ਕੌਮਾਂਤਰੀ ਕਿਰਤ ਸੰਸਥਾ ਦੀ ਬੇਰੁਜ਼ਗਾਰੀ ਸਬੰਧੀ ਰਿਪੋਰਟ ਜਿਹੜੀ 18ਵੀਆਂ ਲੋਕ ਸਭਾ ਚੋਣਾਂ ਦੌਰਾਨ ਆਈ ਹੈ, ਦੇ ਅਨੁਸਾਰ 10 ਸਾਲਾਂ ਅੰਦਰ 6 ਫੀਸਦੀ ਪੜ੍ਹੇ-ਲਿਖੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਹੋਰ ਵੱਧੀ ਹੈ। ਕਿਰਤ ਬਾਜ਼ਾਰ ਅੰਦਰ ਨੌਜਵਾਨ ਜਿਹੜੇ ਰੁਜ਼ਗਾਰ ਦੀ ਤਲਾਸ਼ ਵਿਚ ਸਨ, ਜਿਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਿਆ, ਉਨ੍ਹਾਂ ਦੀ ਗਿਣਤੀ 'ਚ 83 ਫੀਸਦੀ ਵਾਧਾ ਹੋਇਆ ਹੈ। ਸਾਲ 2015-16 ਤੋਂ 2021-22 ਵਿਚਕਾਰ ਇਨਕਾਰਪੋਰੇਟੇਡ ਇਕਾਈਆਂ ਦੀ ਗਿਣਤੀ 30 ਲੱਖ ਤੋਂ ਵੱਧ ਸੀ। ਉਹ ਬੰਦ ਹੋਣ ਨਾਲ 1.30 ਕਰੋੜ ਕਿਰਤੀ ਵਿਹਲੇ ਹੋਏ ਸਨ। ਇਹ ਉਹ ਦੌਰ ਹੀ ਸੀ, ਜਿਸ ਸਮੇਂ ਨੋਟ ਬੰਦੀ, ਜੀ.ਐੱਸ.ਟੀ., ਕੋਵਿਡ-19 ਲੌਕ-ਡਾਊਨ ਹੋਇਆ ਅਤੇ ਕਿਰਤੀਆਂ ਨੂੰ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਿਆ ਸੀ। ਕਿਰਤ ਕਾਨੂੰਨਾਂ ਅਤੇ ਸਨਅਤੀ ਕਾਨੂੰਨਾਂ ਅਧੀਨ ਇਨ੍ਹਾਂ ਅਦਾਰਿਆਂ ਨੂੰ ਕਾਨੂੰਨੀ ਰੂਪ ਵਿਚ ਆਜ਼ਾਦਾਨਾਂ ਇਕਾਈਆਂ ਵੱਜੋਂ ਨਹੀਂ ਸਮਝਿਆ ਜਾਂਦਾ ਰਿਹਾ ਹੈ। ਪਰ ਇਹ ਬਿਨ੍ਹਾਂ ਆਗਿਆ ਵਰਜਿਤ ਤੌਰ 'ਤੇ ਕੰਮ ਕਰਨ ਵਾਲਾ ਛੋਟਾ ਕਾਰੋਬਾਰੀ ਹੁੰਦਾ ਹੈ, ਜਿਸ ਨੂੰ ਇਕੱਲਾ ਜਾਂ ਮਿਲ ਕੇ ਚਲਾਉਂਦਾ ਹੈ। ਸਕਿੱਲ ਇੰਡੀਆ ਮਿਸ਼ਨ ਅਧੀਨ 5 ਸਾਲਾਂ 'ਚ 15,000 ਕਰੋੜ ਰੁਪਏ ਦਾ ਭੁਗਤਾਨ ਹੋਇਆ। ਸਹਾਇਤਾ ਪ੍ਰਾਪਤ ਕਰਨ ਵਾਲੇ ਅਨਸਕਿੱਲਡ, ਅਰਧ-ਸਕਿੱਲਡ, ਕੁਸ਼ਲ, ਡਿਗਰੀ, ਟੈਕਨੀਕਲ ਡਿਪਲੋਮਾ ਤੇ ਡਿਗਰੀ ਪ੍ਰਾਪਤ ਗ੍ਰੈਜੂਏਟ ਲੋਕਾਂ ਨੂੰ ਕੋਈ ਰੁਜ਼ਗਾਰ ਨਹੀਂ ਮਿਲਿਆ। 75 ਫੀਸਦੀ ਇਹ ਬੇਰੁਜ਼ਗਾਰ ਕੰਮ ਸਬੰਧੀ ਈ-ਮੇਲ ਭੇਜਣ ਤੋਂ ਵੀ ਅਸਮਰਥ ਸਨ (ਆਈ.ਐੱਲ.ਓ.)। ਸਕਿੱਲ ਇੰਡੀਆ ਮਿਸ਼ਨ-2015 ਸਬੰਧੀ ਰਾਜਸਭਾ ਅੰਦਰ ਰਾਜ-ਮੰਤਰੀ ਰੰਜੀਵ ਚੰਦਰ ਸ਼ੇਖਰ ਨੇ ਐੱਮ.ਐੱਸ.ਡੀ.ਈ. ਅਧੀਨ (ਕੁਸ਼ਲ ਵਿਕਾਸ ਤੇ ਕੰਮਕਾਰ ਮੰਤਰਾਲੇ) ਪਿਛਲੇ ਸਾਲਾਂ 'ਚ 15,192.79 ਕਰੋੜ ਰੁਪਏ ਵੰਡੇ ਗਏ, ਇਕ ਸਵਾਲ ਦੇ ਉਤਰ ਵਿਚ ਦੱਸਿਆ ਸੀ।

ਕੇ.ਵੀ.ਵਾਈ. ਅਧੀਨ ਭਾਵੇਂ ਅਸੀਂ ਦੇਸ਼ ਦੀ ਅਰਥ-ਵਿਵਸਥਾ ਦੀ ਵਧੀਆ ਤਸਵੀਰ ਪੇਸ਼ ਕਰ ਰਹੇ ਹਾਂ। ਪਰ ਅਰਧ-ਕੁਸ਼ਲ, ਕੁਸ਼ਲ, ਡਿਪਲੋਮਾ ਅਤੇ ਡਿਗਰੀ ਪ੍ਰਾਪਤ ਨੌਜਵਾਨਾਂ ਨੂੰ ਸਾਲ 2017-18 'ਚ 35.4-ਫੀਸਦੀ, 2022-23 'ਚ 28 ਫੀਸਦੀ ਰੁਜ਼ਗਾਰ ਹੀ ਦੇ ਸਕੇ। ਸਾਲ 2016-17 ਦੌਰਾਨ ਕਿਰਤ ਸ਼ਕਤੀ 'ਚ ਨੌਜਵਾਨ ਦੀ ਹਿੱਸੇਦਾਰੀ ਕੇਵਲ 25 ਫੀਸਦੀ ਸੀ ਅਤੇ ਉਹ ਸਾਲ 2022-23 ਵਿਚ 17 ਫੀਸਦੀ ਹੀ ਰਹਿ ਗਈ। ਬੀ.ਜੇ.ਪੀ. ਨੇ ਆਪਣੇ 2014 ਤੇ 2019 ਦੇ ਚੋਣ-ਪੱਤਰ ਅੰਦਰ ਰੁਜ਼ਗਾਰ ਪੈਦਾ ਕਰਨਾ, ਰੁਜ਼ਗਾਰ ਵਧਾਉਣਾ ਅਤੇ ਸਨਅਤੀ ਪੈਦਾਵਾਰ ਵਧਾਉਣੀ, ਮਕਾਨਾਂ ਦੀ ਉਸਾਰੀ ਕਰਕੇ ਬੇਰੁਜ਼ਗਾਰੀ ਦੂਰ ਕਰਨੀ। ਪਰ ਸਾਲ 2017-18 'ਚ ਬੇਰੁਜ਼ਗਾਰੀ ਦਰ ਜੋ 5.36-5.33 ਸੀ, ਵਧ ਕੇ 9.2 ਫੀਸਦੀ (ਜੂਨ 2024 ਤੱਕ) ਪੁੱਜ ਗਈ ਹੈ। ਕਿਰਤ ਸ਼ਕਤੀ ਜੋ 20.8 ਫੀਸਦੀ ਸੀ, ਹੁਣ 4.6 ਫੀਸਦੀ ਹੀ ਰਹਿ ਗਈ ਹੈ। ਸੈਂਟਰ ਫਾਰ ਮੋਨਟ੍ਰਿੰਗ ਇੰਡੀਅਨ ਇਕੋਨੋਮੀ (ਸੀ.ਐੱਮ.ਆਈ.ਈ.) ਦੀ ਇਕ ਰਿਪੋਰਟ ਅਨੁਸਾਰ ਬੇਰੁਜ਼ਗਾਰੀ ਅੰਕੜੇ ਜੋ ਸਰਕਾਰ ਦੱਸ ਰਹੀ ਹੈ, ਉਹ ਦਰੁੱਸਤ ਨਹੀਂ ਸਨ। ਮੋਦੀ ਸਰਕਾਰ ਨੇ ਸਾਲਾਨਾ ਬੇਰੁਜ਼ਗਾਰੀ ਸਰਵੇਖਣ ਉਤੇ ਹੁਣ 2017-18 ਤੋਂ ਪੋਚਾ ਹੀ ਫੇਰ ਦਿੱਤਾ ਹੈ। ਆਰਥਿਕ ਮਾਹਰਾਂ ਅਨੁਸਾਰ ਖੁਦ-ਰੁਜ਼ਗਾਰ ਅਨ-ਪੇਡ ਹੈਲਪਰ ਜੋ ਘਰਾਂ 'ਚ ਕੰਮ ਕਰਦੇ ਹਨ, ਉਨ੍ਹਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਉਨ੍ਹਾਂ ਦੀ ਗਿਣਤੀ ਜੋ 2013-14 ਵਿਚ 49.5 ਫੀਸਦੀ ਸੀ, 2022-23 'ਚ ਵੱਧ ਕੇ 57.3 ਫੀਸਦੀ ਹੋ ਗਈ ਹੈ। ਤਨਖਾਹਦਾਰ ਕੰਮ ਨਾ ਮਿਲਣ ਕਰਕੇ ਹੁਣ ਇਹ ਰੁਜ਼ਗਾਰ ਪ੍ਰਾਪਤ ਇਸ ਸਮੇਂ ਦੌਰਾਨ 23.1 ਫੀਸਦੀ ਤੋਂ ਘੱਟ ਕੇ 20.9 ਫੀਸਦੀ ਰਹਿ ਗਏ ਹਨ।

ਢਾਂਚਾਗਤ ਰੁਜ਼ਗਾਰ ਜੋ 2011-12 ਵੇਲੇ 10.6 ਫੀਸਦੀ ਸੀ, ਉਹ 2022-23 ਤੱਕ ਸਿਰਫ਼ 13 ਫ਼ੀਸਦੀ ਹੀ ਪੁੱਜਿਆ। (ਕੌਮੀ ਸੈਂਪਲ ਸਰਵੇਖਣ)। ਇਸ ਵੇਲੇ ਢਾਂਚਾਗਤ ਸੈਕਟਰ ਵਿਚ 7 ਕਰੋੜ ਕਿਰਤੀ ਕੰਮ ਕਰਦੇ ਹਨ, ਜੋ ਸਾਲ 2030 ਤੱਕ 10 ਕਰੋੜ ਤੱਕ ਪੁੱਜ ਜਾਣਗੇ। ਇਹ ਬਹੁਤ ਹੀ ਹੇਠਲੇ ਨਿਰਖ ਦਾ ਕੰਮ ਹੈ, ਜਿਨ੍ਹਾਂ ਵਿਚ 83 ਫੀਸਦੀ ਕਾਮੇ ਦਿਹਾੜੀਦਾਰ, 11 ਫੀਸਦੀ ਖੁਦ ਕੰਮ ਕਰਨ ਵਾਲੇ, ਜਿਨ੍ਹਾਂ ਨੂੰ ਕੋਈ ਵੀ ਸਮਾਜਿਕ ਸੁਰੱਖਿਆ ਪ੍ਰਾਪਤ ਨਹੀਂ ਹੈ। ਹਾਂ, ਖੇਤੀਬਾੜੀ ਤੇ ਅਲਾਈਡ ਸੈਕਟਰ ਵਿਚ ਕੰਮ ਵੱਧਿਆ ਹੈ। ਕੋਵਿਡ-19 ਦੌਰਾਨ ਹੀ ਇਹ ਸੈਕਟਰ ਜਿਥੇ ਅਨਾਜ ਪੈਦਾ ਕਰਦਾ ਸੀ, ਰੁਜ਼ਗਾਰ ਵੀ ਦਿੰਦਾ ਰਿਹਾ। ਖੇਤੀ ਸੈਕਟਰ ਅੰਦਰ 2014-15 ਵੇਲੇ ਰੁਜ਼ਗਾਰ 48.9 ਫੀਸਦੀ ਸੀ, ਪਰ ਮੋਦੀ ਰਾਜ ਅੰਦਰ 2018-19 ਵੇਲੇ 42.5 ਫੀਸਦੀ ਅਤੇ ਸਾਲ 2021-22 ਵੇਲੇ 45.5 ਫੀਸਦੀ ਹੀ ਰਹਿ ਗਿਆ। ਵਾਧਾ ਦਰ ਖੜੋਤ ਵਲ ਹੈ, ਮੋਦੀ ਰਾਜ ਅੰਦਰ ਢਾਂਚਾਗਤ ਅਤੇ ਖੇਤੀ 'ਚ ਕੇਵਲ ਨਿਗੁਣਾ 0.9 ਅਤੇ 0.2 ਫੀਸਦੀ ਹੀ ਵਾਧਾ ਹੋਇਆ ਹੈ। ਸਗੋਂ 2011-12 ਤਦੋਂ 2018-19 (ਖੋਜ ਪੇਪਰ 2020) ਆਰਥਿਕ ਸਰਵੇਖਣ 2022-23 ਅਨੁਸਾਰ ਵੇਜ਼ ਵਾਧਾ ਸੁੰਗੜਿਆ, ਖਾਸ ਕਰਕੇ ਪੇਂਡੂ ਖੇਤਰ ਅੰਦਰ ਨਾਂਹ ਪੱਖੀ ਰਿਹਾ। ਸਗੋਂ ਬੇਰੁਜ਼ਗਾਰੀ ਦਰ (ਕੰਮ ਦੇ ਘੰਟੇ ਘੱਟਣ ਕਾਰਨ) ਜੋ 2013-14 'ਚ 5.22-5.44 ਫੀਸਦੀ ਸੀ, 2018-19 'ਚ 5.33-5.27 ਅਤੇ ਸਾਲ 2023-ਜਨਵਰੀ 2024 ਤੱਕ ਹੋਰ ਵੱਧ ਕੇ 8.993-6.57 ਫੀਸਦੀ ਪੁੱਜ ਗਈ (ਸੀ.ਐੱਮ.ਆਈ.ਈ.)। ਕਾਰਨ ਵਿੱਤੀ ਸੰਕਟ, ਨੋਟ-ਬੰਦੀ, ਜੀ.ਐੱਸ.ਟੀ., ਕੋਵਿਡ-19 ਲੌਕਡਾਊਨ, ਮੁਦਰਾ-ਸਫੀਤੀ ਦਬਾਅ, ਬੇਰੁਜ਼ਗਾਰੀ ਆਦਿ ਸਭ 'ਤੇ ਮਾੜੀ ਆਰਥਿਕਤਾ ਦਾ ਪ੍ਰਭਾਵ।

ਦੇਸ਼ ਦੀ ਕਿਰਤ ਸ਼ਕਤੀ ਦੀ ਰੁਜ਼ਗਾਰ ਅੰਦਰ ਵਿਵਸਥਾ ਬਹੁਤ ਤਸੱਲੀਜਨਕ ਹਾਲਤ ਵਾਲੀ ਨਹੀਂ ਹੈ। ਸਗੋਂ ਹਾਕਮਾਂ ਦੀਆਂ ਪੂੰਜੀਵਾਦੀ, ਕਾਰਪੋਰੇਟੀ, ਉਦਾਰੀਵਾਦੀ ਤੇ ਫਿਰਕੂ ਨੀਤੀਆਂ ਕਾਰਨ ਬੇਰੁਜ਼ਗਾਰ ਨੌਜਵਾਨਾਂ ਵਿਚ ਬੇਰੁਜ਼ਗਾਰੀ ਦਰ 83 ਫੀਸਦੀ, ਪੜ੍ਹੇ-ਲਿਖੇ ਨੌਜਵਾਨਾਂ 'ਚ 35.2 ਫੀਸਦੀ ਸੀ, ਜੋ ਹੁਣ ਵੱਧ ਕੇ ਸਾਲ 2022 ਦੇ ਅੰਤ 'ਚ 65.7 ਫੀਸਦੀ ਪੁੱਜ ਗਈ (ਕੌਮਾਂਤਰੀ ਕਿਰਤ ਸੰਸਥਾ, ਕੌਮਾਂਤਰੀ ਮਨੁੱਖੀ ਇੰਡੈਕਸ-2023 ਰਿਪੋਰਟ)। ਭਾਰਤ ਦੀ ਕਿਰਤ ਮੰਡੀ ਵਿਚ 'ਨੋਟ-ਬੰਦੀ, ਜੀ.ਐੱਸ.ਟੀ., ਕੋਵਿਡ-19 ਲੌਕਡਾਊਨ ਦੇ ਸਮੇਂ ਦੌਰਾਨ ਸਭ ਤੋਂ ਵੱਧ ਮਾਰ ਰਸਮੀ, ਗੈਰ-ਰਸਮੀ ਖੇਤਰ, ਖੇਤੀ ਖੇਤਰ, ਸਨਅਤੀ ਖੇਤਰ ਦੇ ਸ਼ਹਿਰੀ ਅਤੇ ਪੇਂਡੂ ਰੁਜ਼ਗਾਰ ਨੂੰ ਪਈ। ਅਜੇ ਤੱਕ ਵੀ ਕਿਰਤ-ਸ਼ਕਤੀ ਅਤੇ ਰੁਜ਼ਗਾਰ ਦੀ ਹਾਲਤ ਬਹੁਤ ਤਰਸਯੋਗ ਤੇ ਉਭਰ ਨਹੀਂ ਸਕੀ ਹੈ। ਉਜਰਤਾਂ ਜਾਂ ਤਾਂ ਬਹੁਤ ਘੱਟ ਹਨ ਜਾਂ ਰੇਟ ਹੇਠਾਂ ਚਲੇ ਗਏ ਹਨ। ਸਮਾਜਿਕ ਸੁਰੱਖਿਆ, ਉਜਰਤ-ਢਾਂਚਾ, ਉਜਰਤਾਂ ਨੂੰ ਸੋਧਣਾ, ਕੰਮ ਦੀਆਂ ਹਾਲਤਾਂ ਸਭ ਤਸੱਲੀਜਨਕ ਨਹੀਂ ਕਹੀਆਂ ਜਾ ਸਕਦੀਆਂ ਹਨ (ਭਾਰਤੀ ਸੁਸਾਇਟੀ ਕਿਰਤ-ਆਰਥਿਕਤਾ-(ਆਈ.ਐੱਸ.ਈ.ਈ.), ਕਿਰਤ ਸ਼ਕਤੀ ਹਿਸੇਦਾਰੀ (ਐੱਲ.ਐਫ.ਪੀ.ਆਰ.), ਪ੍ਰੋਡੱਕਟਿਵ ਕਿਰਤ ਸ਼ਕਤੀ ਸਰਵੇਖਣ (ਡੀ.ਐੱਲ.ਐੱਫ.ਐੱਸ.) 2000-22 ਰਿਪੋਰਟਾਂ। ਸਭ ਤੋਂ ਵੱਧ ਸ਼ੋਸ਼ਣ ਇਸਤਰੀ ਕਾਮੇ ਦਾ ਹੋ ਰਿਹਾ ਹੈ, ਰਿਪੋਰਟਾਂ ਦੱਸਦੀਆਂ ਹਨ।

ਕੇਂਦਰ ਦੇ ਸਰਕਾਰੀ ਅਦਾਰਿਆ ਵਿਚ 48 ਲੱਖ ਮੁਲਾਜ਼ਮ, ਪੀ.ਐੱਸ.ਯੂ. ਵਿਚ 10 ਲੱਖ ਮੁਲਾਜ਼ਮ, ਬੈਂਕਾਂ 'ਚ 8 ਲੱਖ, ਰਾਜ ਸਰਕਾਰਾਂ ਦੇ ਕੁੱਲ ਮੁਲਾਜਮ 1 ਕਰੋੜ, 32 ਲੱਖ ਜੋ ਵੱਖ-ਵੱਖ ਆਸਾਮੀਆਂ 'ਤੇ ਤਾਇਨਾਤ ਹਨ (ਐੱਨ.ਐੱਸ.ਸੀ., ਗੁਗਲਜ਼-ਫਿਸਕਲ ਯੀਅਰ 2023-24)। ਕੇਂਦਰ ਸਰਕਾਰ ਦੀਆਂ ਮਾਰਚ 2023 ਤੱਕ ਖਾਲੀ ਆਸਾਮੀਆਂ 9,69,359 ਸਨ। ਕਿਰਤੀਆਂ ਦੀ ਦੇਸ਼ ਅੰਦਰ ਕਿਰਤੀ ਸ਼ਕਤੀ ਦੀ ਗਿਣਤੀ 47 ਕਰੋੜ, 66 ਲੱਖ (2021-22) ਹੈ, ਇਸ ਵਿਚੋਂ ਗੈਰਕੁਸ਼ਲ ਕਿਰਤੀ ਕੁੱਲ ਕਿਰਤ ਸ਼ਕਤੀ ਦਾ 80 ਫੀਸਦੀ ਹਿੱਸਾ ਅਤੇ ਕੁਸ਼ਲ ਕਿਰਤੀ ਦੀ ਗਿਣਤੀ 4.7 ਫੀਸਦੀ ਹੈ। (ਵਰਕਿੰਗ ਪੇਪਰ 31.03.2024 ਵਰਕਰਜ ਐਂਡ ਇੰਪਲਾਇਮੈਂਟ)। ਉਪਰੋਕਤ ਰਿਪੋਰਟਾਂ, ਸਰਵੇਖਣ ਅਤੇ ਪੇਪਰਾਂ ਦੇ ਅੰਕੜੇ ਤਾਂ ਇਹ ਹੀ ਦੱਸ ਰਹੇ ਹਨ ਕਿ ਫਿਸਕਲ ਸਾਲ 2017-18 ਤੋਂ 2023-24 ਤੱਕ ਹਾਕਮਾਂ ਦੀਆਂ ਨੁਕਸਦਾਰ ਨੀਤੀਆਂ ਕਾਰਨ ਕਰੋੜਾਂ ਕਿਰਤੀਆਂ ਦੇ ਰੁਜ਼ਗਾਰ ਖੁਸੇ ਹੀ ਹਨ। ਕਿਸੇ ਵੀ ਸਾਲ ਅੰਦਰ ਕਿਸੇ ਵੀ ਸੈਕਟਰ ਅੰਦਰ ਰੁਜ਼ਗਾਰ ਪੈਦਾ ਨਹੀਂ ਹੋਇਆ ਹੈ। ਰਹਿੰਦੀ-ਖੂੰਹਦੀ ਕਸਰ ਉਦਾਰੀਵਾਦੀ ਅਤੇ ਨਿੱਜੀਕਰਨ ਨੀਤੀਆਂ ਨੇ ਰੁਜ਼ਗਾਰ ਖਤਮ ਕਰਨ ਲਈ ਪੂਰੀ ਕਰ ਦਿੱਤੀ। ਫਿਰ ਜੇਕਰ ਮੋਦੀ ਦੀਆਂ ਨੀਤੀਆਂ ਨੇ ਫਿਸਕਲ ਸਾਲ 2017-18 ਤੋਂ 2023-24 ਦੇ ਕਿਸੇ ਵੀ 4 ਸਾਲਾਂ 'ਚ 8 ਕਰੋੜ ਰੁਜ਼ਗਾਰ ਪੈਦਾ ਕੀਤਾ ਹੈ, ਤਾਂ ਉਨ੍ਹਾਂ ਨੀਤੀਆਂ ਨੂੰ ਜਾਰੀ ਰੱਖਣ ਵਿਚ ਸਭ ਨੂੰ ਖੁਸ਼ੀ ਪ੍ਰਾਪਤ ਹੋਵੇਗੀ। ਨਹੀਂ ਤਾਂ ਪਿਛਲੇ ਜੁਮਲਿਆਂ ਵਿਚ ਇਕ ਹੋਰ ਵਾਧਾ ਹੋ ਜਾਵੇਗਾ, ਸਮਝਿਆ ਜਾਵੇਗਾ।

# ਲੋਕ ਚੇਤਿਆਂ 'ਚ ਵੱਸਦੀਆਂ ਤੀਆਂ



-ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185
ਪੰਜਾਬ ਮੇਲ USA



ਮੇਲੇ, ਤਿਉਹਾਰ ਤੇ ਉਤਸਵ ਜ਼ਿੰਦਗੀ ਵਿਚ ਰੰਗ ਭਰਦੇ ਆਏ ਹਨ, ਜ਼ਿੰਦਗੀ ਨੂੰ ਸ਼ਿੰਗਾਰਦੇ ਆਏ ਹਨ, ਜ਼ਿੰਦਗੀ ਜੀਉਣ ਦਾ ਉਤਸ਼ਾਹ ਵਧਾਉਂਦੇ ਆਏ ਹਨ ਤੇ ਜੀਵਨ ਨੂੰ ਜੀਉਣ ਜੋਗਾ ਬਣਾਉਂਦੇ ਆਏ ਹਨ। ਭਾਰਤ ਵਿਚ ਵਿਭਿੰਨ ਵੰਨਗੀਆਂ ਅਤੇ ਸੁਭਾਅ ਦੇ ਤਿਉਹਾਰ ਮਨਾਏ ਜਾਂਦੇ ਹਨ, ਜਿਹੜੇ ਸਿੱਧੇ-ਅਸਿੱਧੇ ਰੂਪ ਵਿਚ ਮਨੁੱਖ ਦੇ ਸਮੂਹਿਕ ਮਨੋਰੰਜਨ, ਵਿਸ਼ਵਾਸ ਅਤੇ ਵਿਕਾਸ ਦੀ ਭਾਵਨਾ ਨਾਲ ਜਾ ਜੁੜਦੇ ਹਨ। ਇਹ ਤਿਉਹਾਰ ਮਨੁੱਖੀ ਜ਼ਿੰਦਗੀ ਵਿਚ ਨਵੀਂ ਸਿਰਜਣਾ, ਉਤਸ਼ਾਹ, ਸ਼ਕਤੀ, ਉੱਦਮ ਅਤੇ ਨਵਾਂ ਉਮਾਹ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ। ਪੰਜਾਬ ਤਿਉਹਾਰਾਂ, ਨਾਚਾਂ, ਗੀਤਾਂ ਆਦਿ ਦੀਆਂ ਖ਼ੁਸ਼ੀਆਂ ਨੂੰ ਮਾਨਣ ਵਾਲਾ ਅਜਿਹਾ ਭੂ-ਭਾਗ ਹੈ, ਜਿੱਥੇ ਆਏ ਦਿਨ ਵਿਭਿੰਨ ਰੰਗ ਬਿਖੇਰਨ ਤੇ ਮਹਿਕਾਂ ਵੰਡਣ ਵਾਲਾ ਕੋਈ ਨਾ ਕੋਈ ਤਿਉਹਾਰ ਮਨਾਇਆ ਜਾਂਦਾ ਰਹਿੰਦਾ ਹੈ। ਇਸ ਰਾਂਗਲੀ ਧਰਤੀ ਉੱਤੇ ਵੱਖ-ਵੱਖ ਮੌਕਿਆਂ ਨਾਲ ਜੁੜੇ ਜਾਂ ਬਦਲ ਰਹੀ ਰੁੱਤ ਦੇ ਸਵਾਗਤ ਜਾਂ ਮੌਸਮ ਨੂੰ ਵਿਦਾ ਕਹਿਣ ਲਈ ਵੀ ਗਿੱਧੇ-ਭੰਗੜੇ ਪਾਏ ਜਾਂਦੇ ਹਨ ਤੇ ਗੀਤ ਗਾਏ ਜਾਂਦੇ ਹਨ। ਸਾਉਣ ਦਾ ਮਹੀਨਾ ਪੰਜਾਬੀ ਲੋਕ ਜੀਵਨ ਵਿਚ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦਾ ਹੈ। ਜੇਠ-ਹਾੜ ਦੀ ਕੜਾਕੇ ਦੀ ਗਰਮੀ ਪਿੱਛੋਂ ਇਸ ਮਹੀਨੇ ਦੌਰਾਨ ਪੈਣ ਵਾਲਾ ਮੀਂਹ ਖ਼ੁਸ਼ੀਆਂ ਦੀ ਫ਼ੁਹਾਰ (ਤੇ ਬਹਾਰ ਵੀ) ਲੈ ਕੇ ਆਉਂਦਾ ਹੈ। ਸਾਉਣ ਮਹੀਨੇ ਵਿਚ ਮਨਾਇਆ ਜਾਂਦਾ ਤੀਆਂ ਦਾ ਤਿਉਹਾਰ ਇੱਕ ਪ੍ਰਸਿੱਧ ਮੌਸਮੀ ਤਿਉਹਾਰ ਹੈ, ਜਿਸ ਨੂੰ ਮੁਟਿਆਰਾਂ ਰਲ-ਮਿਲ ਮਨਾਉਂਦੀਆਂ ਹਨ। ਇਹ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ (ਚਾਂਦਨੀ ਤੀਜ) ਤੋਂ ਸ਼ੁਰੂ ਹੁੰਦਾ ਹੈ ਤੇ ਪੰਦਰਾਂ ਦਿਨ ਚੱਲਦਾ ਰਹਿੰਦਾ ਹੈ। ਇਸੇ ਲਈ ਇਸ ਨੂੰ ਤੀਜਾਂ ਜਾਂ ਤੀਆਂ ਕਹਿ ਲਿਆ ਜਾਂਦਾ ਹੈ।

ਤੀਆਂ ਮਾਝਾ, ਮਾਲਵਾ ਤੇ ਦੋਆਬੇ ਵਿਚ ਮਨਾਇਆ ਜਾਣ ਵਾਲਾ ਹਰਮਨ-ਪਿਆਰਾ ਤਿਉਹਾਰ ਹੈ। ਪਿੰਡਾਂ ਵਿਚ ਕਿਸੇ ਨਿਵੇਕਲੀ ਅਤੇ ਖੁੱਲ੍ਹੀ ਥਾਂ 'ਤੇ ਪਿੱਪਲਾਂ, ਬੋਹੜਾਂ ਦੀਆਂ ਸੰਘਣੀਆਂ ਛਾਵਾਂ ਹੇਠ ਜਾਂ ਕਿਸੇ ਨਹਿਰ, ਢਾਬ, ਸੂਏ ਦੇ ਕੰਢੇ 'ਤੇ ਛਾਂ-ਦਾਰ ਰੁੱਖਾਂ ਹੇਠ ਇਕੱਠੀਆਂ ਹੋ ਕੇ ਜੁੜੀਆਂ ਮੁਟਿਆਰਾਂ ਗਿੱਧੇ ਦੇ ਪਿੜ ਵਿਚ ਨੱਚ-ਨੱਚ ਕੇ ਦੂਹਰੀਆਂ ਹੋ ਜਾਂਦੀਆਂ ਹਨ:

* ਆਉਂਦੀ ਕੁੜੀਏ, ਜਾਂਦੀ ਕੁੜੀਏ
ਚੁੱਕ ਲਿਆ ਬਜ਼ਾਰ ਵਿਚੋਂ ਝਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ
ਨੀ ਕਾਹਲੀ-ਕਾਹਲੀ ਪੈਰ ਪੁੱਟ ਲੈ...

-ਰਲ ਆਓ ਸਈਓ ਨੀਂ
ਸੱਭੇ ਤੀਆਂ ਖੇਡਣ ਜਾਈਏ
ਹੁਣ ਆ ਗਿਆ ਸਾਵਣ ਨੀਂ
ਪੀਂਘਾਂ ਪਿੱਪਲੀਂ ਜਾ ਕੇ ਪਾਈਏ
ਲੈ ਪੈਲਾਂ ਪਾਂਦੇ ਨੀਂ, ਬਾਗ਼ੀਂ ਮੋਰਾਂ ਸ਼ੋਰ ਮਚਾਇਆ
ਖਿੜ ਖਿੜ ਫੁੱਲਾਂ ਨੇ ਸਾਨੂੰ, ਮਾਹੀਆ ਯਾਦ ਕਰਾਇਆ।
ਮੈਂ ਅੱਥਰੂ ਡੋਲ੍ਹਾਂ ਨੀਂ, ਕੋਈ ਸਾਰ ਨਾ ਲੈਂਦਾ ਮੇਰੀ।
ਮੈਂ ਰੋ-ਰੋ ਮਰ ਗਈ ਨੀਂ,
ਜ਼ਿੰਦੜੀ ਆਣ ਗ਼ਮਾਂ ਨੇ ਘੇਰੀ।
ਰਲ ਆਓ ਸਈਓ ਨੀਂ...।

ਤੀਆਂ ਨੂੰ 'ਸਾਵੇ' ਵੀ ਕਹਿ ਲਿਆ ਜਾਂਦਾ ਹੈ। ਸਾਵੇ ਤੋਂ ਭਾਵ ਹੈ - ਹਰੇ-ਭਰੇ ਜਾਂ ਹਰਿਆਲੀ। 'ਸਾਵੇ' ਸ਼ਬਦ ਬੋਲ-ਚਾਲ ਵਿਚ ਸਹਿਜ ਤੇ ਸਰਲ ਹੈ। ਪੰਜਾਬ ਵਿਚ ਤੀਆਂ ਨੂੰ 'ਹਰਿਆਲੀ ਤੀਜ' ਵੀ ਕਹਿ ਲਿਆ ਜਾਂਦਾ ਹੈ। ਇਹ ਸ਼ਬਦ ਤੀਆਂ ਸ਼ਬਦ ਨਾਲੋਂ ਸੁਖਾਲਾ ਬੋਲਿਆ ਜਾ ਸਕਦਾ ਹੈ ਤੇ ਪਿਆਰਾ ਵੀ ਹੈ। ਹੋ ਸਕਦਾ ਹੈ ਕੁਝ ਹਾਲਤਾਂ ਵਿਚ ਲੋਕਾਂ ਨੇ ਇਸ ਸ਼ਬਦ ਨੂੰ ਇਸਦੇ ਇਨ੍ਹਾਂ ਗੁਣਾਂ ਕਾਰਨ ਹੀ ਅਪਣਾ ਲਿਆ ਹੋਵੇ। ਤੀਆਂ ਸ਼ਬਦ ਦਾ ਨਿਕਾਸ 'ਧੀਆਂ' ਤੋਂ ਹੋਇਆ ਮੰਨਿਆ ਜਾਂਦਾ ਹੈ। ਤੀਆਂ ਵਿਚ ਕੁੜੀਆਂ, ਨੂੰਹਾਂ, ਧੀਆਂ ਪਹਿਣ ਪੱਚਰ ਕੇ, ਹਾਰ-ਸ਼ਿੰਗਾਰ ਕਰ ਕੇ, ਬੜੇ ਚਾਵਾਂ ਨਾਲ ਇੱਕ ਦੂਜੀ ਨੂੰ ਤੀਆਂ ਦੇ ਪਿੜ ਵਿਚ ਪਹੁੰਚਣ ਲਈ ਹਾਕਾਂ ਮਾਰਦੀਆਂ ਹਨ। ਦਿਨ ਢਲੇ ਤੀਆਂ ਦੇ ਪਿੜ ਵਿਚ ਕੁੜੀਆਂ ਜੁੜਦੀਆਂ ਹਨ ਤੇ ਖ਼ੁਸ਼ੀਆਂ ਦਾ ਹੜ੍ਹ ਠਾਠਾਂ ਮਾਰਨ ਲੱਗ ਪੈਂਦਾ ਹੈ। ਮਹਿੰਦੀ ਰੰਗੇ ਹੱਥ ਗਿੱਧਾ ਪਾ-ਪਾ ਕੇ, ਨੱਚ-ਨੱਚ ਕੇ ਥੱਕਦੇ ਨਹੀਂ। ਨੱਚਣ ਵਾਲੀਆਂ ਦੀ ਜ਼ਮੀਨ 'ਤੇ ਅੱਡੀ ਨਹੀਂ ਟਿਕਦੀ ਤੇ ਗਾਉਣ ਵਾਲੀਆਂ ਕੋਲ ਗੀਤਾਂ ਦੇ ਭਰਪੂਰ ਤੇ ਅਮੁੱਕ ਭੰਡਾਰ ਹੁੰਦੇ ਹਨ। ਬੋਲੀਆਂ, ਲੋਕ ਗੀਤ, ਮਾਹੀਏ, ਟੱਪੇ, ਢੋਲੇ ਆਦਿ ਗਾਉਂਦੀਆਂ ਕੁੜੀਆਂ ਦੇ ਬੁੱਲ੍ਹ ਨਹੀਂ ਸੁੱਕਦੇ। ਇਨ੍ਹੀਂ ਦਿਨੀਂ ਸਹੁਰੇ ਗਈਆਂ, ਖਾਸ ਕਰ ਕੇ ਨਵ-ਵਿਆਹੀਆਂ ਕੁੜੀਆਂ ਨੂੰ ਪੇਕੇ ਘਰ ਲਿਆਇਆ ਜਾਂਦਾ ਹੈ, ਜਿੱਥੇ ਉਹ ਆਪਣੀਆਂ ਵਿਛੜੀਆਂ ਸਹੇਲੀਆਂ, ਭੈਣਾਂ, ਭਰਜਾਈਆਂ, ਚਾਚੀਆਂ, ਤਾਈਆਂ ਨੂੰ ਮਿਲਦੀਆਂ ਹਨ ਤੇ ਉਨ੍ਹਾਂ ਸਭ ਵਿਚ ਸ਼ਾਮਲ ਹੋ ਕੇ ਪਿੰਡ ਦੀਆਂ ਤੀਆਂ ਦਾ ਸ਼ਿੰਗਾਰ ਬਣਦੀਆਂ ਹਨ। ਉਹ ਆਪਣੇ ਦੁੱਖ-ਸੁੱਖ ਵੀ ਸਾਂਝੇ ਕਰਦੀਆਂ ਹਨ:

ਸਾਉਣ ਦਾ ਮਹੀਨਾ, ਤੀਜ ਦੀਆਂ ਤੀਆਂ ਜੀ
ਸਹੁਰਿਆਂ ਤੋਂ ਪੇਕਿਆਂ ਨੂੰ, ਆਈਆਂ ਧੀਆਂ ਜੀ
ਵਿਆਹੀਆਂ ਵਿਆਹੀਆਂ ਇੱਕ ਪਾਸੇ, ਹੋ ਕੇ ਬਹਿ ਗਈਆਂ
ਕੁਆਰੀਆਂ ਕੁਆਰੀਆਂ ਨੱਚਣ, ਡਹਿ ਗਈਆਂ
ਮੁੱਦਤਾਂ ਦੇ ਬਾਅਦ ਉਹ ਅੱਜ ਜੁੜੀਆਂ,
ਦੁੱਖ ਆਪੋ-ਆਪਣੇ ਸੁਣਾਉਣ ਕੁੜੀਆਂ।

ਇੱਕ ਲੋਕ ਵਿਸ਼ਵਾਸ ਅਨੁਸਾਰ ਸੱਜ ਵਿਆਹੀ ਕੁੜੀ ਦਾ ਆਪਣੇ ਵਿਆਹ ਤੋਂ ਪਿੱਛੋਂ ਆਉਣ ਵਾਲੇ ਪਹਿਲੇ ਸਾਉਣ ਦੇ ਮਹੀਨੇ ਵਿਚ ਆਪਣੀ ਸੱਸ ਦੇ ਮੱਥੇ ਲੱਗਣਾ ਚੰਗਾ ਨਹੀਂ ਹੁੰਦਾ। ਇਸ ਲਈ ਸੱਜ ਵਿਆਹੀ ਕੁੜੀ ਨੂੰ ਤੀਆਂ ਵਿਚ ਸ਼ਾਮਲ ਹੋ ਸਕਣ ਦਾ ਮੌਕਾ ਪ੍ਰਦਾਨ ਕਰਨ ਲਈ, ਸਾਉਣ ਮਹੀਨਾ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਸਹੁਰੇ ਘਰ ਤੋਂ ਪੇਕੇ ਘਰ ਲਿਆਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿਚ ਵਿਆਹ ਵਧੇਰੇ ਕਰਕੇ ਜੇਠ-ਹਾੜ ਦੇ ਮਹੀਨਿਆਂ ਵਿਚ ਹੁੰਦੇ ਸਨ। ਹਾੜ ਤੋਂ ਅਗਲਾ ਮਹੀਨਾ ਸਾਉਣ ਮਹੀਨਾ ਹੁੰਦਾ ਹੈ। ਸਹੁਰਿਆਂ ਦੇ ਘਰ ਪਰਿਵਾਰ ਬਾਰੇ ਦੱਸਣ ਦੀ ਉਤਸੁਕਤਾ ਨਵ-ਵਿਆਹੀ ਦੇ ਮਨ ਵਿਚ ਵੀ ਹੁੰਦੀ ਸੀ। ਨਿਸ਼ਚੇ ਹੀ ਪੇਕੇ ਘਰ ਛੇਤੀ ਜਾਣ ਦੀ ਉਸਦੀ ਤਾਂਘ ਪ੍ਰਬਲ ਹੋ ਜਾਂਦੀ ਹੋਵੇਗੀ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸੱਜ ਵਿਆਹੀਆਂ ਕੁੜੀਆਂ ਜੇ ਆਪਣੀਆਂ ਸੱਸਾਂ ਦੇ ਸੁਭਾਅ, ਉਨ੍ਹਾਂ ਦੇ ਵਿਵਹਾਰ 'ਤੇ ਉਨ੍ਹਾਂ ਦੀਆਂ ਵਧੀਕੀਆਂ ਤੋਂ ਤੰਗ ਆ ਜਾਂਦੀਆਂ ਸਨ, ਤਾਂ ਉਹ ਆਪਣੇ ਪੇਕਿਆਂ ਤੇ ਸਖੀਆਂ ਨੂੰ ਉਸ ਬਾਰੇ ਦੱਸਣ ਲਈ ਕਾਹਲੀਆਂ ਹੁੰਦੀਆਂ ਰਹੀਆਂ ਹੋਣਗੀਆਂ। ਪੇਕੇ ਆ ਕੇ ਕੁਝ ਕਹਿਣ-ਸੁਣਨ ਲਈ, ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਉਤਾਵਲੀਆਂ ਹੋਈਆਂ, ਉਹ ਪੇਕੇ ਘਰ ਆਉਣ ਦੀ ਇੱਛਾ ਰੱਖਦੀਆਂ ਸਨ। ਉਨ੍ਹਾਂ ਸਮਿਆਂ ਵਿਚ ਕਿਉਂ ਜੋ ਆਵਾਜਾਈ ਦੇ ਸਾਧਨ ਵੀ ਬਹੁਤੇ ਉਪਲਬਧ ਨਹੀਂ ਸਨ ਹੁੰਦੇ, ਇੰਜ ਉਹ ਪੂਰਾ ਮਹੀਨਾ ਪੇਕੇ ਘਰ ਗੁਜ਼ਾਰਦੀਆਂ ਸਨ। ਤੀਆਂ ਵਿਚ ਆਪਣੀਆਂ ਸਹੇਲੀਆਂ ਨੂੰ ਮਿਲ ਕੇ, ਇਕੱਠੀਆਂ ਹੋ ਕੇ ਉਨ੍ਹਾਂ ਕੋਲੋਂ ਆਪਣੇ ਮਨ ਦੀ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। ਇੰਜ, ਉਹ ਆਪਣਾ ਮਾਨਸਿਕ ਸੰਤੁਲਨ ਵੀ ਕਾਇਮ ਕਰ ਲੈਂਦੀਆਂ ਸਨ ਤੇ ਇਕ ਤਰ੍ਹਾਂ ਨਾਲ ਉਨ੍ਹਾਂ ਦਾ ਮਨ ਤਬਦੀਲੀ ਦੇ ਅਹਿਸਾਸ ਨਾਲ ਵੀ ਭਰ ਜਾਂਦਾ ਸੀ। ਸਾਉਣ ਦਾ ਮਹੀਨਾ ਤੀਆਂ ਨੂੰ ਖ਼ੁਸ਼ਆਮਦੀਦ ਕਹਿੰਦਿਆਂ ਸਭ ਨੂੰ ਤੀਆਂ ਦੇ ਆਉਣ ਦਾ ਸੰਦੇਸ਼ ਦਿੰਦਾ ਹੈ। ਅਜਿਹਾ ਸੰਦੇਸ਼ ਪਾ ਕੇ ਕੋਈ ਨਵ-ਵਿਆਹੀ ਆਪਣੇ ਪਤੀ ਨੂੰ ਕਹਿੰਦੀ ਹੈ:-

ਵੇ ਤੀਆਂ ਦਾ ਮਹੀਨਾ ਢੋਲਣਾ
ਪੇਕੀਂ ਘੱਲ ਦੇ ਸਵੇਰ ਵਾਲੀ ਲਾਰੀ
ਵੇ ਤੀਆਂ ਦਾ ਮਹੀਨਾ ਢੋਲਣਾ...

ਤੀਆਂ ਆਰੰਭ ਹੋਣ ਤੋਂ ਪਹਿਲੇ ਦਿਨ, ਦੂਜ ਵਾਲੇ ਦਿਨ ਨੂੰ 'ਮਹਿੰਦੀ ਵਾਲਾ ਦਿਨ' ਆਖਿਆ ਜਾਂਦਾ ਹੈ। ਇਸ ਦਿਨ-ਰਾਤ ਸਮੇਂ ਸਾਉਣ ਤੋਂ ਪਹਿਲਾਂ ਮੁਟਿਆਰਾਂ ਆਪਣੇ ਹੱਥਾਂ 'ਤੇ ਬੜੀਆਂ ਰੀਝਾਂ ਨਾਲ ਮਹਿੰਦੀ ਲਾਉਂਦੀਆਂ ਹਨ। ਸ਼ਗਨ ਵਜੋਂ ਲਾਈ ਜਾਣ ਵਾਲੀ ਇਸ ਮਹਿੰਦੀ ਦੀ ਫੱਬਤ ਵਿਚ ਉਹ ਆਪਣੀ ਕਲਾਤਮਿਕ ਪ੍ਰਤਿਭਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਕਿਸੇ ਬਾਰੀਕ ਤੀਲੀ ਨਾਲ, ਕੋਣ ਨਾਲ ਜਾਂ ਕਿਸੇ ਹੋਰ ਜੁਗਤ ਰਾਹੀਂ ਉਹ ਲਾਈ ਜਾਣ ਵਾਲੀ ਮਹਿੰਦੀ ਨਾਲ ਵੰਨ-ਸੁਵੰਨੇ ਡਿਜ਼ਾਈਨ ਬਣਾਉਂਦੀਆਂ ਹਨ ਤੇ ਵਿਚ ਫੁੱਲ-ਪੱਤੀਆਂ ਦੇ ਆਕਾਰ ਬਣਾਉਂਦੀਆਂ ਹਨ। ਅਗਲੀ ਸਵੇਰ ਹਥੇਲੀਆਂ 'ਤੇ ਬਾਹਵਾਂ 'ਤੇ ਖਿੜੇ ਮਹਿੰਦੀ ਰੰਗੇ ਫੁੱਲ ਪੱਤਿਆਂ ਨੂੰ ਵੇਖ ਕੇ ਉਹ ਫੁੱਲੀਆਂ ਨਹੀਂ ਸਮਾਉਂਦੀਆਂ।

ਮਹਿੰਦੀ ਲਾਉਣ ਵਾਂਗ ਨਵੇਂ ਕੱਪੜੇ ਪਹਿਨਣਾ ਤੇ ਰੰਗ-ਬਰੰਗੀਆਂ ਚੂੜੀਆਂ ਚੜ੍ਹਾਉਣੀਆਂ ਵੀ ਤੀਆਂ ਦੇ ਤਿਉਹਾਰ ਦੀ ਮਹੱਤਵਪੂਰਨ ਰਸਮ ਹੈ। ਚੂੜੀਆਂ ਵੇਚਣ ਵਾਲਾ ਜਦੋਂ ਵੰਗਾਂ ਚੜ੍ਹਾਉਣ ਦਾ ਹੋਕਾ ਦਿੰਦਾ ਹੈ, ਤਾਂ ਮੁਟਿਆਰਾਂ ਝੱਟ-ਪਟ ਉਸ ਨੂੰ ਬੁਲਾ ਲੈਂਦੀਆਂ ਹਨ। ਵੰਗਾਂ ਚੜ੍ਹਾਉਣ ਦੀ ਇਸ ਰੀਝ ਨੂੰ ਕੁੜੀਆਂ ਲੋਕ ਗੀਤਾਂ ਰਾਹੀਂ ਪ੍ਰਗਟ ਕਰਦੀਆਂ ਹਨ:-

ਆ ਵਣਜਾਰਿਆ ਬਹਿ ਵਣਜਾਰਿਆ,
ਵੰਗਾਂ ਦੇਈਂ ਚੜ੍ਹਾ
ਲਾਲ ਸੁਹਾਗ ਮੇਰੇ ਦੀਆਂ ਵੰਗਾਂ, ਹਰੀਆਂ ਨਾਲ ਮਿਲਾ
ਗਿੱਧੇ ਵਿਚ ਮੈਂ ਨੱਚਦੀ,
ਮੈਨੂੰ ਸੋਹਣੀਆਂ ਵੰਗਾਂ ਦਾ ਚਾਅ।
ਗਿੱਧੇ ਵਿੱਚ ਮੈਂ ਨੱਚਦੀ...।

ਤੀਆਂ ਵਾਲੇ ਦਿਨ ਬਾਅਦ ਦੁਪਹਿਰ ਸੱਜੀਆਂ ਸੰਵਰੀਆਂ ਕੁੜੀਆਂ, ਹਾਰ-ਸ਼ਿੰਗਾਰ ਕਰ ਕੇ, ਨਵੇਂ ਨਕੋਰ ਕੱਪੜੇ ਪਹਿਨ ਕੇ ਪੀਂਘਾਂ ਪਾਉਣ ਲਈ ਰੱਸੇ-ਲੱਜਾਂ ਚੁੱਕ, ਖਾਣ-ਪੀਣ ਲਈ ਕੁਝ ਸਮੱਗਰੀ ਲੈ ਕੇ ਤੀਆਂ ਦੇ ਪਿੜ ਵੱਲ ਵਹੀਰਾਂ ਘੱਤਦੀਆਂ ਹਨ। ਖੀਰਾਂ-ਪੂੜੇ ਆਦਿ ਆਪਣੇ ਨਾਲ ਲੈ ਕੇ ਹਰ ਉਮਰ ਦੀਆਂ ਔਰਤਾਂ ਪਿੰਡੋਂ ਬਾਹਰ ਉੱਚੇ, ਲੰਮੇ, ਸੰਘਣੇ ਦਰੱਖਤਾਂ ਥੱਲੇ ਇਕੱਠੀਆਂ ਹੋ ਜਾਂਦੀਆਂ ਹਨ। ਹੱਸਦੀਆਂ-ਖੇਡਦੀਆਂ ਉਹ ਮੇਲੇ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ। ਪੀਂਘਾਂ ਝੂਟਦੀਆਂ ਹਨ, ਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਜਾਪਦੀਆਂ ਹਨ। ਪੀਂਘਾਂ ਝੂਟਦੀਆਂ ਕੁੜੀਆਂ ਜਦੋਂ ਰੁੱਖ ਦੀ ਟੀਸੀ ਦੀ ਟਹਿਣੀ ਦਾ ਸਿਖ਼ਰਲਾ ਪੱਤਾ ਆਪਣੇ ਦੰਦਾਂ ਨਾਲ ਤੋੜ ਲਿਆਉਂਦੀਆਂ ਹਨ, ਤਾਂ ਇਹ ਮਨਮੋਹਕ ਤੇ ਰਮਣੀਕ ਦ੍ਰਿਸ਼ ਹਰ ਵੇਖਣ ਵਾਲੇ ਦਾ ਧਿਆਨ ਆਪਣੇ ਵੱਲ ਖਿੱਚ ਲੈਂਦਾ ਹੈ।

ਤੀਆਂ ਵਾਲੇ ਸਥਾਨ ਤੋਂ ਕੁਝ ਹੀ ਦੂਰੀ 'ਤੇ ਪਿੰਡਾਂ ਦੇ ਗੱਭਰੂ ਕਬੱਡੀ ਖੇਡਣ, ਕੁਸ਼ਤੀਆਂ ਲੜਨ (ਘੋਲ ਘੁਲਣ) ਤੇ ਹੋਰ ਖੇਡਾਂ ਖੇਡਣ ਲਈ ਇਕੱਠੇ ਹੋ ਜਾਂਦੇ ਸਨ। ਦਰਸ਼ਕਾਂ ਦੀ ਵੀ ਭੀੜ ਜੁੜ ਜਾਂਦੀ ਸੀ। ਸ਼ੁਗਲ-ਮੇਲਾ ਵੀ ਚੱਲਦਾ ਰਹਿੰਦਾ ਸੀ। ਰੌਣਕਾਂ ਲੱਗਦੀਆਂ ਰਹਿੰਦੀਆਂ ਸਨ। ਗੱਭਰੂਆਂ ਦੇ ਇਕੱਠਿਆਂ ਹੋ ਕੇ ਖੇਡਣ-ਮੱਲਣ ਪਿੱਛੇ ਇਕ ਹੋਰ ਮਨੋਰਥ ਵੀ ਹੁੰਦਾ ਸੀ। ਕਹਿੰਦੇ ਹਨ ਕੁਝ ਥਾਈਂ ਜ਼ੋਰਾਵਰ ਲੋਕਾਂ ਵੱਲੋਂ ਤੀਆਂ ਵਿਚੋਂ ਧੀਆਂ-ਭੈਣਾਂ ਨੂੰ ਉਧਾਲ ਲਏ ਜਾਣ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਪਿੰਡਾਂ ਦੇ ਨੌਜਵਾਨ ਚੌਕਸ ਹੋ ਗਏ ਸਨ ਤੇ ਤੀਆਂ ਵਿਚ ਸ਼ਾਮਲ ਧੀਆਂ-ਭੈਣਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਹ ਆਪਣੇ ਸਿਰ ਲੈ ਲੈਂਦੇ ਸਨ, ਇਸੇ ਲਈ ਉਹ ਤੀਆਂ ਵਾਲੇ ਸਥਾਨ ਦੇ ਕੋਲ ਇਕੱਠੇ ਹੋ ਕੇ ਖੇਡਦੇ-ਕੁੱਦਦੇ ਰਹਿੰਦੇ ਸਨ। ਮੁੱਖ ਮਕਸਦ ਉਨ੍ਹਾਂ ਦਾ ਧੀਆਂ-ਭੈਣਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਹੁੰਦਾ ਸੀ।

ਖ਼ੂਬ ਭਖ਼ੇ ਹੋਏ ਗਿੱਧੇ ਦੀਆਂ ਬੋਲੀਆਂ ਦੀ ਆਵਾਜ਼, ਅੱਡੀਆਂ ਦੀ ਧਮਕ, ਵੰਗਾਂ ਦੀ ਛਣ-ਛਣ ਤੇ ਗਿੱਧੇ ਦੀ ਥਪ-ਥਪ ਕੋਹਾਂ ਤੀਕਰ ਸੁਣਾਈ ਦਿੰਦੀ ਹੁੰਦੀ ਸੀ। ਬੋਲੀਆਂ ਵਿਚ ਵੀਰ ਪਿਆਰ ਤੋਂ ਲੈ ਕੇ, ਮਾਂ-ਬਾਪ, ਮਾਹੀ, ਸੱਸ, ਸਹੁਰੇ, ਸੰਯੋਗ, ਵਿਯੋਗ, ਨਨਾਣ, ਭਰਜਾਈ, ਦਿਉਰ, ਜੇਠ, ਦਰਾਣੀ, ਜਠਾਣੀ ਅਤੇ ਛੜਿਆਂ ਦਾ ਜ਼ਿਕਰ ਹੁੰਦਾ ਸੀ। ਆਮ ਹਾਲਾਤ ਵਿਚ ਪੁਰਸ਼ਾਂ ਨੂੰ ਇਸ ਸਮਾਰੋਹ ਵਿਚ ਸ਼ਾਮਲ ਨਹੀਂ ਸੀ ਕੀਤਾ ਜਾਂਦਾ ਪਰ ਚੋਰੀ-ਛੁਪੇ ਝਾਤ ਮਾਰਨ ਨੂੰ ਪੁਰਸ਼ਾਂ ਦਾ ਮਨ ਕਰ ਹੀ ਆਉਂਦਾ ਸੀ। ਇਸੇ ਕਰਕੇ ਕੋਈ ਮੁਟਿਆਰ ਆਪਣੇ ਸ਼ਰਮਾਕਲ ਪਤੀ ਬਾਰੇ ਕਹਿੰਦੀ ਸੁਣੀ ਜਾਂਦੀ ਸੀ:-

ਹੋਰਨਾਂ ਦੇ ਮਾਹੀਏ ਤੀਆਂ ਵੇਖਣ, ਮੇਰਾ ਚੁਗੇ ਕਪਾਹ
ਵੇ ਤੂੰ ਕੀ ਰਾਹ ਨੀਂ' ਜਾਣਦਾ, ਤੀਆਂ ਵੇਖਣ ਆ।
ਵੇ ਤੂੰ ਕੀ...

ਗਿੱਧੇ ਦੇ ਪਿੜ ਤੋਂ ਹਟਵੀਆਂ ਢੁੱਕਵੀਆਂ ਥਾਵਾਂ 'ਤੇ ਚੂੜੀਆਂ, ਪਰਾਂਦੀਆਂ, ਮਹਿੰਦੀ, ਗੁਬਾਰਿਆਂ, ਪਕੌੜੇ, ਜਲੇਬੀਆਂ ਤੇ ਹੋਰ ਮਠਿਆਈਆਂ, ਖਿਡਾਉਣਿਆਂ ਤੇ ਹਾਰ-ਸ਼ਿੰਗਾਰ ਦੇ ਸਾਜ਼ੋ-ਸਾਮਾਨ ਵੇਚਣ ਵਾਲੇ ਵੀ ਪਹੁੰਚੇ ਹੁੰਦੇ ਹਨ। ਤੀਆਂ ਦੇ ਦਿਨੀਂ ਕੁੜੀਆਂ ਸਹੁਰੇ-ਪੇਕੇ ਘਰ ਦੇ ਨਿੱਕੇ-ਵੱਡੇ ਬੰਧਨਾਂ ਤੇ ਜ਼ਿੰਮੇਵਾਰੀਆਂ ਤੋਂ ਆਜ਼ਾਦ ਮਹਿਸੂਸ ਕਰਦੀਆਂ ਹਨ। ਨਾ ਸੱਸ ਦੀ ਡਾਂਟ-ਡਪਟ ਦਾ ਡਰ, ਨਾ ਸਹੁਰੇ ਕੋਲੋਂ ਘੁੰਡ ਕੱਢਣ ਦੀ ਚਿੰਤਾ। ਨਾ ਕਿਸੇ ਦੀ ਚੰਗੀ ਮਾੜੀ ਸੁਣਨ ਦਾ ਡਰ। ਕੁੜੀਆਂ ਚਾਹੁੰਦੀਆਂ ਹਨ ਕਿ ਤੀਆਂ ਦੇ ਦਿਨ ਮੁੱਕਣ ਹੀ ਨਾ ਪਰ ਤੀਆਂ ਦੇ ਦਿਨ ਝੱਟ ਲੰਘ ਜਾਂਦੇ ਹਨ। ਉਹ ਤੀਆਂ ਲਾਉਣ ਵਾਲੇ ਤੋਂ ਸਦਕੇ ਜਾਣਾ ਚਾਹੁੰਦੀਆਂ ਹਨ:-

ਤੇਰਾ ਹੋਏ ਸੁਰਗਾਂ ਵਿੱਚ ਵਾਸਾ,
ਵੇ ਤੀਆਂ ਨੂੰ ਲਵਾਉਣ ਵਾਲਿਆ...

ਦੁੱਖ-ਸੁੱਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਦੀ ਤਸਵੀਰ ਦੇ ਦੋ ਪਾਸੇ ਹਨ। ਇੱਕ ਉਦਾਸ ਚਿੱਤ ਕੁੜੀ ਨੂੰ ਤੀਆਂ ਦੇ ਇਹ ਰੰਗ-ਤਮਾਸ਼ੇ ਇਸ ਕਰਕੇ ਚੰਗੇ ਨਹੀਂ ਲੱਗਦੇ ਕਿਉਂ ਜੋ ਉਹ ਆਪਣੇ ਸਹੁਰੇ ਘਰ ਵਿਚ ਬੀਮਾਰ ਪਏ ਪਤੀ ਨੂੰ ਛੱਡ ਕੇ ਆਈ ਹੈ:-

ਯਾਰ ਬੀਮਾਰ ਪਿਆ
ਮੇਰਾ ਚਿੱਤ ਨਾ ਤੀਆਂ ਦੇ ਵਿੱਚ ਲੱਗਦਾ।
ਕਿਹੜੇ ਹੌਂਸਲੇ ਗਿੱਧੇ ਦੇ ਵਿੱਚ ਜਾਵਾਂ
ਯਾਰ ਬੀਮਾਰ ਪਿਆ।

ਅਜਿਹੀ ਕੁੜੀ ਨੂੰ ਸਾਉਣ ਮਹੀਨੇ ਦੀਆਂ ਬਦਲੋਟੀਆਂ ਵੀ ਕੋਈ ਉਦਾਸ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਤੀਆਂ ਵਾਲੀ ਸ਼ਾਮ ਜਿਉਂ-ਜਿਉਂ ਹਨੇਰੇ ਵਿਚ ਬਦਲਣ ਲੱਗਦੀ ਹੈ, ਮੇਲਾ ਖਿੰਡਣ ਲੱਗਦਾ ਹੈ। ਨੱਚਦੀਆਂ-ਗਾਉਂਦੀਆਂ ਕੁੜੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ:-

ਸੱਚ ਦੇ ਬਚਨ ਵਿੱਚ ਧਾਈਆਂ,
ਮਾਪਿਓ ਥੋਡੇ ਰਾਜ ਅੰਦਰ
ਤੀਆਂ ਖੇਡ ਕੇ ਘਰਾਂ ਨੂੰ ਆਈਆਂ।

ਇੰਜ, ਤੀਆਂ ਦੇ ਇਹ ਪੰਦਰਾਂ ਦਿਨ ਹੱਸਦਿਆਂ, ਖੇਡਦਿਆਂ, ਨੱਚਦਿਆਂ, ਖ਼ੁਸ਼ੀ ਮਨਾਉਂਦਿਆਂ, ਪੀਂਘਾਂ ਝੂਟਦਿਆਂ ਤੇ ਗੀਤ ਗਾਉਂਦਿਆਂ ਬੜੀ ਛੇਤੀ ਬੀਤ ਜਾਂਦੇ ਹਨ। ਕੁੜੀਆਂ ਲਈ ਇਹ ਦਿਨ ਕਈ ਹੁਸੀਨ ਯਾਦਾਂ ਛੱਡ ਜਾਂਦੇ ਹਨ। ਉਹ ਭਾਦੋਂ ਨੂੰ ਕੋਸਦੀਆਂ ਹਨ, ਕਿਉਂ ਜੋ ਭਾਦੋਂ ਵਿਚ ਉਨ੍ਹਾਂ ਨੂੰ ਮੁੜ ਸਹੁਰੀਂ ਜਾਣਾ ਪੈਂਦਾ ਹੈ:-

ਤੀਆਂ ਸਾਉਣ ਦੀਆਂ, ਭਾਦੋਂ ਦੇ ਮੁਕਲਾਵੇ।

ਤੀਆਂ ਦੇ ਆਖਰੀ ਦਿਨ ਪਾਣੀ ਨਾਲ ਭਰੀ ਇੱਕ ਗੜਵੀ ਵਿਚ ਦੁੱਬ ਪਾ ਕੇ ਕੁੜੀਆਂ ਗੀਤ ਗਾਉਂਦੀਆਂ ਘਰਾਂ ਨੂੰ ਤੁਰ ਪੈਂਦੀਆਂ ਹਨ, ਇਸ ਪਾਣੀ 'ਤੇ ਦੁੱਬ ਦਾ ਛਿੱਟਾ ਉਹ ਘਰਾਂ ਦੀ ਦਹਿਲੀਜ਼ 'ਤੇ ਦਿੰਦੀਆਂ ਹਨ। ਇੰਜ, ਤੀਆਂ ਦਾ ਇਹ ਤਿਉਹਾਰ ਅਗਲੇ ਸਾਲ ਤੱਕ ਲਈ ਵਿਛੜ ਜਾਂਦਾ ਹੈ:-

ਤੀਆਂ ਤੀਜ ਦੀਆਂ, ਵਰ੍ਹੇ ਦਿਨਾਂ ਨੂੰ ਫੇਰ

ਤੀਆਂ ਦਾ ਇਹ ਤਿਉਹਾਰ ਸਰਬ ਸਾਂਝਾ ਅਤੇ ਧਰਮ ਨਿਰਪੱਖ ਸਾਦ ਮੁਰਾਦਾ ਪੇਂਡੂ ਤਿਉਹਾਰ ਹੈ, ਜੋ ਪੰਜਾਬੀ ਲੋਕ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਅਜੋਕੇ ਕਾਹਲ ਭਰੇ, ਰੁਝੇਵਿਆਂ ਵਾਲੇ ਤੇ ਬਦਲ ਗਈ ਜੀਵਨ ਸ਼ੈਲੀ ਵਾਲੇ ਵਿਕਾਸਸ਼ੀਲ ਸਮਾਜ ਵਿਚ ਪੁਰਾਣੇ ਸੱਭਿਆਚਾਰ ਦੇ ਅਜਿਹੇ ਰੰਗ ਫਿੱਕੇ ਪੈਂਦੇ ਜਾ ਰਹੇ ਹਨ। ਹੋਰ ਮੇਲਿਆਂ-ਤਿਉਹਾਰਾਂ ਵਾਂਗ ਤੀਆਂ ਦੀ ਪਹਿਲਾਂ ਵਾਲੀ ਰੌਣਕ ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ। ਹੁਣ ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਵਿਚ ਸ਼ਾਮਲ ਕੀਤੀ ਜਾਂਦੀ ਪੰਜਾਬੀ ਲੋਕ ਨਾਚ ਗਿੱਧੇ ਜਾਂ ਕਿਸੇ ਹੋਰ ਲੋਕ-ਨਾਚ ਦੀ ਆਈਟਮ ਵਿਚ ਕਦੇ ਕਦੇ ਤੀਆਂ ਦੇ ਨਾਚ ਦੀ ਇਕ-ਅੱਧ ਝਲਕੀ ਵਿਖਾਈ ਜਾ ਰਹੀ ਹੋ ਸਕਦੀ ਹੈ। ਸਕੂਲਾਂ, ਕਾਲਜਾਂ ਵੱਲੋਂ ਵੀ ਤੀਆਂ ਦੇ ਮੇਲੇ ਦਾ ਪ੍ਰਬੰਧ ਕਰ ਲਿਆ ਜਾਂਦਾ ਹੈ, ਜਿਨ੍ਹਾਂ ਵਿਚ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤੇ ਜੇਤੂਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ। ਕਿਧਰੇ-ਕਿਧਰੇ ਕਾਰਜਸ਼ੀਲ ਸੱਭਿਆਚਾਰਕ ਕਲੱਬਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਂ ਉੱਦਮੀ ਤੇ ਸਵੈ-ਸੇਵੀ ਇਸਤਰੀ-ਸੰਗਠਨਾਂ ਵੱਲੋਂ ਵੀ ਸਾਉਣ ਮਹੀਨੇ ਵਿਚ ਕਦੇ/ਕਿਧਰੇ ਤੀਆਂ ਦੇ ਮੇਲੇ ਦਾ ਆਯੋਜਨ ਕਰ ਲਿਆ ਜਾਂਦਾ ਹੈ। ਵਧੇਰੇ ਸਥਿਤੀਆਂ ਵਿਚ ਅਜਿਹਾ ਕੁਝ ਵੀ ਸਭ ਰਸਮੀ ਹੋ ਕੇ ਰਹਿ ਜਾਂਦਾ ਹੈ। ਇਹ ਪਰਿਵਰਤਨਸ਼ੀਲ ਵਰਤਾਰੇ ਵਿਚ ਅਜਿਹਾ ਵਾਪਰਨਾ ਹੀ ਹੁੰਦਾ ਹੈ। ਵਿਰਸੇ ਤੋਂ ਟੁੱਟਣਾ, ਦੂਰ ਹੁੰਦੇ ਚਲੇ ਜਾਣਾ ਤੇ ਵਿਰਸੇ ਨੂੰ ਵਿਸਾਰ ਦੇਣਾ ਦੁਖਦਾਈ ਜ਼ਰੂਰ ਹੁੰਦਾ ਹੈ। ਸੱਭਿਆਚਾਰਕ ਵਰਤਾਰਿਆਂ ਨੂੰ ਤੇ ਉਨ੍ਹਾਂ ਦੇ ਨਮੂਨਿਆਂ ਨੂੰ ਸਾਂਭ ਕੇ ਰੱਖਣਾ ਮਨੁੱਖ ਦਾ ਫ਼ਰਜ਼ ਬਣਦਾ ਹੈ। ਇਸ ਦਿਸ਼ਾ ਵੱਲ ਕੇਵਲ ਨਿੱਜੀ ਹੀ ਨਹੀਂ, ਸਮੂਹਿਕ ਪੱਧਰ 'ਤੇ ਵੀ ਸੁਹਿਰਦ ਯਤਨ ਕੀਤੇ ਜਾਣੇ ਚਾਹੀਦੇ ਹਨ। ਅਜਿਹੇ ਯਤਨਾਂ ਨੂੰ ਪੰਜਾਬੀ ਦੇ ਵਿਸਰ ਰਹੇ ਵਰਤਾਰਿਆਂ ਦੀ ਸਾਂਭ-ਸੰਭਾਲ ਕਰਨ ਲਈ ਪੁੱਟੇ ਗਏ ਇਕ ਕਦਮ ਵਜੋਂ ਲਿਆ ਜਾ ਸਕੇਗਾ।

ਆਖ਼ਰੀ ਕਿਸ਼ਤ

# ਆਨੰਦਪੁਰ ਸਾਹਿਬ ਦੇ ਮਤੇ ਦਾ ਆਲੋਚਨਾਤਮਕ ਅਧਿਐਨ

ਡਾ. ਚਰਨਜੀਤ ਸਿੰਘ ਗੁਮਟਾਲਾ
1-937-573-9812
(ਡੇਟਨ, ਓਹਾਇਓ, ਯੂ.ਐੱਸ.ਏ.),
ਵਟਸਐਪ : 91-94175-33060
ਪੰਜਾਬ ਮੇਲ USA




**ਵਿਦਿਅਕ ਤੇ ਸੱਭਿਆਚਾਰਕ** : ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਨੂੰ ਇੱਕ ਮਜ਼ਬੂਤ, ਪੜ੍ਹੀ-ਲਿਖੀ, ਸੁਘੜ, ਆਪਣੇ ਹੱਕਾਂ ਤੋਂ ਜਾਣੂ, ਅੱਡੋ-ਅੱਡ ਹੁਨਰਾਂ ਵਿਚ ਪ੍ਰਬੀਨ ਤੇ ਉਨ੍ਹਾਂ ਦੀ ਕਦਰਦਾਨ ਵੇਖਣਾ ਚਾਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਲਈ :-

1. ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੇ ਵਿਦਿਅਕ ਮਾਹਿਰਾਂ, ਸਾਇੰਸਦਾਨਾਂ, ਫਿਲਾਸਫਰਾਂ, ਕਵੀਆਂ ਲਿਖਾਰੀਆਂ ਤੇ ਕਲਾਕਾਰਾਂ ਨੂੰ ਕੌਮ ਦੀ ਬਹੁਮੁਲੀ ਪੂੰਜੀ ਸਮਝਦਾ ਹੈ।
2. ਸ਼੍ਰੋਮਣੀ ਅਕਾਲੀ ਦਲ ਦੇਸ਼ ਵਿਚ ਸਮੂਹ ਵਿਦਿਆ ਦਸਵੀਂ ਸ਼੍ਰੇਣੀ ਤੱਕ ਜ਼ਰੂਰੀ ਅਤੇ ਮੁਫ਼ਤ ਵਿੱਦਿਆ ਦੇਣ ਦੀ ਨੀਤੀ ਰੱਖਦਾ ਹੈ।
3. ਅਕਾਲੀ ਦਲ ਬੇਕਾਰੀ ਅਤੇ ਬੇਰੁਜ਼ਗਾਰੀ ਵਧਣੋਂ ਰੋਕਣ ਲਈ ਵਿੱਦਿਆ ਦਾ ਢਾਂਚਾ ਬਦਲਕੇ ਇਸ ਕਿਸਮ ਦੀ ਵਿੱਦਿਆ ਦਾ ਪ੍ਰਸਾਰ ਕਰਨ ਲਈ ਉਦਮ ਕਰੇਗਾ, ਜਿਸ ਨਾਲ ਵਿੱਦਿਆ ਦੀ ਪ੍ਰਾਪਤੀ ਤੋਂ ਬਾਅਦ ਵਿਅਕਤੀ ਜਲਦੀ ਹੀ ਕਿਸੇ ਕਿੱਤੇ ’ਤੇ ਲੱਗ ਸਕੇ।
4. ਅਕਾਲੀ ਦਲ ਪੇਂਡੂ ਵਿਦਿਆਰਥੀਆਂ ਨੂੰ ਅਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਨੂੰ ਜਿਨ੍ਹਾਂ ਨੂੰ ਕਿ ਵਿੱਦਿਆ ਹਾਸਲ ਕਰਨ ਦੇ ਚੰਗੇ ਸਾਧਨ ਪ੍ਰਾਪਤ ਤੇ ਉਪਲੱਬਧ ਨਹੀਂ, ਉਨ੍ਹਾਂ ਨੂੰ ਇਹ ਸਾਧਨ ਮੁਹੱਈਆ ਕੀਤੇ ਜਾਣਗੇ ਅਤੇ ਅਜਿਹੇ ਹੋਣਹਾਰ ਵਿਦਿਆਰਥੀਆਂ ਦੀ ਸਿੱਖਿਆ ਦਾ ਉਚੇਚਾ ਪ੍ਰਬੰਧ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਉਤਸਾਹਿਤ ਕੀਤਾ ਜਾਵੇਗਾ।
5. ਪੰਜਾਬ ਵਿਚ ਸਾਰੇ ਸਕੂਲਾਂ ਵਿਚ ਦੱਸਵੀਂ ਸ਼੍ਰੇਣੀ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੋਵੇਗੀ।
6. ਵਿਗਿਆਨਕ ਤੇ ਟੈਕਨੀਕਲ ਵਿਦਿਆ ਵੱਲ ਉਚੇਚਾ ਧਿਆਨ ਦੇਣਾ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਨਿਊਕਲਰ ਫਿਜ਼ਿਕਸ ਤੇ ਸਪੇਸ ਸਾਇੰਸ ਨੂੰ ਵਿਸ਼ੇਸ਼ਤਾ ਦੇਣਾ ਅਕਾਲੀ ਦਲ ਦਾ ਪ੍ਰੋਗਰਾਮ ਹੈ।
7. ਖੇਡਾਂ ਨੂੰ ਉੱਚੀ ਪੱਧਰ ’ਤੇ ਲਿਜਾਣ ਲਈ ਉਦਮ ਕਰਨੇ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਖਿਲਾੜੀ ਤਿਆਰ ਕਰਨ ਲਈ ਅਕਾਲੀ ਦਲ ਦਾ ਵਿਸ਼ੇਸ਼ ਕਰਤਵਯ ਹੋਵੇਗਾ।

**ਅਕਾਲੀ ਦਲ ਦਾ ਆਰਥਿਕ ਨਿਸ਼ਾਨਾ** : ‘ਅਕਾਲੀ ਦਲ ਦਾ ਨਿਸ਼ਾਨਾ ਹੈ ਕਿ ਹਰ ਵਿਹਲੇ ਨੂੰ ਰੁਜ਼ਗਾਰ ’ਤੇ ਲਾਉਣਾ, ਹਰ ਮੂੰਹ ਲਈ ਰੋਟੀ, ਹਰ ਤਨ ਲਈ ਕੱਪੜਾ, ਰਹਿਣ ਲਈ ਮਕਾਨ, ਚੜ੍ਹਨ ਲਈ ਸਵਾਰੀ ਅਤੇ ਉਨ੍ਹਾਂ ਸਾਰੀਆਂ ਸੱਭਿਆਚਾਰਕ ਲੋੜਾਂ ਦੀ ਪੂਰਤੀ ਲਈ ਵਸੀਲੇ ਪੈਦਾ ਕਰਨੇ, ਜਿਨ੍ਹਾਂ ਬਗੈਰ ਜੀਵਨ ਅਧੂਰਾ ਜਾਪਦਾ ਹੈ’।

ਇਸ ਮਤੇ ਬਾਰੇ ਸਮੇਂ-ਸਮੇਂ ਲੇਖ ਲਿਖੇ ਜਾਂਦੇ ਰਹੇ। ਸੀਨੀਅਰ ਪੱਤਰਕਾਰ ਜਗਤਾਰ ਸਿੰਘ ਦਾ ਇਕ ਲੇਖ ਬੀ.ਬੀ.ਸੀ. ਦੇ 16 ਅਕਤੂਬਰ 2023 ਨੂੰ ਛਪਿਆ ਹੈ, ਜੋ ਕਿ ਅਸੀਂ ਧੰਨਵਾਦ ਸਹਿਤ ਇੱਥੇ ਦੇ ਰਹਿ ਹਾਂ। ਆਪਣੇ ਲੇਖ ਵਿਚ ਉਹ ਸੁਆਲ ਉਠਾਉਂਦੇ ਹਨ : ਅਨੰਦਪੁਰ ਸਾਹਿਬ ਦਾ ਮਤਾ ਕੀ ਸੀ, ਜਿਸਨੇ ਕੌਮੀ ਸਿਆਸਤ ਦਾ ਰੁਖ਼ ਤੈਅ ਕਰ ਦਿੱਤਾ? ਇਸ ਦੇ ਉਤਰ ਵਿਚ ਉਹ ਲਿਖਦੇ ਹਨ ਕਿ ਆਜ਼ਾਦ ਭਾਰਤ ਵਿਚ ਜੇ ਕਿਸੇ ਖੇਤਰੀ ਏਜੰਡੇ ਨੇ ਕਦੇ ਕੌਮੀ ਸਿਆਸਤ ਦਾ ਰੁਖ਼ ਤੈਅ ਕੀਤਾ ਹੈ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ‘ਅਨੰਦਪੁਰ ਸਾਹਿਬ ਦਾ ਮਤਾ’ ਹੈ। ਕਾਂਗਰਸ ਪਾਰਟੀ ਨੇ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ 404 ਸੀਟਾਂ ਦੇ ਭਾਰੀ ਬਹੁਮਤ ਨਾਲ ਜਿੱਤੀਆਂ, ਜਿਨ੍ਹਾਂ ਵਿਚ ਕਾਂਗਰਸ ਦਾ ਵੋਟ ਪ੍ਰਤੀਸ਼ਤ 49.10 ਸੀ। ਕਾਂਗਰਸ ਤੋਂ ਬਾਅਦ ਦੂਜੇ ਨੰਬਰ ’ਤੇ ਦੱਖਣੀ ਭਾਰਤ ਵਿਚੋਂ 30 ਸੀਟਾਂ ਲੈਣ ਵਾਲੀ ਤੇਲਗੂ ਦੇਸਮ ਪਾਰਟੀ ਰਹੀ ਸੀ। ਕਾਂਗਰਸ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਦੱਸਦਿਆਂ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਖ਼ਤਰੇ ਵਜੋਂ ਪੇਸ਼ ਕਰਕੇ ਇਹ ਬਹੁਮਤ ਹਾਸਲ ਕੀਤਾ ਸੀ। ਆਜ਼ਾਦ ਭਾਰਤ ਵਿਚ ਸ਼ਾਇਦ ਹੋਰ ਕੋਈ ਲੋਕ ਸਭਾ ਚੋਣ ਕਿਸੇ ਖੇਤਰੀ ਪਾਰਟੀ ਦੇ ‘ਪਾਲਿਸੀ ਪ੍ਰੋਗਰਾਮ’ ’ਤੇ ਨਹੀਂ ਲੜੀ ਗਈ। ਅਨੰਦਪੁਰ ਸਾਹਿਬ ਦਾ ਮਤਾ ਸਾਲ 1973 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਪਣਾਇਆ ਪਾਲਿਸੀ ਪ੍ਰੋਗਰਾਮ ਸੀ, ਜਿਸ ’ਤੇ ਲੋਕ ਸਭਾ ਚੋਣ ਲੜੀ ਗਈ। ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ ’ਤੇ ਬਲਕਿ ਪੰਜਾਬ ਪੱਧਰ ’ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ।



**ਅਨੰਦਪੁਰ ਸਾਹਿਬ ਦੇ ਮਤੇ ਦਾ ਪਿਛੋਕੜ** : ਇਹ ਉਹ ਦੌਰ ਸੀ, ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀਆਂ ਮੀਟਿੰਗਾਂ ਅੰਮ੍ਰਿਤਸਰ, ਫਤਿਹਗੜ੍ਹ ਸਾਹਿਬ ਅਤੇ ਅਨੰਦਪੁਰ ਸਾਹਿਬ ਵਿਖੇ ਹੁੰਦੀਆਂ ਸਨ। ਪਾਰਟੀ ਦੀ ਵਰਕਿੰਗ ਕਮੇਟੀ ਨੇ 11 ਦਸੰਬਰ, 1972 ਨੂੰ ਹੋਈ ਮੀਟਿੰਗ ਵਿਚ ਨਵੀਂ ਨੀਤੀ ਯਾਨੀ ਪਾਲਿਸੀ ਪ੍ਰੋਗਰਾਮ ਉਲੀਕਣ ਲਈ ਇੱਕ ਸਬ-ਕਮੇਟੀ ਦਾ ਗਠਨ ਕੀਤਾ ਸੀ। ਸਾਲ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇਹ ਅਜਿਹਾ ਪਹਿਲਾ ਕਦਮ ਸੀ। ਇਤਿਹਾਸ ਵਿਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ, ਭਾਵੇਂ ਇੱਕ ਵੇਲੇ ਸਿੱਖ ਰਾਜ ਸਤਲੁਜ ਦਰਿਆ ਤੋਂ ਖ਼ੈਬਰ ਦੱਰੇ ਅਤੇ ਤਿੱਬਤ ਤੱਕ ਫੈਲਿਆ ਹੋਇਆ ਸੀ। ਅਨੰਦਪੁਰ ਸਾਹਿਬ ਮਤਾ ਆਜ਼ਾਦੀ ਤੋਂ ਬਾਅਦ ਇੱਕ ਅਜਿਹਾ ਖੇਤਰੀ ਮੁੱਦਾ ਸੀ, ਜਿਸ ਨੇ ਕੌਮੀ ਸਿਆਸਤ ਦਾ ਰੁਖ ਤੈਅ ਕੀਤਾ। ਅਨੰਦਪੁਰ ਸਾਹਿਬ ਵਿਖੇ 16-17 ਅਕਤੂਬਰ, 1973 ਨੂੰ ਹੋਈ ਦੋ ਦਿਨਾਂ ਦੀ ਮੀਟਿੰਗ ਵਿਚ ਇਸ ਨੀਤੀ ਪ੍ਰੋਗਰਾਮ ਨੂੰ ਲਿਆਂਦਾ ਗਿਆ, ਇਸੇ ਲਈ ਇਸ ਨੂੰ ‘ਅਨੰਦਪੁਰ ਸਾਹਿਬ’ ਦਾ ਮਤਾ ਕਿਹਾ ਜਾਣ ਲੱਗਾ। ਪਰ ਸਾਲਾਂ ਤੱਕ ਨਾ ਸਿਰਫ਼ ਕੌਮੀ ਪੱਧਰ ’ਤੇ, ਬਲਕਿ ਪੰਜਾਬ ਪੱਧਰ ’ਤੇ ਵੀ ਇਸ ਦਾ ਨੋਟਿਸ ਨਹੀਂ ਲਿਆ ਗਿਆ। ਇਤਿਹਾਸ ਵਿਚ 1966 ਤੋਂ ਬਾਅਦ ਹੀ ਪੰਜਾਬ ਸਿੱਖ-ਬਹੁਗਿਣਤੀ ਵਾਲਾ ਸੂਬਾ ਬਣਿਆ। ਅੰਮ੍ਰਿਤਸਰ ਵਿਚ 23 ਦਸੰਬਰ, 1972 ਨੂੰ ਹੋਈ ਆਰੰਭਤਾ ਨਾਲ ਕਮੇਟੀ ਦੀਆਂ 11 ਬੈਠਕਾਂ ਹੋਈਆਂ।

**ਆਨੰਦਪੁਰ ਸਾਹਿਬ ਮਤੇ ਦੀ ਹੋਂਦ** :- ਸ਼੍ਰੋਮਣੀ ਅਕਾਲੀ ਦਲ ਦੁਆਰਾ ਗਠਿਤ ਸਬ ਕਮੇਟੀ ਦੇ ਮੁਖੀ ਪਾਰਟੀ ਦੇ ਜਨਰਲ ਸਕੱਤਰ ਤੇ ਪੇਸ਼ੇ ਵਜੋਂ ਵਕੀਲ ਸੁਰਜੀਤ ਸਿੰਘ ਬਰਨਾਲਾ ਸੀ। ਮੈਂਬਰਾਂ ਵਿਚ ਗੁਰਚਰਨ ਸਿੰਘ ਟੌਹੜਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਭ ਤੋਂ ਵੱਧ ਸਮਾਂ ਪ੍ਰਧਾਨ ਰਹੇ), ਜੀਵਨ ਸਿੰਘ ਉਮਰਾਨੰਗਲ, ਸਾਬਕਾ ਮੰਤਰੀ ਗੁਰਮੀਤ ਸਿੰਘ, ਡਾ. ਭਗਤ ਸਿੰਘ, ਬਲਵੰਤ ਸਿੰਘ, ਗਿਆਨ ਸਿੰਘ ਰਾੜੇਵਾਲਾ, ਪ੍ਰੇਮ ਸਿੰਘ ਲਾਲਪੁਰਾ, ਜਸਵਿੰਦਰ ਸਿੰਘ ਬਰਾੜ, ਸਾਬਕਾ ਵਿਧਾਇਕ ਭਾਗ ਸਿੰਘ, ਰਿਟਾਇਰਡ ਮੇਜਰ ਜਨਰਲ ਗੁਰਬਖਸ਼ ਸਿੰਘ ਬੱਧਨੀ ਅਤੇ ਅਮਰ ਸਿੰਘ ਅੰਬਾਲਵੀ ਸ਼ਾਮਿਲ ਸਨ।

ਇੱਥੋਂ ਤੱਕ ਕਿ ਜਨਰਲ ਹਾਊਸ ਵਲੋਂ ਅਪਣਾਏ ਜਾਣ ਦੇ ਬਾਵਜੂਦ ਇਸ ਨਾਲ ਹਿਲ-ਜੁਲ ਨਹੀਂ ਹੋਈ, ਜਿਸ ਤਰ੍ਹਾਂ ਬਾਅਦ ਦੇ ਸਾਲਾਂ ਵਿਚ ਹੋਈ। ਅਕਾਲੀ ਦਲ ਜੂਨ 1977 ਵਿਚ ਵਿਧਾਨ ਸਭਾ ਚੋਣਾਂ ਜਿੱਤ ਕੇ ਸੱਤਾ ਵਿਚ ਆਇਆ ਸੀ। ਪੰਜ ਸਾਲ ਬਾਅਦ ਆਨੰਦਪੁਰ ਸਾਹਿਬ ਦੇ ਮਤੇ ਦੇ ‘ਰਾਜਸੀ ਨਿਸ਼ਾਨੇ’ ਯਾਨੀ ਸਿਆਸੀ ਮੰਤਵ ਨੂੰ ਵੱਖਵਾਦੀ ਅਤੇ ਰਾਸ਼ਟਰ ਵਿਰੋਧੀ ਦੱਸ ਕੇ ਉਦੋਂ ਬਿਰਤਾਂਤ ਸਿਰਜਿਆ ਗਿਆ। ਜਦੋਂ ਅਕਾਲੀ ਦਲ 4 ਅਗਸਤ, 1982 ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼ੁਰੂ ਕੀਤੇ ਧਰਮ-ਯੁੱਧ ਮੋਰਚੇ ਦੀਆਂ ਮੰਗਾਂ ਵਿਚ ਇਸ ਨੂੰ ਸ਼ਾਮਲ ਕੀਤਾ। ਉਦੋਂ ਤੱਕ ਪੰਜਾਬ ਦੇ ਸਿਆਸੀ ਪਿੜ ਵਿਚ ਖਾੜਕੂਵਾਦ ਨੇ ਪੈਰ ਧਰ ਲਏ ਸਨ।

**ਆਨੰਦਪੁਰ ਸਾਹਿਬ ਦੇ ਮਤੇ ਦਾ ‘ਰਾਜਸੀ ਨਿਸ਼ਾਨਾ’** :- ਆਨੰਦਪੁਰ ਸਾਹਿਬ ਦੇ ਮਤੇ ਵਿਚ ਅਕਾਲੀ ਨੇ ਜੋ ਉਦੇਸ਼ ਮਿੱਥਿਆ ਸੀ, ਉਸਦਾ ਵੇਰਵਾ ਇਸ ਤਰ੍ਹਾਂ ਹੈ-ਮਤੇ ਵਿਚ ਲਿਖਿਆ ਗਿਆ ਹੈ, “ਸ਼੍ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ, ਨਿਸ਼ਚਿਤ ਤੌਰ ’ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ‘ਮਨ-ਮੰਦਰ’ ਵਿਚ ਉਕਰਿਆ ਚੱਲਿਆ ਆ ਰਿਹਾ ਹੈ, ਜਿਸ ਦਾ ਮਨੋਰਥ ‘ਖਾਲਸਾ ਜੀ ਦੇ ਬੋਲ-ਬਾਲੇ ਹੈ”। ਇਸ ਮਤੇ ਵਿਚ ਅੱਗੇ ਲਿਖਿਆ ਗਿਆ ਹੈ, “ਖਾਲਸਾ ਜੀ ਦੇ ਇਸ ਜਨਮ ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ”। ਇਹੀ ਰਾਜਸੀ ਨਿਸ਼ਾਨਾ ਯਾਨੀ ਸਿਆਸੀ ਉਦੇਸ਼ ਸੀ, ਜਿਸ ਨੂੰ ਵੱਖਵਾਦੀ ਕਹਿੰਦਿਆਂ ਨਿਸ਼ਾਨਾਂ ਬਣਾਇਆ ਗਿਆ, ਹਾਲਾਂਕਿ ਇਸ ਵਿਚ ਫੈਡਰਲਿਜ਼ਮ ਦੀ ਗੱਲ ਕੀਤੀ ਗਈ ਸੀ, ਪਰ ਸਿੱਖਾਂ ’ਤੇ ਖਾਸ ਜ਼ੋਰ ਦਿੱਤਾ ਗਿਆ ਸੀ। ਇਹ ਮਤਾ ਅਖੀਰ ਰਾਜੀਬ-ਲੌਂਗੋਵਾਲ ਸਮਝੌਤੇ ਅਧੀਨ ਸਰਕਾਰੀਆ ਕਮਿਸ਼ਨ ਕੋਲ ਭੇਜ ਦਿੱਤਾ ਗਿਆ ਅਤੇ ਫਿਰ ਸੂਬੇ ਵਿਚ ਅਕਾਲੀ ਸਿਆਸਤ ਤੋਂ ਦੂਰ ਹੋ ਗਿਆ।

ਇਹ ਮਤਾ ਉਹ ਭੂਗੋਲਿਕ ਖੇਤਰ ਪਰਭਾਸ਼ਿਤ ਕਰਦਾ ਹੈ, ਜੋ ਇਸ ਪੰਜਾਬ ਦਾ ਹਿੱਸਾ ਹੋਣਾ ਸੀ। ਮਤੇ ਅਨੁਸਾਰ, “ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਜਾਣਬੁੱਝ ਕੇ ਪੰਜਾਬੋਂ ਬਾਹਰ ਰੱਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿਚੋਂ ਡਲਹੌਜ਼ੀ, ਅੰਬਾਲਾ ਜ਼ਿਲ੍ਹੇ ਦਾ ਚੰਡੀਗੜ੍ਹ, ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ, ਨਾਲਾਗੜ੍ਹ ਦਾ ‘ਦੇਸ਼’ ਨਾਮੀ ਇਲਾਕਾ..., “ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਗੂਹਲਾ ਬਲਾਕ ਦੇ ਹਿਸਾਰ ਜ਼ਿਲ੍ਹੇ ਦੀ ਟੋਹਾਨਾ ਸਬ-ਤਹਿਸੀਲਾਂ, ਰਤੀਆਂ ਬਲਾਕ ਤੇ ਸਰਸੇ ਦੀ ਤਹਿਸੀਲ, ਰਾਜਿਸਥਾਨ ਤੇ ਗੰਗਾ ਨਗਰ ਦੇ ਜ਼ਿਲ੍ਹੇ ਦੀਆਂ ਛੇ ਤਹਿਸੀਲਾਂ ਅਤੇ” ਇਨ੍ਹਾਂ ਦੇ ਨਾਲ ਲੱਗਦੇ ਪੰਜਾਬੀ ਬੋਲਦੇ ਤੇ ਸਿੱਖ ਵਸੋਂ ਦੇ ਹੋਰ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇੱਕੋ ਇੰਤਜ਼ਾਮੀਆ ਇਕਾਈ ਬਣ ਜਾਣ, ਜਿਸ ਵਿਚ ਸਿੱਖੀ ਤੇ ਸਿੱਖਾਂ ਦੇ ਹਿਤ ਵਿਸ਼ੇਸ਼ ਸੁਰਖਿਅਤ ਰਹਿਣ।” ਹਾਲਾਂਕਿ ਇਸ ਮਤੇ ਵਿਚ ਪ੍ਰਭਵਾਸ਼ਿਤ ਫੈਡਰਲਿਜ਼ਮ ਦੇ ਮਾਪਦੰਡ, ਸੂਬਿਆਂ ਦੀ ਖ਼ੁਦਮੁਖਤਿਆਰੀ ਦੇ ਸੰਦਰਭ ਵਿਚ ਅਹਿਮ ਹਨ।

**ਫੈਡਰਿਲਜ਼ਮ ਦੀ ਪਰਿਭਾਸ਼ਾ** : ਇਹ ਮਤਾ ਕੇਂਦਰ ਅਤੇ ਸੂਬਿਆਂ ਦੇ ਅਧਿਕਾਰ ਖੇਤਰ ਅੰਦਰ ਖੇਤਰਾਂ ਦੀਆਂ ਹੱਦਾਂ ਪ੍ਰਭਾਸ਼ਿਤ ਕਰਦਾ ਹੈ।” ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ’ਚ ਕੇਂਦਰ ਦਾ ਦਖ਼ਲ ਕੇਵਲ ਮੁਲਕ ਦੇ ਡਿਫੈਂਸ, ਪ੍ਰਦੇਸੀ ਮਾਮਲਿਆਂ, ਤਾਰ ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੱਕ ਸੀਮਤ ਹੋਵੇ ਅਤੇ ਬਾਕੀ ਸਾਰੇ ਮਹਿਕਮੇ ਪੰਜਾਬ ਦੇ ਆਪਣੇ ਅਧਿਕਾਰ ਵਿਚ ਹੋਣ, ਇਨ੍ਹਾਂ ਦੇ ਪ੍ਰਬੰਧ ਲਈ ਪੰਜਾਬ ਨੂੰ ਆਪਣਾ ਆਈਨ ਆਪ ਬਣਾਉਣ ਦਾ ਪੂਰਨ ਅਧਿਕਾਰ ਹੋਵੇ।” “ਇਨ੍ਹਾਂ ਕੇਂਦਰੀ ਮਹਿਕਮਿਆਂ ਲਈ ਲੋੜੀਂਦੇ ਫਾਈਨੈਂਸ ਵੀ ਪੰਜਾਬ ਆਪਣਾ ਕੋਟਾ, ਪਾਰਲੀਮੈਂਟ ’ਚ ਆਪਣੇ ਨੁਮਾਇੰਦਿਆਂ ਦੀ ਗਿਣਤੀ ਦੇ ਤਨਾਸਬ ਅਨੁਸਾਰ ਖੁਦ ਆਪ ਹੀ ਅਦਾ ਕੀਤਾ ਕਰੇ।” “ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵੱਸੋਂ ਅਤੇ ਹੋਰ ਧਾਰਮਿਕ ਘੱਟ-ਗਿਣਤੀਆਂ ਦੀ ਮੁਅਸਰ ਤਹੱਫ਼ਜ਼ਾਰ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ, ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ।” “ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ ਤੇ ਇਸ ਦੀਆਂ ਸਾਰੀਆਂ ਰਿਆਸਤਾਂ ਦਾ ਕੇਂਦਰ ਵਿਚ ਬਰਾਬਰ ਦਾ ਅਧਿਕਾਰ ਤੇ ਨੁਮਾਇੰਦਗੀ ਹੋਵੇ।” ਇਸ ਤਰ੍ਹਾਂ ਇਹ ਮਤਾ ‘ਖਾਲਸਾ ਜੀ ਦੇ ਬੋਲ-ਬਾਲੇ’ ਦੇ ਸੰਦਰਭ ’ਚ ਸਿਰਫ਼ ਫੈਡਰਲ ਢਾਂਚੇ ਦੀ ਮਜ਼ਬੂਤੀ ਅਤੇ ਸੂਬੇ ਦੀ ਖੁਦਮੁਖਤਿਆਰੀ ਦੀ ਗੱਲ ਕਰਦਾ ਹੈ, ਜੋ ਕਿ ਮਦਰਾਸ (ਅੱਜਕੱਲ੍ਹ ਤਾਮਿਲਨਾਡੂ) ਸੂਬੇ ਦੀ ਵੀ ਮੰਗ ਰਹੀ ਹੈ।

ਦਿਲਚਸਪ ਗੱਲ ਇਹ ਹੈ ਕਿ ਆਰਥਿਕ ਨੀਤੀ ਸਬੰਧੀ ਇਸ ਮਤੇ ਦੇ ਹਿੱਸੇ ਸਮਕਾਲੀ ਵੇਲਿਆਂ ਦੇ ਸੰਦਰਭ ਵਿਚ ਅਗਾਂਹਵਧੂ ਸੀ, ਸ਼੍ਰੋਮਣੀ ਅਕਾਲੀ ਦਲ ਦੇ ਸਮਾਜਿਕ ਭਲਾਈ ਸਟੇਟ ਵਜੋਂ ਦਾਰਸ਼ਿਨਕਤਾ ’ਤੇ ਚਾਨਣ ਪਾਉਂਦੇ ਸੀ। ਮਤੇ ਦੇ ਇਸ ਹਿੱਸੇ ਬਾਰੇ ਜ਼ਿਆਦਾ ਚਰਚਾ ਨਹੀਂ ਹੋਈ ਹੈ। ਉਸ ਵੇਲੇ ਪੈਦਾ ਹੋ ਰਹੇ ਹਾਲਾਤ ਦੇ ਸੰਦਰਭ ਵਿਚ ਇਸ ਦਿਸ਼ਾ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਇਹ ਮੰਨਦਾ ਹੈ ਕਿ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਅਮੀਰ ਅਤੇ ਗਰੀਬ ਵਿਚਾਲੇ ਦਾ ਵੱਧ ਰਿਹਾ ਅੰਤਰ ਘਟਾਇਆ ਜਾਵੇ। ਹਾਲਾਂਕਿ, ਪਾਰਟੀ ਦੀ ਇਹ ਰਾਇ ਹੈ ਕਿ ਪਹਿਲੀ ਸੱਟ ਵਿੱਤੀ ਤਾਕਤ ਦੀ ਲਗਾਮ ਧੱਕੇ ਨਾਲ ਆਪਣੇ ਹੱਥਾਂ ਵਿਚ ਫੜੀ ਬੈਠੇ ਧਨਾਢਾਂ ’ਤੇ ਹੋਵੇ। ਪੇਂਡੂ ਖੇਤਰਾਂ ਵਿਚ ਅਕਾਲੀ ਦਲ ਕਮਜ਼ੋਰ ਵਰਗਾਂ ਜਿਵੇਂ ਕਿ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਭੌਂ-ਰਹਿਤ ਲੋਕਾਂ, ਮਜ਼ਦੂਰਾਂ ਅਤੇ ਗਰੀਬ ਤੇ ਮੱਧ ਵਰਗੀ ਕਿਸਾਨਾਂ ਦੀ ਮਦਦ ਲਈ ਦ੍ਰਿੜ੍ਹ ਹੈ। ਇਸ ਮੰਤਵ ਲਈ ਭੌਂ-ਸੁਧਾਰਾਂ ਦੀ ਵਕਾਲਤ ਹੈ, ਜਿਨ੍ਹਾਂ ਮੁਤਾਬਕ ਹੱਦਬੰਦੀ ਨੂੰ 30 ਏਕੜ ਪ੍ਰਤੀ ਪਰਿਵਾਰ ਦੇ ਲਿਹਾਜ਼ ਨਾਲ ਪੱਕਾ ਨਿਯਤ ਕੀਤਾ ਜਾਵੇ ਅਤੇ ਵਾਧੂ ਜ਼ਮੀਨ ਗਰੀਬ ਕਿਸਾਨਾਂ ਵਿਚ ਵੰਡੀ ਜਾਵੇ। ਅਕਾਲੀ ਦਲ ਦਾ ਮੰਤਵ ਹਰ ਕਿਸੇ ਲਈ ਰੁਜ਼ਗਾਰ ਮੁਹੱਈਆ ਕਰਵਾਉਣਾ, ਸਭ ਲਈ ਭੋਜਨ ਤੇ ਕੱਪੜੇ ਅਤੇ ਰਹਿਣ ਨੂੰ ਘਰ, ਅਨੁਕੂਲ ਆਵਾਜਾਈ ਅਤੇ ਇੱਕ ਚੰਗੇ ਜੀਵਨ ਲਈ ਲੋੜਾਂ ਪੂਰੀਆਂ ਕਰਨ ਲਈ ਸਾਧਨ ਤਿਆਰ ਕਰਨੇ, ਜਿਨ੍ਹਾਂ ਬਿਨਾਂ ਜ਼ਿੰਦਗੀ ਅਧੂਰੀ ਹੈ। ਇਹ ਮਤਾ ਪੂਰੇ ਰੁਜ਼ਗਾਰ ਅਤੇ ਬੇਰੁਜ਼ਗਾਰਾਂ ਦੇ ਹਰ ਵਰਗ ਲਈ ਭੱਤੇ, 65 ਸਾਲ ਤੋਂ ਵਧ ਉਮਰ ਵਾਲਿਆਂ ਦੀ ਬੁਢਾਪਾ ਪੈਨਸ਼ਨ, ਵਿਗਿਆਨ ਅਤੇ ਤਕਨੀਕੀ ਸਿੱਖਿਆ ਤੇ ਖਾਸ ਧਿਆਨ ਨਾਲ ਦਸਵੀਂ ਜਮਾਤ ਤੱਕ ਮੁਫ਼ਤ ਤੇ ਲਾਜ਼ਮੀ ਸਿੱਖਿਆ ’ਤੇ ਜ਼ੋਰ ਦਿੰਦਾ ਹੈ।

**ਅਨੰਦਪੁਰ ਸਾਹਿਬ ਮਤਾ ਅਤੇ ਭਿੰਡਰਾਵਾਲੇ ਦਾ ਏਜੰਡਾ** :- ਖਾੜਕੂ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਮਤੇ ਨੂੰ ਆਪਣੇ ਏਜੰਡੇ ਵਜੋਂ ਇਹ ਕਹਿੰਦਿਆਂ ਅਪਣਾਇਆ ਸੀ ਕਿ ਇਹ ਮੰਗਾਂ ਉਨ੍ਹਾਂ ਦੀਆਂ ਨਹੀਂ, ਅਕਾਲੀ ਦਲ ਦੀਆਂ ਹਨ ਅਤੇ ਉਹ ਦੇਖਣਗੇ ਕਿ ਪਾਰਟੀ ਸਰਕਾਰ ਨਾਲ ਸਮਝੌਤਾ ਕਰਕੇ ਇਨ੍ਹਾਂ ਮੰਗਾਂ ਤੋਂ ਪਿੱਛੇ ਨਾ ਹਟ ਜਾਵੇ। ਹਾਲਾਂਕਿ ਉਹ ਇਸ ਮਤੇ ਦੇ ਇੱਕ ਬਿੰਦੂ ਦਾ ਹਵਾਲਾ ਦਿੰਦਿਆਂ ਲੋਕਾਂ ਨੂੰ ਹਥਿਆਰਬੰਦ ਹੋਣ ਲਈ ਕਹਿੰਦੇ ਸੀ ਅਤੇ ਪੁਲਿਸ ਦੇ ਲਾਈਸੈਂਸ ਬਾਰੇ ਪੁੱਛਣ ’ਤੇ ਇਹ ਮਤਾ ਦਿਖਾਉਣ ਲਈ ਕਹਿੰਦੇ ਸੀ। ਮਤੇ ਦਾ ਉਹ ਬਿੰਦੂ ਕਹਿੰਦਾ ਹੈ, “ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਰ ਇਸਤ੍ਰੀ ਜਾਂ ਪੁਰਸ਼ ਲਈ ਜਿਸ ਨੂੰ ਕਿਸੇ ਇਖਲਾਕੀ ਜੁਰਮ ਵਿਚ ਅਦਾਲਤ ਵੱਲੋਂ ਕੋਈ ਸਜ਼ਾ ਨਾ ਦਿੱਤੀ ਗਈ ਹੋਵੇ। ਛੋਟੇ ਸ਼ਸਤਰ ਰਿਵਾਲਵਰ, ਬੰਦੂਕਾਂ, ਪਿਸਤੌਲ, ਰਾਈਫ਼ਲ ਤੇ ਕਾਰਬਾਈਨ ਆਦਿ ਰੱਖਣ ਦੀ ਪੂਰੀ ਖੁੱਲ੍ਹ ਹੋਵੇ ਤੇ ਕੋਈ ਲਾਈਸੈਂਸ ਲੈਣ ਦੀ ਲੋੜ ਨਾ ਹੋਵੇ, ਕੇਵਲ ਰਜਿਸਟ੍ਰੇਸ਼ਨ ਚਾਹੀਦੀ ਹੋਵੇ।”

ਕਾਂਗਰਸ ਨੇ ਜੂਨ 1984 ਵਿਚ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ, ਓਪਰੇਸ਼ਨ ਬਲੂ ਸਟਾਰ ਅਤੇ 31 ਅਕਤੂਬਰ ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਤੁਰੰਤ ਬਾਅਦ ਹੋਈਆਂ 1984 ਦੀਆਂ ਲੋਕ ਸਭਾ ਚੋਣਾਂ ਲੜੀਆਂ।ਪਾਰਟੀ ਨੇ ਅਨੰਦਪੁਰ ਸਾਹਿਬ ਦੇ ਮਤੇ ਨੂੰ ਰਾਸ਼ਟਰ-ਵਿਰੋਧੀ ਤੇ ਵੱਖਵਾਦੀ ਵਿਚਾਰ ਵਜੋਂ ਪੇਸ਼ ਕਰਕੇ ਬਹੁਮਤ ਹਾਸਿਲ ਕੀਤਾ।

**ਅਕਾਲੀ ਦਲ ਤੇ ਏਜੰਡੇ ਤੋਂ ਗਾਇਬ ਹੋਇਆ ਮਤਾ**: ਇਹ ਮਤਾ ਲੋਕ ਸਭਾ ਚੋਣਾਂ ਦੇ ਤਿੰਨ ਮਹੀਨਿਆਂ ਅੰਦਰ ਰਾਜੀਵ-ਲੌਂਗੋਵਾਲ ਪੰਜਾਬ ਸਮਝੌਤੇ ਵਿਚ ਮੁੜ ਉੱਠਿਆ ਅਤੇ ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਕਹਿੰਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਭਾਰਤੀ ਸੰਵਿਧਾਨ ਦੇ ਦਾਇਰੇ ਵਿਚ ਹੈ। ਇਹ ਕੇਂਦਰ ਤੇ ਸੂਬਿਆਂ ਦੇ ਸੰਬੰਧਾਂ ਨੂੰ ਇਸ ਤਰ੍ਹਾਂ ਪ੍ਰਭਵਾਸ਼ਿਤ ਕਰਦਾ ਹੈ, ਤਾਂ ਜੋ ਇਕਸਾਰ ਭਾਰਤੀ ਸੰਵਿਧਾਨ ਮੁਤਾਬਕ ਤੈਅ ਸਹੀ ਫੈਡਰਲ ਢਾਂਚਾ ਲਿਆਂਦਾ ਜਾ ਸਕੇ। ਇਸ ਮਤੇ ਦਾ ਮੰਤਵ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਧਿਆਨ ਵਿਚ ਰੱਖਦਿਆਂ ਸੂਬਿਆਂ ਨੂੰ ਖੁਦਮੁਖਤਿਆਰੀ ਦੁਆਉਣਾ ਹੈ, ਕਿਉਂਕਿ ਅਨੇਕਤਾਵਾਂ ਵਿਚ ਏਕਤਾ ਹੀ ਸਾਡੇ ਦੇਸ਼ ਨੂੰ ਬਣਾਉਂਦੀ ਹੈ। ਅੱਗੇ ਲਿਖਿਆ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਕੇਂਦਰ ਅਤੇ ਸੂਬਿਆਂ ਦੇ ਆਪਸੀ ਰਿਸ਼ਤਿਆਂ ਬਾਰੇ ਗੱਲ ਕਰਦਾ ਹੈ ਅਤੇ ਸਰਕਾਰੀਆ ਕਮਿਸ਼ਨ ਨੂੰ ਭੇਜਿਆ ਜਾਂਦਾ ਹੈ। ਇਸ ਸਮਝੌਤੇ ਉੱਤੇ ਦਸਤਖ਼ਤ ਤੋਂ ਬਾਅਦ ਇਹ ਮਤਾ ਅਕਾਲੀ ਸਿਆਸਤ ਦੇ ਪ੍ਰਸੰਗ ਵਿਚੋਂ ਹੌਲੀ-ਹੌਲੀ ਗਾਇਬ ਹੋ ਗਿਆ ਤੇ ‘ਅੰਮ੍ਰਿਤਸਰ ਐਲਾਨਨਾਮੇ’ ਨੇ ਇਸ ਦੀ ਥਾਂ ਲੈ ਲਈ ਪਰ ਅਨੰਦਪੁਰ ਸਾਹਿਬ ਦੇ ਮਤੇ ਤੋਂ ਵਧ ਕੇ ਹੋਣ ਦੇ ਬਾਵਜੂਦ ਉਸ ’ਤੇ ਬਹੁਤਾ ਵਿਵਾਦ ਨਹੀਂ ਛਿੜਿਆ।

# ਸੱਭਿਆਚਾਰਕ ਗੀਤਾਂ ਦਾ ਸਿਰਨਾਵਾਂ ਲੋਕ ਗਾਇਕ ਪਾਲੀ ਦੇਤਵਾਲੀਆ






ਸੁਖਵਿੰਦਰ ਸਿੰਘ ਮੁੱਲਾਂਪੁਰ

ਵਟਸਐਪ : +91-99141-84794

ਪੰਜਾਬ ਮੇਲ USA


ਬਹੁਤ ਸਾਰੇ ਗਾਇਕ ਹਨ, ਜੋ ਗੀਤਕਾਰੀ ਦੇ ਖ਼ੇਤਰ ਵਿਚੋਂ ਗਾਇਕੀ ਦੇ ਖ਼ੇਤਰ ਵਿਚ ਆਏ। ਇਨ੍ਹਾਂ ਗਾਇਕਾਂ ਵਿਚ ਪਾਲੀ ਦੇਤਵਾਲੀਏ ਦਾ ਨਾਮ ਬੜੇ ਪਿਆਰ ਸਤਿਕਾਰ ਨਾਲ ਲਿਆ ਜਾਂਦਾ ਹੈ, ਜੋ ਕੇ ਮਾਵਾਂ ਧੀਆਂ ਦੇ ਪਰਿਵਾਰਕ ਅਤੇ ਸੱਭਿਆਚਾਰਕ ਗੀਤ ਗਾ ਰਿਹਾ ਹੈ। ਪਾਲੀ ਨੇ ਗੀਤਾਂ ਰਾਹੀਂ ਧੀਆਂ, ਭੈਣਾਂ ਦੇ ਹਿਰਦਿਆਂ ਅਦਰੋਂ ਉੱਠਦੀਆਂ ਹੂਕਾਂ ਨੂੰ ਮਾਂ ਪਿਓ ਪ੍ਰਤੀ ਪਿਆਰ ਅਤੇ ਗਿੱਲੇ ਸ਼ਿਕਵਿਆਂ ਨੂੰ ਗੀਤਾਂ ਰਾਹੀਂ ਬੁਹਤ ਵਧੀਆ ਢੰਗ ਨਾਲ ਗਾਇਆ ਹੈ, ਜਿਵੇਂ ਕੁੜੀ ਨਿਤ ਦੇ ਸ਼ਰਾਬੀ ਨਾਲ ਵਿਆਤੀ ਬਾਪੂ ਤੁਸੀਂ ਕੀ ਵੇਖਿਆ, ਮੈਨੂੰ ਅੱਜ ਪਰਦੇਸਣ ਕਰਕੇ ਰੋਇਆ ਵਿਹੜਾ ਬਾਬਲੇ ਦਾ, ਝਿੜਕਾਂ ਖਾਣ ਨੂੰ ਜੰਮੀਆਂ ਮਾਏ ਨੀ ਧੀਆਂ, ਮੈਨੂੰ ਬਾਬਲਾ ਵੇ ਤੇਰੇ ਘਰੋਂ ਤੋਰ ਕੇ ਗੁਡੀਆਂ ਪਟੋਲੇ ਰੋਣਗੇ, ਵੰਡ ਬਾਬਲਾ ਵੇ ਕਦੇ ਧੀਆਂ ਦੀਆਂ ਲੋਹੜੀਆਂ, ਵੀਰ ਮੇਰੇ ਰਹਿਣ ਵਸਦੇ, ਆਦਿ ਅਣਗਿਣਤ ਗੀਤ ਗਾਏ ਅਤੇ ਗਾ ਰਿਹਾ ਹੈ।

ਪਾਲੀ ਦਾ ਪੂਰਾ ਨਾਮ ਪ੍ਰਿਤਪਾਲ ਸਿੰਘ ਹੈ। ਇਸ ਦਾ ਜਨਮ ਪਿਤਾ ਸ. ਨਰਾਇਣ ਸਿੰਘ ਦੇ ਘਰ ਮਾਤਾ ਭਗਵੰਤ ਕੌਰ ਦੀ ਕੁੱਖੋਂ ਪਿੰਡ ਦੇਤਵਾਲ, ਜ਼ਿਲ੍ਹਾ ਲੁਧਿਆਣਾ ਵਿਚ ਹੋਇਆ।

ਪਾਲੀ ਨੂੰ ਲਿਖਣ ਦੀ ਕਲਾ ਸਕੂਲ ਟਾਇਮ ਵਿਚ ਹੀ ਜਾਗ ਪਈ। ਇਸ ਨੇ ਆਪਣੀ ਕਲਮ ਨਾਲ 500 ਦੇ ਕਰੀਬ ਗੀਤ ਲਿਖ ਦਿੱਤੇ, ਜਿਨ੍ਹਾਂ ਨੂੰ ਨਾਮਵਰ ਗਾਇਕਾਂ ਨੇ ਰਿਕਾਰਡ ਕਰਵਾਇਆ। ਜਦ ਪਾਲੀ ਨੇ ਕਲਮ ਚੁੱਕੀ, ਉਸ ਟਾਇਮ ਦੇ ਲਿਖੇ ਗੀਤ, ਕੀ ਕਰਾਂ ਕਰਤਾਰੋ ਗੱਡੀ ਛੇ ਸਲੰਡਰ ਦੀ, ਬੋਲੇ ਚਿਮਟਾ ਸਾਧ ਦੇ ਡੇਰੇ, ਸੁਖ ਲਈਆਂ ਪੰਜ ਮੱਸਿਆ, ਰੱਖ ਲੈ ਕਲੀਡਰ ਯਾਰਾ, ਪਾਵੇ ਪਾਵੇ ਉਡਦੀ ਧੂੜ ਦਿਸਦੀ, ਆਦਿ ਗੀਤ ਸੁਰਿੰਦਰ ਛਿੰਦੇ, ਸੁਰਿੰਦਰ ਸੋਨੀਆ ਨੇ ਗਾਏ। ਸੁਰਿੰਦਰ ਛਿੰਦੇ ਅਤੇ ਰਮੇਸ਼ ਰੰਗੀਲੇ ਹੋਰਾਂ ਨੇ 1978 ਵਿਚ ਪਾਲੀ ਦੇ ਗੀਤ ਗਾਉਣੇ ਸ਼ੁਰੂ ਕਰਕੇ ਇਸ ਦੀ ਗੀਤਕਾਰੀ ਚਮਕਾ ਦਿੱਤੀ।

ਖੁਰਾਂ ਨਾਲ ਬੱਕੀ ਮਿਰਜ਼ਾ ਜਗਾਉਂਦੀ ਆ, ਪਤਲੋ ਨੇ ਨੱਚ-ਨੱਚ ਕੇ, ਇੱਕ ਵੀਰ ਦੇਈ ਵੇ ਰੱਬਾ, ਕੁਲਦੀਪ ਮਾਣਕ ਦੀ ਆਵਾਜ਼ ਵਿਚ ਗੀਤ ਆਏ, ਰੰਗੀਲਾ ਜੱਟ, ਲਾਲ ਚੰਦ ਯਮਲਾ ਜੱਟ, ਗੁਰਮੀਤ ਬਾਵਾ, ਸੀਤਲ ਸਿੰਘ ਸੀਤਲ, ਅਮਰ ਸਿੰਘ ਚਮਕੀਲਾ, ਅਮਰਜੋਤ, ਬਲਵਿੰਦਰ ਸਫ਼ਰੀ, ਕਰਤਾਰ ਰਮਲਾ, ਗੁਰਦੇਵ ਢਿੱਲੋਂ, ਸਵਰਨ ਬਾਵਾ, ਸੀਤਲ ਸਿੰਘ ਸੀਤਲ, ਜਸਵੰਤ ਸੰਦੀਲਾ, ਸੁਰਿੰਦਰ ਕੌਰ ਜਗਮੋਹਣ ਕੌਰ, ਪਰਮਿੰਦਰ ਸੰਧੂ ਆਦਿ ਬਹੁਤ ਸਾਰੇ ਗਾਇਕ ਗਾਇਕਾਵਾਂ ਨੇ ਇਸ ਦੇ ਲਿਖੇ ਗੀਤ ਗਾਏ।

ਪਾਲੀ ਨੇ ਆਪਣੇ ਗੀਤ ਗਾਉਣ ਤੋਂ ਬਿਨਾ ਹੋਰ ਗੀਤਕਾਰਾਂ ਦੇ ਗੀਤ ਵੀ ਗਾਏ, ਜਿਵੇਂ ਦੇਵ ਥਰੀਕਿਆਂ ਵਾਲਾ, ਅਮਰੀਕ ਤਲਵੰਡੀ, ਗੁਰਭਜਨ ਗਿੱਲ, ਨੰਦ ਲਾਲ ਨੂਰਪੁਰੀ, ਸਨਮੁੱਖ ਸਿੰਘ ਅਜ਼ਾਦ, ਜਸਵੰਤ ਸੰਦੀਲਾ, ਰਾਜ ਜਗਰਾਓਂ, ਸਵਰਨ ਸਿਵੀਆ, ਕਰਨੈਲ ਸਿਵੀਆ, ਸੁਖ ਮੁੱਲਾਂਪੁਰ, ਜਸਵੀਰ ਭਲੂਰੀਆ, ਕਿੰਦਾ ਢੇਸੀਆਂ ਵਾਲਾ, ਜੋਰਾ ਗਿੱਲ ਮਹਿਣਾ, ਚਮਕੌਰ ਚੱਕ ਵਾਲਾ, ਦੀਪਾ ਸ਼ਤਰਾਣਾ, ਸੁਰਿੰਦਰ ਸਿੰਘ ਸੁੰਨੜ, ਚੰਨ ਜੰਡਿਆਲਵੀ ਆਦਿ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਅਤੇ ਗਾ ਰਿਹਾ ਹੈ।

ਪਾਲੀ ਨੇ ਬਹੁਤ ਸਾਰੀਆਂ ਐਲਬਮਾਂ ਪੰਜਾਬੀ ਗਾਇਕੀ ਦੀ ਝੋਲੀ ਪਾਈਆਂ, ਜਿਵੇਂ ਧੀਆਂ ਦੇਣ ਦੁਹਾਈ, ਧੀਆਂ ਰਾਣੀਆਂ, ਧੀਆਂ ਤੋਰ ਕੇ ਮਾਪੇ, ਮੈਨੂੰ ਵਿਦਾ ਕਰੋ, ਧੀਆਂ ਜਿਊਣ ਜੋਗੀਆਂ ਸਦਕੇ ਮਾਵਾਂ ਦੇ, ਮਾਂ ਦੀ ਚਿੱਠੀ, ਕਰਮਾਂ ਵਾਲੀਆਂ ਮਾਵਾਂ, ਪੁੱਤ ਸਰਵਣ ਵਰਗੇ, ਭਾਈਆਂ ਨਾਲ ਬਹਾਰਾ, ਮਾਵਾਂ ਦੇ ਵਿਛੋੜੇ, ਮਾਪਿਆਂ ਦੀ ਸੇਵਾ, ਬਾਬਲ ਦਾ ਵਿਹੜਾ, ਧੀਏ ਘਰ ਜਾ ਆਪਣੇ, ਵੇਖ ਧੀਆਂ ਦੇ ਲੇਖ, ਚਿੱਠੀਏ ਵਤਨਾਂ ਦੀਏ, ਰੋਂਦੀਆਂ ਗਰੀਬ ਦੀਆਂ ਧੀਆਂ ਆਦਿ। ਪਾਲੀ ਦੇਤਵਾਲੀਏ ਨੇ ਛੇ ਪੰਜਾਬੀ ਗੀਤਕਾਰੀ ਦੀਆਂ ਕਿਤਾਬਾਂ ਵੀ ਪਾਠਕਾਂ ਦੀ ਝੋਲੀ ਪਾਈਆਂ।

ਪਾਲੀ ਆਪਣੇ ਸੱਭਿਆਚਾਰਕ ਗੀਤਾਂ ਨਾਲ ਲੋਕ ਸੰਪਰਕ ਵਿਭਾਗ ਵਿਚ 20 ਸਾਲ ਸੇਵਾ ਕਰ ਚੁੱਕਾ ਹੈ ਅਤੇ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਣ ਜਲੰਧਰ ਤੋਂ ਪ੍ਰਮਾਣਤ ਕਲਾਕਾਰ ਹੈ, ਜੋ ਪਿਛਲੇ ਅਰਸੇ ਤੋਂ ਗਾਉਂਦਾ ਆ ਰਿਹਾ ਹੈ।

ਪਾਲੀ ਸਾਫ਼-ਸੁਥਰੀ ਗਾਇਕੀ ਸਿਰ ’ਤੇ ਕਈ ਵਿਦੇਸ਼ੀ ਟੂਰ ਲਾ ਆਇਆ ਹੈ, ਕਈ ਵਿਦੇਸ਼ੀ ਸੰਸਥਾਵਾਂ ਨੇ ਪਾਲੀ ਨੂੰ ਬੜੇ ਅਦਬ ਨਾਲ ਆਪਣੇ ਮੁਲਕਾਂ ਦੇ ਟੂਰ ਲਗਵਾਏ ਹਨ। 1997 ਵਿਚ ਅਮਰੀਕਾ ਦੀ ਹਿਊਸਟਨ ਯੂਨੀਵਰਸਿਟੀ ਵਲੋਂ ਸਨਮਾਨ ਮਿਲਿਆ। ਪ੍ਰੋਫ਼ੈਸਰ ਮੋਹਣ ਸਿੰਘ ਯਾਦਗਰੀ ਪੁਰਸਕਾਰ ਲੁਧਿਆਣੇ ਮਿਲਿਆ, ਲਾਲ ਚੰਦ ਯਮਲਾ ਜੱਟ ਪੁਰਸਕਾਰ ਲੋਹਾਰਾ (ਮੋਗਾ), ਵਿਰਸੇ ਦਾ ਵਾਰਿਸ ਪੁਰਸਕਾਰ ਅੰਮ੍ਰਿਤਸਰ, ਲੋਕ ਸੰਗੀਤ ਪੁਰਸਕਾਰ ਨਾਭਾ, ਹਾਸ਼ਮ ਸ਼ਾਹ ਯਾਦਗਰੀ ਪੁਰਸਕਾਰ ਜਗਦੇਵ ਕਲਾਂ (ਅੰਮ੍ਰਿਤਸਰ), ਖੇਤੀ ਬਾੜੀ ਯੂਨੀਵਰਸਿਟੀ ਕਿਸਾਨ ਮੇਲਾ ਪੁਰਸਕਾਰ ਵੀ ਮਿਲ ਚੁੱਕਾ ਹੈ, ਇਸ ਤਰ੍ਹਾਂ ਹੋਰ ਵੀ ਬਹੁਤ ਸਨਮਾਨ ਹਾਸਲ ਕਰ ਚੁੱਕਾ ਹੈ।

ਪਾਲੀ ਦੇਤਵਾਲੀਆ ਨੂੰ 2019 ਵਿਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਪੰਜਾਬੀ ਗਾਇਕ ਪੁਰਸਕਾਰ ਦਿੱਤਾ ਗਿਆ।

ਨਵੰਬਰ 2023 ’ਚ ਪਾਲੀ ਨੂੰ ਲੋਕ ਮੰਚ ਪੰਜਾਬ ਵਲੋਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਵਿਖੇ ਇਕ ਲੱਖ ਰੁਪਏ ਦੀ ਰਾਸ਼ੀ ਦੇ ਕੇ ਨੰਦ ਲਾਲ ਨੂਰਪੁਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਪਾਲੀ ਬਹੁਤ ਵਧੀਆ, ਨੇਕ ਦਿਲ, ਮਿਲਣਸਾਰ ਇਨਸਾਨ ਹੈ। ਉਸ ਨੂੰ ਆਪਣੇ ਪਿੰਡ ਨਾਲ ਅੰਤਾਂ ਦਾ ਮੋਹ ਹੈ, ਇਸ ਕਰਕੇ ਇਹ ਆਪਣੇ ਪਰਿਵਾਰ ਸਮੇਤ ਆਪਣੇ ਪਿੰਡ ਦੇਤਵਾਲ ਜੋ ਲੁਧਿਆਣੇ ਤੋਂ 10 ਕੁ ਕਿਲੋਮੀਟਰ ਦੂਰ ਫ਼ਿਰੋਜ਼ਪੁਰ ਰੋਡ ਦੇ ਨਜ਼ਦੀਕ ਸਥਿਤ ਹੈ, ਉੱਥੇ ਰਹਿ ਰਿਹਾ ਹੈ। ਇਸ ਨੇ ਇਕ ਗੀਤ ਗਾਇਆ, “ਮੇਰਾ ਪਿੰਡ ਮੈਨੂੰ ਲੱਗੇ ਮੇਰੀ ਮਾਂ ਵਰਗਾ।”

ਰੱਬ ਅੱਗੇ ਦੁਆ ਕਰਦਾ ਹਾਂ, ਪ੍ਰਮਾਤਮਾ ਪਾਲੀ ਦੀ ਗਾਇਕੀ ਨੂੰ ਇਸ ਤਰ੍ਹਾਂ ਹੀ ਚਲਾਈ ਰੱਖੇ ਅਤੇ ਸਰੋਤੇ ਇਸ ਦੀ ਗਾਇਕੀ ਦਾ ਅਨੰਦ ਮਾਣਦੇ ਰਹਿਣ।

## ਰੁੱਤ ਬਰਸਾਤ ’ਤੇ ਵਿਸ਼ੇਸ਼

# ਧਰਤੀ ਦੇ ਗੁਰਦੇ ਹਨ ਕੁਦਰਤੀ ਢਾਬਾਂ






ਸਤਵੀਰ ਸਿੰਘ ਚਾਨੀਆਂ

92569-73526

(Punjab Mail USA)


ਕੁਦਰਤ ਦਾ ਸਮਤੋਲ ਬਣਾਈ ਰੱਖਣ ਲਈ ਕੁਦਰਤੀ ਬਨਸਪਤੀ, ਜੰਗਲ ਅਤੇ ਕੁਦਰਤੀ ਢਾਬਾਂ/ਛੰਭਾਂ ਦਾ ਹੋਣਾ ਲਾਜ਼ਮੀ ਐ। ਭਾਰਤ ਵਿਚ ਜਿੱਥੇ 1.5 ਫੀਸਦੀ ਰਕਬਾ, ਕੁਦਰਤੀ ਜਲਗਾਹਾਂ ਅਧੀਨ ਹੈ, ਉਥੇ ਇਹ ਦਰ ਪੰਜਾਬ ਵਿਚ ਕੇਵਲ ਮਾਤਰ 0.5 ਫ਼ੀਸਦੀ ਹੈ। 2 ਫਰਵਰੀ 1971 ਨੂੰ ਈਰਾਨ ਦੇ ਸਰਹੱਦੀ ਸ਼ਹਿਰ ਰਾਮਸਰ, ਜੋ ਦੁਨੀਆਂ ਦੀ ਸਭ ਤੋਂ ਵੱਡੀ ਕੁਦਰਤੀ ਝੀਲ ਕੈਸਪੀਅਨ ਸਾਗਰ ਦੇ ਨਾਲ ਖਹਿੰਦੈ, ਵਿਖੇ ਯੂਨੈਸਕੋ ਦੀ ਪਹਿਲਕਦਮੀ ਨਾਲ ਵਾਤਾਵਰਣ ਪ੍ਰੇਮੀਆਂ ਅਤੇ ਚਿੰਤਕਾਂ ਦੀ ਅੰਤਰਾਸ਼ਟਰੀ ਬੈਠਕ ਹੋਈ।

ਇਸ ਬੈਠਕ ਵਿਚ ਜਲਗਾਹਾਂ ਅਧੀਨ ਲਗਾਤਾਰ ਘੱਟ ਰਹੇ ਰਕਬੇ ਅਤੇ ਉਨ੍ਹਾਂ ਦੀ ਮਾੜੀ ਹਾਲਤ ’ਤੇ ਚਿੰਤਾ ਦਾ ਇਜ਼ਹਾਰ ਕਰਦਿਆਂ ਹਰ ਸਾਲ 2 ਫਰਵਰੀ ਨੂੰ ਜਲਗਾਹ ਦਿਹਾੜਾ ਮਨਾਉਣ ਦਾ ਐਲਾਨ ਕੀਤਾ। ਇਕ ਅਨੁਮਾਨ ਮੁਤਾਬਕ ਸਾਡੇ ਦੇਸ਼ ਭਰ ’ਚ ਪੂਰਾ ਸਾਲ 118 ਸੈਂਟੀਮੀਟਰ ਮੀਂਹ ਪੈਂਦਾ ਹੈ। ਇਸ ਤਰ੍ਹਾਂ ਕੁੱਲ ਜਲ ਭੰਡਾਰ 38 ਲੱਖ ਮਿਲੀਅਨ ਘਣ ਮੀ: ਬਣਦੈ। ਇਸ ’ਚੋਂ 13 ਲੱਖ ਮਿਲੀਅਨ ਘਣ ਮੀ: ਪਾਣੀ ਵਾਸ਼ਪੀਕਰਣ ਹੋ ਕੇ ਜਿਥੇ ਮੁੜ ਮੀਂਹ ਅਤੇ ਠੰਡਕ ਦਾ ਵਾਇਸ ਬਣ ਜਾਂਦਾ ਹੈ, ਉਥੇ 8 ਲੱਖ ਮਿਲੀਅਨ ਘਣ ਮੀ: ਜ਼ਮੀਨ ’ਚ ਜਜ਼ਬ ਹੋ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਹਾਈ ਹੁੰਦਾ ਹੈ।

ਪੰਜਾਬ ਦੀ ਗੱਲ ਕਰੀਏ, ਤਾਂ ਪਾਣੀ ਦੇ ਪੱਧਰ ਨੂੰ ਬਣਾਈ ਰੱਖਣ ਲਈ ਸਤਲੁਜ, ਬਿਆਸ ਅਤੇ ਰਾਵੀ ਦਰਿਆ, ਘੱਗਰ, ਚਿੱਟੀ ਵੇਈਂ, ਕਾਲੀ ਵੇਈਂ, ਚੱਕੀਖੱਡ, ਉੱਜ, ਸਵਾਨ, ਸੋਹਨ, ਆਨੰਦਪੁਰ, ਬਲਾਚੌਰ, ਨੂਰਪੁਰਬੇਦੀ, ਸੁਖਨਾ, ਪਟਿਆਲਾ ਕੀ ਰਾਓ, ਜੈਂਤੀ ਦੇਵੀ ਕੀ ਰਾਓ ਅਤੇ ਸਿਸਵਾਂ ਮੌਸਮੀ ਨਦੀਆਂ ਹਨ। ਬੁੱਢਾ ਅਤੇ ਸੱਕੀ ਕਿਰਨ ਨਾਲਾ ਹਨ। ਅਫ਼ਸੋਸ ਕਿ ਅੱਜ ਦੀ ਤਾਰੀਖ਼ ਵਿਚ ਇਹ ਸਭ ਅੰਮ੍ਰਿਤਮਈ ਜੀਵਨ ਦਾਤ ਨੂੰ ਅਸੀਂ ਜ਼ਹਿਰ-ਕਹਿਰ ਵਿਚ ਤਬਦੀਲ ਕਰ ਦਿੱਤਾ ਹੈ। ਜਿਸ ਕਾਰਨ ਅਸੀਂ ਨਿੱਤ ਦਿਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਇਹ ਅਸਿੱਧੇ ਰੂਪ ਵਿਚ ਹਰੀ ਅਤੇ ਉਦਯੋਗਿਕ ਕ੍ਰਾਂਤੀ ਦੇ ਦੂਰਗਾਮੀ ਪ੍ਰਭਾਵ ਹਨ।

ਪਰ ਇੱਥੇ ਸਾਡਾ ਅੱਜ ਦਾ ਵਿਸ਼ਾ ਉਨ੍ਹਾਂ ਹਰੀਕੇ ਪੱਤਣ, ਰੋਪੜ ਜਾਂ ਕਾਂਜਲੀ ਅੰਤਰਰਾਜੀ ਜਾਂ ਅੰਤਰਾਸ਼ਟਰੀ ਪੱਧਰ ਦੀਆਂ ਜਲਗਾਹਾਂ ਦਾ ਨਹੀਂ ਹੈ, ਸਗੋਂ ਕੇਵਲ ਮਾਤਰ ਜਲਗਾਹਾਂ ਨੂੰ ਦੇਸੀ ਭਾਸ਼ਾ ਵਿਚ ਪਿੰਡ ਪੱਧਰ ’ਤੇ ਕਿਹਾ ਜਾਂਦਾ ਢਾਬਾਂ/ਟੋਭਿਆਂ ਤੱਕ ਹੀ ਸੀਮਤ ਹੈ। ਸਾਡੇ ਸੂਰਜੀ ਪਰਿਵਾਰ ’ਚੋਂ ਕੇਵਲ ਮਾਤਰ ਇਹ ਧਰਤੀ ਹੀ ਹੈ, ਜੋ ਜੀਵ ਮੰਡਲ ਦਾ ਦਰਜਾ ਰੱਖਦੀ ਹੈ। ਜਲ, ਥਲ ਅਤੇ ਵਾਯੂ ਮੰਡਲ ਤਿੰਨੋਂ ਮਿਲ ਕੇ ਜੀਵ ਮੰਡਲ ਦੀ ਰਚਨਾ ਕਰਦੇ ਹਨ। ਪਾਣੀ, ਕੁਦਰਤ ਵਲੋਂ ਬਖਸ਼ਿਸ਼ ਇਕ ਵਡਮੁੱਲੀ ਦਾਤ ਹੈ। ਗੁਰਵਾਕ ਹੈ:-

“ਪਹਿਲਾ ਪਾਣੀ ਜੀਓ ਹੈ ਜਿਤੁ ਹਰਿਆ ਸਭ ਕੋਇ॥”

ਸੋ ਜਿੰਨੀਆਂ ਵੀ ਪੁਰਾਣੀਆਂ ਸੱਭਿਆਤਾਵਾਂ ਪ੍ਰਫੁੱਲਤ ਹੋਈਆਂ ਜਾਂ ਪੁਰਾਣੇ ਸ਼ਹਿਰ ਆਬਾਦ ਹੋਏ, ਪਾਣੀ ਦੀ ਲੋੜ ਹਿੱਤ, ਸਭ ਦਰਿਆਵਾਂ ਕਿਨਾਰੇ ਹੀ ਹੋਏ। ਇਹੀ ਨਹੀਂ, ਸਗੋਂ ਪ੍ਰਾਚੀਨ, ਮੱਧ ਜਾਂ ਅੰਗਰੇਜ਼-ਸਿੱਖ ਯੁੱਗ ਤੱਕ ਸਾਰੀਆਂ ਜੰਗਾਂ ਦਰਿਆਵਾਂ ਜਾਂ ਢਾਬਾਂ/ਛੰਭਾਂ ਦੇ ਨਜ਼ਦੀਕ ਹੀ ਹੋਈਆਂ। ਸੋ ਪੁਰਾਣੇ ਦੌਰ ਵਿਚ ਬਜ਼ੁਰਗਾਂ ਵਲੋਂ ਪਾਣੀ ਸਾਧਨਾਂ ਦੀ ਥੋੜ੍ਹ ਕਾਰਨ ਹਰ ਪਿੰਡ ਦੇ ਚੌਹੀਂ ਕੂੰਟੀਂ ਪਾਣੀ ਦੀ ਲੋੜ ਹਿੱਤ ਵੱਡੀਆਂ ਢਾਬਾਂ/ਖੱਡਾਂ ਰਾਖਵੀਆਂ ਛੱਡੀਆਂ ਜਾਂਦੀਆਂ ਸਨ। ਜਿਨ੍ਹਾਂ ਵਿਚ ਵਰਤੋਂ ਹਿੱਤ ਜਿੱਥੇ ਮੀਹਾਂ ਦਾ ਪਾਣੀ ਜਮ੍ਹਾਂ ਰਹਿੰਦਾ, ਉਥੇ ਮਕਾਨ, ਵਿਹੜੇ ਲਿੱਪਣ ਲਈ ਢਾਬਾਂ ਦੀ ਮਿੱਟੀ ਬੜੀ ਕਾਰਗਰ ਹੁੰਦੀ। ਨਹਾਉਣਾ, ਧੋਣਾ, ਪਸ਼ੂ, ਪੰਛੀਆਂ ਜਾਂ ਥੋੜ੍ਹਾ ਬਹੁਤਾ ਪਾਣੀ ਖੇਤੀਬਾੜੀ ਸੰਚਾਈ ਲਈ ਵੀ ਵਰਤ ਲਿਆ ਜਾਂਦਾ। ਅਖਾਣ ਹੈ:-

“ਉਹ ਜ਼ਮੀਨ ਰਾਣੀ-ਜਿਹਦੇ ਸਿਰ ਤੇ ਪਾਣੀ”

ਸਿਖਰ ਦੁਪਹਿਰ ਵੇਲੇ ਆਮ ਰਾਹਗੀਰ, ਵੱਗ ਚਰਾਉਣ ਵਾਲੇ ਆਰਾਮ ਲਈ ਦੁਪਹਿਰਾਂ ਕੱਟਦੇ। ਪੁਰਾਣੇ ਵੇਲਿਆਂ ’ਚ ਬਹੁਤੇ ਬੰਦੇ ਤੁਰ ਕੇ ਹੀ ਦੂਰ ਦਰਾਜ ਦੇ ਪਿੰਡਾਂ ਤੱਕ ਰਿਸ਼ਤੇਦਾਰੀਆਂ ਵਿਚ ਚਲੇ ਜਾਇਆ ਕਰਦੇ। ਬਜ਼ੁਰਗਾਂ ਨੇ ਪਿੰਡੋਂ ਤੁਰਦਿਆਂ ਸਾਫੇ ਦੇ ਲੜ ਰੋਟੀ ਬੰਨ੍ਹ ਲੈਣੀ, ਚਾਦਰਾ ਲਾਹ ਕੇ ਮੋਢੇ ਧਰ ਲੈਣਾ ਅਤੇ ਖੁੱਸੇ ਉਤਾਰ ਕੇ ਹੱਥ ’ਚ ਫੜ ਲੈਣੇ। ਰਿਸ਼ਤੇਦਾਰ ਦੇ ਪਿੰਡ ਤੋਂ ਉਰਾਰ ਚਲਦੇ ਚਰਸ, ਹਲਟ ਜਾਂ ਢਾਬ ’ਤੇ ਰੁਕ ਕੇ ਤਰੋਤਾਜ਼ਾ ਹੋਣਾ। ਜੁੱਤੀ, ਚਾਦਰਾ ਲਾ ਕੇ ਫਿਰ ਅੱਗੇ ਵਧਣਾ।

ਢਾਬਾਂ ਮਨੋਰੰਜਨ ਦਾ ਵੀ ਸਾਧਨ ਹੁੰਦੀਆਂ ਸਨ ਉਦੋਂ। ਜਿੱਥੇ ਗੱਭਰੂਆਂ ਨੇ ਪਸ਼ੂ ਨਹਾਉਣ, ਆਪ ਨਹਾਉਣ ਜਾਂ ਦੁਪਹਿਰਾ ਕੱਟਣ ਚਲੇ ਜਾਣਾ, ਉਥੇ ਮੁਟਿਆਰਾਂ, ਬੀਬੀਆਂ ਨੇ ਬੱਚੇ ਨਹਾਉਣ ਜਾਂ ਕੱਪੜੇ ਧੋਣ ਚਲੇ ਜਾਣਾ। ਇਸ ਤਰ੍ਹਾਂ ਕਈ ਮਨਚਲੇ ਗੱਭਰੂ-ਮੁਟਿਆਰਾਂ ਨੂੰ ਮਿਲਣ ਦਾ ਬਹਾਨਾ ਮਿਲ ਜਾਂਦਾ। ਅਖ਼ਾਣ ਐ:-

‘ਖੂਹ ਟੋਭਿਆਂ ’ਤੇ ਮਿਲਣੋ ਰਹਿਗੇ-ਚੰਦਰੇ ਲਵਾ ਲੇ ਨਲਕੇ’

ਸੋ ਜਿੱਥੇ ਢਾਬਾਂ ਪਾਣੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦੀਆਂ ਸਨ, ਉਥੇ ਸਾਰਾ ਸਾਲ ਢਾਬਾਂ ਦਾ ਪਾਣੀ ਜ਼ਮੀਨ ’ਚ ਰਿਸ-ਰਿਸ ਕੇ ਹੇਠਲੇ ਪਾਣੀ ਦੇ ਪੱਧਰ ਨੂੰ ਵੀ ਬਰਕਰਾਰ ਰੱਖਦਾ ਸੀ। ਇਨ੍ਹਾਂ ਢਾਬਾਂ/ਟੋਭਿਆਂ ਨੂੰ ਹੋਰ ਡੂੰਘੇ ਅਤੇ ਸਾਫ਼ ਕਰਕੇ ਚੌਤਰਫ਼ਾ ਬੂਟੈ ਲਾਉਣ ਦੀ ਬਜਾਏ ਕੁਦਰਤ ਨਾਲ ਖਿਲਵਾੜ ਕਰਦਿਆਂ, ਬਹੁਤਾ ਨਾਜਾਇਜ਼ ਕਬਜ਼ਿਆਂ ਅਤੇ ਕੁੱਝ ਤਰੱਕੀ ਪਸੰਦਾਂ ਨੇ ਸੁੰਦਰੀਕਰਨ ਦੇ ਨਾਮ ਪੁਰ ਇਨ੍ਹਾਂ ਨੂੰ ਵਾਹ ਕੇ ਪੱਧਰਾ ਕਰ ਦਿੱਤਾ ਹੈ। ਜਿਸ ਵਜ੍ਹਾ ਧਰਤੀ ਦੇ ਗੁਰਦਿਆਂ ਦਾ ਦਰਜਾ ਰੱਖਦੀਆਂ ਤਮਾਮ ਢਾਬਾਂ/ਜਲਗਾਹਾਂ ਅਤੇ ਇਹਦੇ ਨਾਲ-ਨਾਲ ਕਿਨਾਰਿਆਂ ’ਤੇ ਖੜ੍ਹੇ ਧਰਤੀ ਦੇ ਫੇਫੜੇ ਕਹਾਉਂਦੇ ਰੁੱਖ, ਖ਼ਤਮ ਹੋਣ ਕਿਨਾਰੇ ਹਨ।

ਮਨੁੱਖੀ ਜਾਤ ਧਰਤੀ ’ਤੇ ਵਾਸ ਕਰਦੀਆਂ ਸਮੂਹ ਪ੍ਰਜਾਤੀਆਂ ਦੀ ਸਰਦਾਰ ਐ। ਇਸ ਧਰਤੀ ’ਤੇ ਰਹਿਣ ਦਾ ਜਿੰਨਾ ਹੱਕ ਸਾਡਾ ਹੈ, ਓਨਾ ਹੀ ਦੂਜਿਆਂ ਦਾ ਵੀ। ਸੋ ਆਪਣੇ ਨਿੱਜੀ ਆਰਥਿਕ ਲਾਭਾਂ ਤੋਂ ਉਪਰ ਉਠ ਕੇ ਕਈ ਜੀਵ-ਜੰਤੂਆਂ ਦੀਆਂ ਠਾਹਰਾਂ ਇਨ੍ਹਾਂ ਟੋਭਿਆਂ ਲਈ ਤਵੱਜੋ ਦੇਣੀ ਬਣਦੀ ਹੈ। ਇਹ ਜ਼ਰੂਰੀ ਹੈ ਕਿ ਪੁੱਤ ਪੋਤਿਆਂ ਲਈ ਖ਼ੈਰ ਚਾਹੁੰਦਿਆਂ ਉਦਮੀ ਪੰਚਾਇਤਾਂ, ਕਲੱਬ ਆਪਣੇ ਪਿੰਡਾਂ ਲਈ, ਅੱਗੇ ਆ ਕੇ ਢਾਬਾਂ/ਟੋਭਿਆਂ ਦੇ ਨਾਲ-ਨਾਲ ਕੁਦਰਤੀ ਬਨਸਪਤੀ ਨੂੰ ਮੁੜ ਸੁਰਜੀਤ ਕਰਨ ਦਾ ਬੀੜਾ ਚੁੱਕਣ। ਇਸੇ ਵਿਚ ਹੀ ਪੰਜਾਬ ਦਾ ਭਵਿੱਖ ਹੈ।

-ਕਿਉਂ ਜੋ, ‘ਜਲ ਹੈ ਤਾਂ ਕੱਲ੍ਹ ਹੈ, ਰੁੱਖ ਹੈ ਤਾਂ ਸੁੱਖ ਹੈ’।

# ਮੀਡੀਆ 'ਚ ਆਏ ਪਰਵਾਸ ਦੇ ਤਾਜ਼ਾ ਅੰਕੜੇ



-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਤਾਜ਼ਾ ਖ਼ਬਰ ਹੈ ਕਿ ਸਾਲ 2024 ਦੌਰਾਨ 4300 ਅਮੀਰ ਲੋਕ ਭਾਰਤ ਛੱਡ ਕੇ ਹੋਰਨਾਂ ਦੇਸ਼ਾਂ ਵਿਚ ਵੱਸ ਜਾਣਗੇ। ਹਰੇਕ ਸਾਲ ਇਹ ਗਿਣਤੀ ਵੱਧਦੀ ਘੱਟਦੀ ਰਹਿੰਦੀ ਹੈ। ਸਾਲ 2019 ਵਿਚ 7000 ਕਰੋੜਪਤੀਆਂ ਨੇ ਭਾਰਤ ਛੱਡਿਆ ਸੀ।

ਅੰਕੜੇ ਪੜ੍ਹਦੇ ਹੋਏ ਮੈਨੂੰ ਹੈਰਾਨੀ ਹੋਈ ਕਿ ਜਿਹੜੇ ਮੁਲਕਾਂ ਵਿਚ ਇਹ ਅਮੀਰ ਭਾਰਤੀ ਜਾ ਰਹੇ ਹਨ, ਉਥੋਂ ਦੇ ਅਮੀਰ ਲੋਕ ਅੱਗੇ ਹੋਰਨਾਂ ਮੁਲਕਾਂ ਵੱਲ ਜਾ ਰਹੇ ਹਨ। ਸਾਲ 2024 'ਚ 9500 ਇੰਗਲੈਂਡ ਵਾਸੀ, 15200 ਚੀਨੀ, 1200 ਕੋਰੀਆਈ, 1000 ਰੂਸੀ ਆਪਣੇ ਦੇਸ਼ ਛੱਡ ਜਾਣਗੇ।

ਜਲੰਧਰ ਜਿਸ ਇਲਾਕੇ ਵਿਚ ਮੈਂ ਰਹਿੰਦਾ ਹਾਂ, ਉਸਦੇ ਰਸਤੇ ਵਿਚ ਲੰਮੇ ਸਮੇਂ ਤੋਂ ਇਕ ਸਰਮਾਏਦਾਰ ਪਰਿਵਾਰ ਰਹਿੰਦਾ ਸੀ। ਸ਼ਹਿਰ ਕੰਢੇ ਜੱਦੀ ਪੁਸ਼ਤੀ ਕਈ ਕਿੱਲੇ ਜ਼ਮੀਨ ਸੀ, ਜਿਹੜੀ ਹੁਣ ਸ਼ਹਿਰ ਵਿਚ ਆ ਚੁੱਕੀ ਹੈ ਅਤੇ ਉਸਦੇ ਇਰਦ-ਗਿਰਦ ਪੌਸ਼ ਏਰੀਆ ਹੈ। ਸ਼ਹਿਰ ਵਿਚ ਵੱਡੇ-ਵੱਡੇ ਕਾਰੋਬਾਰ ਸਨ। ਇਕ ਦਿਨ ਪਤਾ ਲੱਗਾ ਕਿ ਉਹ ਸਾਰਾ ਕੁਝ ਵੇਚ-ਵੱਟ ਕੇ ਕੈਨੇਡਾ ਚਲੇ ਗਏ ਹਨ। ਮੈਂ ਅਕਸਰ ਸੋਚਦਾ ਹਾਂ ਕਿ ਜੇ ਅਜਿਹੇ ਲੋਕ ਵੀ ਸਾਰਾ ਕੁਝ ਛੱਡ ਛੁਡਾ ਕੇ ਵਿਦੇਸ਼ ਜਾ ਕੇ ਵੱਸਣ ਨੂੰ ਤਰਜੀਹ ਦੇ ਰਹੇ ਹਨ, ਤਾਂ ਕੋਈ ਗੱਲ ਤਾਂ ਜ਼ਰੂਰ ਹੋਵੇਗੀ।

ਮੈਂ ਅਕਸਰ ਪਰਵਾਸ ਦੇ ਪਲੱਸ ਮਾਈਨਸ ਸੋਚਣ ਬੈਠ ਜਾਂਦਾ ਹਾਂ ਪਰ ਕਿਸੇ ਨਤੀਜੇ 'ਤੇ ਨਹੀਂ ਪੁੱਜਾ। ਬਹੁਤ ਸਾਰਿਆਂ ਨੇ ਵਿਦੇਸ਼ਾਂ ਵਿਚ ਢੇਰ ਤਰੱਕੀਆਂ ਕੀਤੀਆਂ ਹਨ। ਕੁਝ ਇਸਨੂੰ ਮਿੱਠੀ ਜੇਲ੍ਹ ਆਖਦੇ ਹਨ। ਮੈਂ ਮੰਨਦਾ ਹਾਂ, ਜੇ ਕੁਝ ਪ੍ਰਾਪਤ ਕਰਨਾ ਹੈ, ਤਾਂ ਕੁਝ ਗਵਾਉਣਾ ਵੀ ਪੈਣਾ ਹੈ।

ਪੰਜਾਬ ਤੋਂ ਪਰਵਾਸ ਅਤੇ ਪੰਜਾਬ ਵੱਲ ਪਰਵਾਸ ਲਗਾਤਾਰ ਜਾਰੀ ਹੈ। ਸੋਸ਼ਲ ਮੀਡੀਆ ਅਤੇ ਆਲੇ-ਦੁਆਲੇ 'ਚੋਂ ਅਜਿਹੀਆਂ ਖ਼ਬਰਾਂ ਵੀ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਕਿ ਲੰਮੇ ਸਮੇਂ ਤੋਂ ਵਿਦੇਸ਼ ਰਹਿੰਦੇ ਕੁਝ ਪਰਿਵਾਰ ਵਾਪਸ ਪੰਜਾਬ ਆ ਵੱਸੇ ਹਨ। ਇਸਦੇ ਕੁਝ ਨਿੱਜੀ ਕਾਰਨ ਹੁੰਦੇ ਹਨ ਅਤੇ ਕੁਝ ਸਾਂਝੇ। ਕਿਸੇ ਦਾ ਦਿਲ ਨਹੀਂ ਲੱਗਦਾ, ਕਿਸੇ ਨੂੰ ਆਪਣੀ ਧਰਤੀ, ਆਪਣੇ ਲੋਕਾਂ, ਆਪਣੇ ਘਰ-ਪਰਿਵਾਰ ਦਾ ਹੇਰਵਾ ਸਤਾਉਂਦਾ ਹੈ। ਕਿਸੇ ਦਾ ਮਨ ਅਜਨਬੀ ਮਾਹੌਲ, ਅਜਨਬੀ ਲੋਕਾਂ ਵਿਚ ਨਹੀਂ ਭਿੱਜਦਾ। ਕਿਸੇ ਨੂੰ ਚੱਜ ਦੀ ਨੌਕਰੀ ਨਹੀਂ ਮਿਲਦੀ, ਕਿਸੇ ਦਾ ਕੰਮਕਾਰ ਨਹੀਂ ਚੱਲਦਾ।

ਤਬਦੀਲੀ ਕੁਦਰਤ ਦਾ, ਜੀਵਨ ਦਾ ਨਿਯਮ ਹੈ। ਕੁਝ ਵੀ ਸਥਿਰ ਨਹੀਂ ਹੈ। ਹਰ ਪਲ ਸਭ ਕੁਝ ਬਦਲ ਰਿਹਾ ਹੈ। ਮਨੁੱਖੀ ਮਨ ਕਦੇ ਸੰਤੁਸ਼ਟ ਨਹੀਂ ਹੁੰਦਾ। ਮਨੁੱਖ ਜਿੱਥੇ ਹੈ, ਉਥੋਂ ਹੋਰ ਕਿਤੇ ਚਲਾ ਜਾਣਾ ਚਾਹੁੰਦਾ ਹੈ। ਕਾਰਨ ਜੁਦਾ-ਜੁਦਾ ਹੋ ਸਕਦੇ ਹਨ।

ਸਮਰਾਜ ਚੌਹਾਨ ਦਾ ਇਕ ਛੋਟਾ ਜਿਹਾ ਆਰਟੀਕਲ ਪੜ੍ਹ ਰਿਹਾ ਸਾਂ। ਲਿਖਿਆ ਸੀ ਦੁਨੀਆਂ ਵਿਚ ਹਰ ਚੀਜ਼ ਪਰਿਵਰਤਨਸ਼ੀਲ ਹੈ। ਬਦਲਾਅ ਤੋਂ ਇਲਾਵਾ ਕੁਝ ਵੀ ਸਥਾਈ ਨਹੀਂ ਹੈ। ਨਿਰੰਤਰਤਾ ਬਦਲਾਅ ਨਾਲ ਜੁੜੀ ਹੋਈ ਹੈ। ਬਦਲਾਅ ਨਾਲ ਹੀ ਵਿਕਾਸ ਅਤੇ ਵਿਕਾਸ ਨਾਲ ਹੀ ਲੋਕਾਂ ਦਾ ਜੀਵਨ ਬਿਹਤਰ ਹੁੰਦਾ ਹੈ। ਅਸੀਂ ਇਕ ਨਿਰੰਤਰ ਬਦਲਦੀ ਹੋਈ ਦੁਨੀਆਂ ਵਿਚ ਰਹਿ ਰਹੇ ਹਾਂ। ਮਨੁੱਖਾ ਜੀਵਨ ਵੀ ਇਸੇ ਬਦਲਾਅ ਦਾ ਹਿੱਸਾ ਹੈ। ਮਨੁੱਖ ਕਦੇ ਰੁੱਕਦਾ ਨਹੀਂ ਹੈ। ਸਦੀਆਂ ਪਹਿਲਾਂ ਕਿਥੋਂ ਚੱਲਿਆ ਸੀ, ਅੱਜ ਕਿੱਥੇ ਪੁੱਜ ਗਿਆ ਹੈ। ਸਮੇਂ ਅਤੇ ਹਾਲਾਤ ਅਨੁਸਾਰ ਸਾਨੂੰ ਬਦਲਣਾ ਚਾਹੀਦਾ ਹੈ। ਬਦਲਣਾ ਹੀ ਪੈਣਾ ਹੈ। ਨਦੀ ਦੇ ਵਹਾਅ ਵਾਂਗ। ਨਦੀ ਜਿਸ ਤਰ੍ਹਾਂ ਦੇ ਸਥਾਨ ਤੋਂ ਗੁਜ਼ਰਦੀ ਹੈ, ਉਵੇਂ ਦਾ ਆਚਰਣ ਧਾਰਨ ਕਰ ਲੈਂਦੀ ਹੈ। ਪਹਾੜਾਂ 'ਚੋਂ ਲੰਘਦੀ ਹੈ, ਤਾਂ ਸ਼ੂਕਦੀ ਹੋਈ, ਮੈਦਾਨਾਂ 'ਚੋਂ ਗੁਜ਼ਰਦੀ ਹੈ, ਤਾਂ ਸ਼ਾਂਤ ਜਿਹੀ, ਸਮੁੰਦਰ ਵਿਚ ਜਾ ਮਿਲਦੀ ਹੈ, ਤਾਂ ਉਹਦਾ ਰੂਪ ਹੋ ਜਾਂਦੀ ਹੈ। ਜੀਵਨ ਵੀ ਇਸੇ ਤਰ੍ਹਾਂ ਹੈ।

ਅਖ਼ਬਾਰਾਂ ਵਿਚ ਪਰਵਾਸ ਬਾਰੇ ਲਗਾਤਾਰ ਲੇਖ ਪ੍ਰਕਾਸ਼ਿਤ ਹੋ ਰਹੇ ਹਨ। ਟੈਲੀਵਿਜ਼ਨ ਚੈਨਲਾਂ 'ਤੇ ਚਰਚਾ ਹੋ ਰਹੀ ਹੈ। ਪ੍ਰਵਾਸੀ ਪੰਜਾਬੀਆਂ ਨਾਲ ਲੰਮੀਆਂ ਇੰਟਰਵਿਊ ਪ੍ਰਸਾਰਿਤ ਹੋ ਰਹੀਆਂ ਹਨ।

ਦਰਅਸਲ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ ਸਮਾਂ ਬਦਲ ਗਿਆ ਹੈ। ਮਹਿੰਗਾਈ ਬਹੁਤ ਵਧ ਗਈ ਹੈ। ਨੌਕਰੀ ਦੇ ਮੌਕੇ ਘੱਟ ਗਏ ਹਨ। ਮੈਰਿਟ ਵਾਲੇ, ਚੰਗੀਆਂ ਡਿਗਰੀਆਂ ਵਾਲੇ ਨੌਜਵਾਨਾਂ ਨੂੰ ਅੱਜ ਵੀ ਕੋਈ ਦਿੱਕਤ ਨਹੀਂ। ਮੁਸ਼ਕਲਾਂ ਪਹਿਲਾਂ ਵੀ ਸਨ, ਮੁਸ਼ਕਲਾਂ ਅੱਜ ਵੀ ਹਨ। ਸੋਸ਼ਲ ਮੀਡੀਆ ਕਾਰਨ ਅੱਜ ਗੱਲ ਝੱਟਪਟ ਸਭ ਤੱਕ ਪਹੁੰਚ ਜਾਂਦੀ ਹੈ। ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਵੀ ਬਦਲ ਰਹੀ ਸਥਿਤੀ ਦੇ ਮੱਦੇਨਜ਼ਰ ਸਖ਼ਤ ਰੁਖ਼ ਅਪਣਾ ਰਹੀਆਂ ਹਨ।

ਬੀਤੇ ਦਿਨੀਂ ਕੈਨੇਡਾ ਵਿਖੇ 'ਵਿਸ਼ਵ ਵਿਆਪੀ ਪਰਵਾਸ: ਕਾਰਨ ਅਤੇ ਚੁਣਤੀਆਂ' ਵਿਸ਼ੇ 'ਤੇ ਚਰਚਾ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਪੱਸ਼ਟ ਕਿਹਾ ਗਿਆ ਕਿ ਪਹਿਲੀ ਪੀੜ੍ਹੀ ਖੁਦ ਵਿਦੇਸ਼ ਜਾਣ ਲਈ ਤਿਆਰ ਨਹੀਂ ਸੀ ਪਰ ਹੁਣ ਆਪਣੇ ਬੱਚਿਆਂ ਨੂੰ ਧੜਾਧੜ ਵਿਦੇਸ਼ ਭੇਜ ਰਹੀ ਹੈ। ਵਿਦੇਸ਼ਾਂ ਵਿਚ ਸਥਾਪਤ ਹੋਣ ਲਈ ਹਮੇਸ਼ਾ ਸਰੀਰਕ, ਮਾਨਸਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ, ਨਵੀਂ ਸਮਾਜਿਕ ਬਣਤਰ ਵਿਚ ਘੁਲਣ-ਮਿਲਣ ਲਈ ਲੰਮਾ ਸੰਘਰਸ਼ ਕਰਨਾ ਪੈਂਦਾ ਹੈ। ਸਮਾਂ ਪਾ ਕੇ ਵਧੇਰੇ ਲੋਕ ਸਹਿਜ ਜੀਵਨ ਵਿਚ ਪ੍ਰਵੇਸ਼ ਕਰ ਜਾਂਦੇ ਹਨ।

ਮੋੜਵੇਂ ਪਰਵਾਸ ਦੀ ਗੱਲ ਚੱਲੀ, ਤਾਂ ਮਾਹਿਰਾਂ ਅਤੇ ਵਿਦਵਾਨਾਂ ਦੀ ਰਾਏ ਸੀ ਕਿ ਇਹ ਕੋਈ ਕਲਪਨਾ ਹੀ ਕਹੀ ਜਾ ਸਕਦੀ ਹੈ। ਵਿਦੇਸ਼ਾਂ ਵਿਚ ਪੀ.ਆਰ. ਲੈਣ ਬਾਅਦ ਵਾਪਸ ਭਾਰਤ ਆਉਣ ਵਾਲਿਆਂ ਦਾ ਅੰਕੜਾ ਨਾਮਾਤਰ ਹੈ।

# ਪੈਰਾਂ ਵਿਚ ਰੁਲਦੇ ਡਾਲਰ ..



- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਆਪਣੀ ਪੂਰੀ ਜ਼ਿੰਦਗੀ ਅੰਦਰ ਕੋਈ ਵੀ ਇਨਸਾਨ ਜਦੋਂ ਆਪਣੇ ਘਰ ਤੋਂ ਤੁਰਦਾ ਹੈ, ਤਾਂ ਇੱਕ ਵਾਰ ਉਸ ਦੇ ਮਨ ਦਾ ਜੋ ਹਾਲ ਹੁੰਦਾ ਹੈ, ਉਹ ਵੇਖਿਆਂ ਹੀ ਬਣਦਾ ਹੈ। ਬਹੁਤ ਸਾਰੇ ਪੰਜਾਬੀਆਂ ਵੱਲੋਂ ਵਿਦੇਸ਼ਾਂ ਦੇ ਵਿਚ ਪ੍ਰਵਾਸ ਕੀਤਾ, ਉਥੇ ਜਾ ਕੇ ਉਨ੍ਹਾਂ ਦੀ ਜਿਹੜੀ ਜ਼ਿੰਦਗੀ ਬਣੀ ਹੈ, ਉਹ ਐਵੇਂ ਨਹੀਂ ਬਣ ਗਈ। ਉੱਥੇ ਉਨ੍ਹਾਂ ਨੇ ਸਖਤ ਮਿਹਨਤ ਰਾਹੀਂ ਆਪਣਾ ਸਾਮਰਾਜ ਉਸਾਰਿਆ ਹੈ। ਬਹੁਤ ਸਾਰੇ ਪੰਜਾਬੀ ਵਿਦੇਸ਼ਾਂ ਵਿਚ ਗਏ ਹਨ, ਜਿੱਥੇ ਜਾ ਕੇ ਉਨ੍ਹਾਂ ਨੇ ਆਪਣੇ ਨਾਂ ਦਾ ਡੰਕਾ ਵਜਵਾਇਆ ਹੈ। ਉਨ੍ਹਾਂ ਵੱਲੋਂ ਕੀਤੀ ਸਖਤ ਮਿਹਨਤ ਸਦਕਾ ਹੀ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਆਪਣੇ ਪੰਜਾਬ ਅਤੇ ਆਪਣੇ ਪਿੰਡਾਂ ਦਾ ਨਾਂ ਉੱਚਾ ਕੀਤਾ ਹੈ, ਬਹੁਤ ਮਿਹਨਤ ਕੀਤੀ ਹੈ ਪੰਜਾਬੀਆਂ ਨੇ। ਪੰਜਾਬੀਆਂ ਵੱਲੋਂ ਵਿਦੇਸ਼ਾਂ ਅੰਦਰ ਜਾ ਕੇ ਜੇਕਰ ਕੀਤੀ ਮਿਹਨਤ ਦੇ ਚਿੱਠੇ ਪੜ੍ਹਨੇ ਹੋਣ, ਤਾਂ ਸ਼ਾਇਦ ਬਹੁਤ ਸਾਰਾ ਕਾਗਜ਼ ਲੱਗ ਜਾਵੇ ਕਿਉਂਕਿ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਹੱਡ-ਭੰਨਵੀਂ ਮਿਹਨਤ ਰਾਹੀਂ ਉਹ ਕੰਮ ਵੀ ਕੀਤੇ, ਜੋ ਕੋਈ ਵੀ ਇਨਸਾਨ ਨਹੀਂ ਕਰ ਸਕਦਾ।

ਉਨ੍ਹਾਂ ਵੱਲੋਂ ਉਹ ਛੋਟੇ ਕੰਮ ਵੀ ਕੀਤੇ ਗਏ, ਜਿਸ ਨੂੰ ਕੋਈ ਵੀ ਵਿਅਕਤੀ ਇਹ ਕਹਿ ਕੇ ਕਰਨ ਤੋਂ ਇਨਕਾਰ ਕਰ ਦਿੰਦਾ ਕਿ ਮੈਂ ਇਹ ਹਲਕਾ ਕੰਮ ਜਾਂ ਇਹ ਛੋਟਾ ਕੰਮ ਨਹੀਂ ਕਰ ਸਕਦਾ। ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰ ਪੰਜਾਬੀਆਂ ਨੇ ਮਿਹਨਤ ਦੇ ਨਾਲ ਸਿਰੜ ਰੱਖ ਕੇ ਆਪਣਾ ਸਿਰ ਉੱਚਾ ਕੀਤਾ ਅਤੇ ਆਪਣੇ ਵੱਲੋਂ ਕੀਤੀ ਕਮਾਈ ਦੇ ਨਾਲ ਵੱਡੇ-ਵੱਡੇ ਮਰਤਬੇ ਪਾ ਲਏ। ਪੰਜਾਬੀਆਂ ਨੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਕੀਤੀ, ਉਨ੍ਹਾਂ ਵੱਲੋਂ ਆਪਣੇ ਸਕੂਲ, ਕਾਲਜ ਬਣਾ ਲਏ ਗਏ, ਸਭ ਤੋਂ ਪਹਿਲਾਂ ਪੰਜਾਬੀਆਂ ਨੇ ਆਪਣੇ ਘਰ ਬਣਾ ਕੇ ਉਥੇ ਵੱਡੇ ਪੱਧਰ 'ਤੇ ਨਾਮ ਨਾ ਖੱਟਿਆ, ਉਸ ਤੋਂ ਬਾਅਦ ਬਹੁਤ ਸਾਰੇ ਦਫਤਰ ਵੀ ਪੰਜਾਬੀਆਂ ਵੱਲੋਂ ਬਣਾਏ ਜਾ ਚੁੱਕੇ ਹਨ, ਪੰਜਾਬੀਆਂ ਵੱਲੋਂ ਆਪਣੇ ਦਫਤਰ ਬਣਾਉਣ ਦੇ ਨਾਲ-ਨਾਲ ਉਥੇ ਪੰਜਾਬੀ ਲੋਕਾਂ ਨੂੰ ਰੁਜ਼ਗਾਰ ਵੀ ਦਿੱਤਾ ਗਿਆ।

ਉਨ੍ਹਾਂ ਵੱਲੋਂ ਟਰਾਂਸਪੋਰਟ ਦੇ ਧੰਦੇ ਅੰਦਰ ਵੀ ਵੱਡੇ ਪੱਧਰ 'ਤੇ ਕੰਮ ਕੀਤਾ ਗਿਆ, ਜੋ ਅੱਜ ਵੀ ਜਾਰੀ ਹੈ। ਕਹਿਣ ਤੋਂ ਭਾਵ ਹੈ ਕਿ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਛੋਟੇ ਤੋਂ ਛੋਟੇ, ਵੱਡੇ ਤੋਂ ਵੱਡੇ ਕੰਮ ਕੀਤੇ ਪਰ ਇਨ੍ਹਾਂ ਕੁਝ ਹੋਣ ਦੇ ਬਾਵਜੂਦ ਵੀ ਪੰਜਾਬੀਆਂ ਵੱਲੋਂ ਆਪਣੀ ਕੀਤੀ ਮਿਹਨਤ ਦਾ ਵੱਡਾ ਹਿੱਸਾ ਅਜਾਈਂ ਗੁਆ ਦੇਣਾ, ਕਿਤੇ ਨਾ ਕਿਤੇ ਸਾਡੀ ਸੋਚ 'ਤੇ ਸਵਾਲ ਖੜ੍ਹੇ ਕਰਦਾ ਹੈ। ਮੈਂ ਇੱਥੇ ਇਹ ਗੱਲ ਸਾਰੇ ਪੰਜਾਬੀਆਂ ਦੇ ਖਾਤਰ ਨਹੀਂ ਕਹਾਂਗਾ ਜਾਂ ਲਿਖਾਂਗਾ ਪਰ ਬਹੁਤ ਸਾਰੇ ਪੰਜਾਬੀ ਅਜਿਹੇ ਹਨ, ਜਿਨ੍ਹਾਂ ਦੇ ਪ੍ਰੋਗਰਾਮਾਂ ਵਿਚ ਡਾਲਰ ਪੈਰਾਂ ਹੇਠ ਰੁਲਦੇ ਹਨ, ਜਦਕਿ ਜੇਕਰ ਇਨ੍ਹਾਂ ਦੇ ਉਲਟ ਵੇਖਿਆ ਜਾਵੇ, ਤਾਂ ਸਾਡੇ ਇੱਥੇ ਵੀ ਅਤੇ ਪੰਜਾਬ ਵਿਚ ਵੀ ਬਹੁਤ ਸਾਰੀ ਦੁਨੀਆਂ ਭੁੱਖੀਂ ਮਰ ਰਹੀ ਹੈ। ਹਸਪਤਾਲਾਂ ਵਿਚ ਉਨ੍ਹਾਂ ਦਾ ਕੋਈ ਇਲਾਜ ਨਹੀਂ ਕਰਵਾ ਰਿਹਾ, ਫਿਰ ਅਸੀਂ ਡਾਲਰਾਂ ਨੂੰ ਮਿਧਣ ਦੀ ਬਜਾਏ ਹਸਪਤਾਲਾਂ ਵਿਚ ਖਰਚ ਕਿਉਂ ਨਹੀਂ ਕਰ ਰਹੇ। ਅਸੀਂ ਆਪਣੀ ਕਮਾਈ ਦਾ ਵੱਡਾ ਹਿੱਸਾ ਬੇਕਾਰ ਤਾਂ ਗੁਆ ਦਿੰਦੇ ਹਾਂ ਪਰ ਕਿਸੇ ਬੱਚੇ ਦੀ ਪੜ੍ਹਾਈ 'ਤੇ ਨਹੀਂ ਲਗਾਉਂਦੇ। ਇਹ ਕਾਰਨ ਵੀ ਬਹੁਤ ਵੱਡੇ ਹਨ।

ਇਸ ਤੋਂ ਇਲਾਵਾ ਵੀ ਕਈ ਪੰਜਾਬੀ ਅਜਿਹੇ ਹਨ, ਜਿਹੜੀ ਆਪਣੀ ਹੱਡ-ਭੰਨਵੀਂ ਮਿਹਨਤ ਦੀ ਕਮਾਈ ਦਾ ਵੱਡਾ ਹਿੱਸਾ ਹੋਰ ਮਾੜੇ ਧੰਦਿਆਂ ਵਿਚ ਲਗਾ ਕੇ ਫਜ਼ੂਲ ਖਰਚੀ ਕਰਦੇ ਹਨ। ਭਾਵੇਂ ਇਹ ਗੱਲ ਸਾਰਿਆਂ 'ਤੇ ਲਾਗੂ ਨਹੀਂ ਹੁੰਦੀ। ਕਿਉਂਕਿ ਮੈਂ ਇੱਥੇ ਇਹ ਗੱਲ ਬਾਰ-ਬਾਰ ਤਾਂ ਆਖ ਰਿਹਾ ਹਾਂ, ਤਾਂ ਕਿ ਸਾਡੇ ਕਈ ਸੱਜਣ ਗੁੱਸਾ ਨਾ ਕਰ ਜਾਣ ਪਰ ਬਹੁਤ ਸਾਰੇ ਪੰਜਾਬੀ ਅਜਿਹੇ ਹਨ, ਜਿਨ੍ਹਾਂ ਵੱਲੋਂ ਪੈਸਾ ਗਲਤ ਕੰਮਾਂ 'ਤੇ ਲਾਇਆ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਨੂੰ ਵੇਖ ਕੇ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਜਿੱਥੇ ਸਾਡੇ ਇਨ੍ਹਾਂ ਵੀਰਾਂ ਵੱਲੋਂ ਬਹੁਤ ਸਾਰਾ ਪੈਸਾ ਅਜਾਈਂ ਗਵਾਇਆ ਜਾ ਰਿਹਾ ਹੈ, ਉੱਥੇ ਹੀ ਸਾਡੀ ਕੌਮ ਦੇ ਰਾਗੀ, ਢਾਡੀ ਅਤੇ ਸਿੱਖ ਪ੍ਰਚਾਰਕਾਂ ਦਾ ਮੰਦਾ ਹਾਲ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਅਸੀਂ ਕਿਸੇ ਵੀ ਗ੍ਰੰਥੀ ਸਿੰਘ ਨੂੰ 5 ਹਜ਼ਾਰ ਤੋਂ 10 ਹਜ਼ਾਰ ਤਨਖਾਹ ਦੇਣ ਵੇਲੇ ਤਾਂ ਸੌ ਵਾਰ ਸੋਚਦੇ ਹਾਂ ਪਰ ਜਦਕਿ ਦੂਜੇ ਪਾਸੇ ਕਲਾਕਾਰਾਂ ਨੂੰ ਕਈ-ਕਈ ਲੱਖ ਲੁਟਾ ਕੇ ਆਪਣੀ ਅਕਲ ਦਾ ਜਨਾਜ਼ਾ ਕੱਢਣ ਤੋਂ ਵੀ ਪਿੱਛੇ ਨਹੀਂ ਰਹਿੰਦੇ।

ਲੰਘੇ ਦਿਨ ਇੱਕ ਵੀਡੀਓ ਵੇਖਣ ਦਾ ਮੌਕਾ ਮਿਲਿਆ। ਉਸ ਵਿਚ ਗ੍ਰੰਥੀ ਸਿੰਘ ਵੱਲੋਂ ਆਪਣੀ ਗਰੀਬੀ ਦਾ ਵਾਸਤਾ ਪਾ ਕੇ ਸਿੱਖ ਕੌਮ ਅੱਗੇ ਹੱਥ ਅੱਡੇ ਜਾ ਰਹੇ ਸਨ ਕਿ ਉਸ ਦੇ ਪਰਿਵਾਰ ਨੂੰ ਬਚਾ ਲਵੋ। ਜਦਕਿ ਉਸ ਸਿੰਘ ਦੀ ਕੋਈ ਵੀ ਬਾਂਹ ਫੜਨ ਵਾਲਾ ਨਹੀਂ ਸੀ। ਬਹੁਤ ਸਾਰੀਆਂ ਘਟਨਾਵਾਂ ਅਜਿਹੀਆਂ ਸਾਡੇ ਸਮਾਜ ਵਿਚ ਵਾਪਰਦੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਦਿਲ ਹਲੂਣਿਆ ਜਾਂਦਾ ਹੈ ਪਰ ਅਸੀਂ ਕਿੱਥੇ ਕੂ ਖੜ੍ਹੇ ਹਾਂ, ਇਹ ਵੀ ਸਭ ਕੁਝ ਸਾਡੇ ਸਾਹਮਣੇ ਹੀ ਵਾਪਰਦਾ ਰਹਿੰਦਾ ਹੈ। ਸਾਡੀ ਕੌਮ ਦੀ ਸਦਾ ਹੀ ਇਹ ਤ੍ਰਾਸਦੀ ਰਹੀ ਹੈ ਕਿ ਅਸੀਂ ਬਹੁਤ ਸਾਰੀ ਮਿਹਨਤ ਕਰਨ ਦੇ ਬਾਵਜੂਦ ਆਪਣੇ ਪੈਸੇ ਦੀ ਸਹੀ ਵਰਤੋਂ ਨਹੀਂ ਕਰ ਰਹੇ। ਲੱਖਾਂ ਰੁਪਿਆ ਹਰ ਰੋਜ਼ ਕਲੱਬਾਂ ਵਿਚ ਲੁਟਾਇਆ ਜਾਂਦਾ ਹੈ ਅਤੇ ਹਜ਼ਾਰਾਂ ਰੁਪਏ ਦੀ ਸ਼ਰਾਬ ਪੀ ਕੇ ਮਾਰੀਆਂ ਕਿਲਕਾਰੀਆਂ ਵੀ ਕਿਸੇ ਦੇ ਕੰਮ ਨਹੀਂ ਆਉਂਦੀਆਂ। ਇਸ ਤੋਂ ਇਲਾਵਾ ਹੋਰ ਵੱਖ-ਵੱਖ ਕਿਸਮ ਦੇ ਨਸ਼ਿਆਂ ਰਾਹੀਂ ਅਸੀਂ ਪੂਰੀ ਕੌਮ ਦੀ ਬਦਨਾਮੀ ਕਰਨ ਤੋਂ ਵੀ ਪਿੱਛੇ ਨਹੀਂ ਰਹੇ। ਇਹ ਸਾਰੀਆਂ ਗੱਲਾਂਬਾਤਾਂ ਹੁਣ ਆਮ ਹੋ ਚੁੱਕੀਆਂ ਹਨ।

ਚੰਗਾ ਹੋਵੇ ਜੇਕਰ ਸਾਡੀ ਕੌਮ ਦੇ ਅਮੀਰ ਆਗੂ ਅਤੇ ਵਪਾਰੀ ਵਰਗ ਨਾਲ ਸੰਬੰਧਤ ਲੋਕ ਆਪਣੀ ਕੌਮ ਦੇ ਸਿੱਖ ਪ੍ਰਚਾਰਕਾਂ ਦੀ ਬਾਂਹ ਫੜ ਕੇ ਉਨ੍ਹਾਂ ਦਾ ਦੁੱਖ ਸੁੱਖ ਜਾਨਣ। ਅਸੀਂ ਪੰਜਾਬੀ ਵਿਆਹਾਂ, ਸ਼ਰਾਬ ਅਤੇ ਹੋਰ ਬਹੁਤ ਸਾਰੀਆਂ ਮਹਿੰਗੀਆਂ ਚੀਜ਼ਾਂ ਉੱਤੇ ਤਾਂ ਲੱਖਾਂ ਰੁਪਈਆ ਖਰਚ ਕਰ ਦਿੰਨੇ ਹਾਂ ਪਰ ਕਦੇ ਵੀ ਹਸਪਤਾਲਾਂ ਅਤੇ ਸਕੂਲਾਂ ਵਿਚ ਜਾ ਕੇ ਲੋੜਵੰਦਾਂ ਦਾ ਹਾਲ ਨਹੀਂ ਜਾਨਣ ਦੀ ਕੋਸ਼ਿਸ਼ ਕਰਦੇ। ਅੱਜ ਪੰਜਾਬ ਦੇ ਬਹੁਤ ਸਾਰੇ ਹਸਪਤਾਲਾਂ ਵਿਚ ਬਹੁਤ ਲੋਕ ਦਵਾਈਆਂ ਖੁਣੋਂ ਮਰ ਰਹੇ ਹਨ ਅਤੇ ਗੁਰਦੁਆਰਿਆਂ ਦੇ ਗ੍ਰੰਥੀ ਅਤੇ ਸਿੱਖ ਪ੍ਰਕਾਰਕਾਂ ਦੇ ਮੰਦੇ ਹਾਲ ਦੀ ਕਹਾਣੀ ਵੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਸਾਨੂੰ ਸਾਰਿਆਂ ਨੂੰ ਲੋੜ ਹੈ ਕਿ ਹੋਰਨਾਂ ਪਾਸੇ ਤੋਂ ਪੈਸਾ ਘੱਟ ਕਰਕੇ ਇਨ੍ਹਾਂ ਲੋੜਵੰਦਾਂ ਉੱਤੇ ਖਰਚ ਕਰੀਏ, ਤਾਂ ਕਿ ਇਹ ਲੋਕ ਕੌਮ ਦੀ ਸੇਵਾ ਕਰ ਸਕਣ। ਕਿਉਂਕਿ ਜੇਕਰ ਕਿਸੇ ਕੌਮ ਦੇ ਪ੍ਰਚਾਰਕ ਹੀ ਗਰੀਬੀ ਕਾਰਨ ਸਹੀ ਪ੍ਰਚਾਰ ਨਾ ਕਰ ਸਕਦੇ ਹੋਣ, ਤਾਂ ਉਸ ਕੌਮ ਦੀ ਅਗਲੇ ਸਮੇਂ ਨੂੰ ਕੀ ਦਿਸ਼ਾ ਅਤੇ ਦਸ਼ਾ ਹੋਵੇਗੀ, ਕਹਿਣ ਦੀ ਲੋੜ ਨਹੀਂ। ਚੰਗਾ ਹੋਵੇ ਜੇਕਰ ਪੰਜਾਬੀ ਡਾਲਰਾਂ ਨੂੰ ਪੈਰਾਂ ਵਿਚ ਰੋਲਣ ਦੀ ਬਜਾਏ ਆਪਣੀ ਕੌਮ ਦੇ ਕਾਜ 'ਤੇ ਪੈਸਾ ਖਰਚਣ ਦੀ ਕੋਸ਼ਿਸ਼ ਕਰਨ, ਤਾਂ ਵਧੀਆ ਹੋਵੇਗਾ।

## ਹਿਜ਼ਰਤਨਾਮਾ 81 : ਸ. ਜਗੀਰ ਸਿੰਘ ਪਦਮ

# ਗਿਆਨੀ ਕਰਤਾਰ ਸਿੰਘ ਪਜ਼ਾਮਾ ਮੋਢੇ ’ਤੇ ਧਰ ਕੇ, ਹਿੰਦੂ-ਸਿੱਖਾਂ ਦੇ ਬਚਾਅ ਵਾਸਤੇ ਭੱਜਾ ਫਿਰਦਾ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ

92569-73526
(Punjab Mail USA)


ਸੱਜਿਓਂ ਲੇਖ਼ਕ, ਸ. ਜਗੀਰ ਸਿੰਘ, ਸ. ਸੁਖਵੰਤ ਸਿੰਘ ਸਾਬਕਾ ਸਰਪੰਚ, ਬੇਟੇ ਗੁਰਚਰਨ ਸਿੰਘ ਅਤੇ ਹਰਜੀਤ ਸਿੰਘ।

“ਬਰਖਰਦਾਰੋ, ਮੈਂ ਜਗੀਰ ਸਿੰਘ ਪੁੱਤਰ ਸੰਤਾ ਸਿੰਘ ਪੁੱਤਰ ਜਗਤ ਸਿੰਘ ਕੌਮ ਰਾਮਗੜ੍ਹੀਆ ਸਿੱਖ, ਪਿੰਡ ਰੌਲੀ-ਨਕੋਦਰ ਤੋਂ ਆਪਣੀ ਹਿਜ਼ਰਤ ਨਾਮਾ ਦੀ ਕਹਾਣੀ ਸੁਣਾ ਰਿਹੈਂ। ਵੈਸੇ ਸਾਡਾ ਜੱਦੀ ਪਿੰਡ ਸੋਢੀਆਂ ਦਾ ਮਨਾਵਾਂ ਨਜ਼ਦੀਕ ਜ਼ੀਰਾ (ਫਿਰੋਜ਼ਪੁਰ) ਏ। ਜਦ ਬਾਰਾਂ ਖੁੱਲ੍ਹੀਆਂ ਤਾਂ ਪਿੰਡ ਬੁੰਡਾਲਾ (ਜੰਡਿਆਲਾ ਗੁਰੂ) ਦੇ ਕਈ ਹੁੰਦਲ ਗੋਤ ਦੇ ਜੱਟ ਸਿੱਖ ਜ਼ਿੰਮੀਦਾਰਾਂ ਤਾਈਂ ਸਾਂਦਲ ਬਾਰ ਦੇ ਚੱਕ ਨੰਬਰ 73 ਟਿੱਬੀ ਬੰਡਾਲਾ, ਤਹਿਸੀਲ ਜੜ੍ਹਾਂਵਾਲਾ, ਜ਼ਿਲਾ ਲੈਲਪੁਰ ਵਿਚ ਮੁਰੱਬੇ ਅਲਾਟ ਹੋਏ। ਮੁਰੱਬਿਆਂ ਵਿਚ ਬਹੁਤ ਖੁੱਲ੍ਹੇ ਤੇ ਕਈ ਘੋੜੀ ਪਾਲ ਮੁਰੱਬੇ। ਚੱਕ 73 ਆਬਾਦ ਹੋਇਆ। ਪਿੰਡ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਕਾਮਿਆਂ ਨੂੰ ਬੁਲਾਇਆ। ਖੇਤੀਬਾੜੀ ਸੰਦਾਂ ਅਤੇ ਘਰੇਲੂ ਲੁਹਾਰ/ਤਰਖਾਣ ਦੀ ਲੋੜ ਲਈ ਉਨ੍ਹਾਂ ਜਾਣ ਪਛਾਣ ’ਚੋਂ ਮੇਰੇ ਬਾਬਾ ਜੀ ਨੂੰ ਸੱਦ ਭੇਜਿਆ। ਕਿਉਂ ਜੋ ਬਜ਼ੁਰਗ ਜਾਣਦੇ ਸਨ ਕਿ:-

‘ਘਰਦੇ ਸੰਦ, ਖੇਤ ਵੀ ਘਰਦੇ, ਰਹਿ ਗਈ ਉਸ ਦੀ ਖੇਤੀ।
ਠੇਕੇ ਖੇਤ ਤੇ ਸੰਦ ਕਰਾਏ, ਹੋਣ ਨਾ ਬੱਤੀਓਂ ਤੇਤੀ।’

ਉਹ ਕੋਈ ਪਹਿਲੀ ਆਲਮੀ ਜੰਗ ਦਾ ਸਮਾਂ ਹੋਵੇਗਾ, ਜਦ ਬਾਬਾ ਜੀ ਮੁੱਢਲੇ ਸੰਦਾਂ ਸਮੇਤ ਸਾਡੇ ਬਾਪ ਸੰਤਾ ਸਿੰਘ ਅਤੇ ਬੇਬੇ ਵੀਰ ਕੌਰ ਨੂੰ ਨਾਲ ਲੈ ਕੇ ਚੱਕ 73 ਵਿਚ ਚਲੇ ਗਏ। ਕੰਮ ਚੰਗਾ ਚੱਲ ਪਿਆ। ਗੁਆਂਢੀ ਪਿੰਡਾਂ ਤੋਂ ਵੀ ਗਾਹਕ ਆ ਜਾਂਦੇ। ਬਾਬਾ ਜੀ ਨੇ ਆਪਣੇ ਬਾਕੀ ਪੁੱਤਰਾਂ ਹਜ਼ਾਰਾ ਸਿੰਘ ਫ਼ੌਜੀ ਅਤੇ ਕਿਰਪਾ ਸਿੰਘ ਨੂੰ ਵੀ ਬੁਲਾ ਲਿਆ।

ਰੌਲਿਆਂ ਵੇਲੇ ਮੈਂ ਕੋਈ 12-13 ਸਾਲਾਂ ਦਾ ਹੋਵਾਂਗਾ। ਸਾਡੇ ਸਾਰੇ ਭਰਾਵਾਂ ਮੇਰਾ, ਕਸ਼ਮੀਰ ਸਿੰਘ ਅਤੇ ਮੁਖਤਿਆਰ ਸਿੰਘ ਦਾ ਜਨਮ ਬਾਰ ਦਾ ਹੀ ਏ।

**ਪਿੰਡ ਦੇ ਚੌਧਰੀ:** ਪਿੰਡ ਦੇ ਚੌਧਰੀਆਂ ’ਚ ਲੰਬੜਦਾਰ ਸੁਰੈਣ ਸਿੰਘ ਹੁੰਦਲ ਹੁੰਦਾ। ਪਿੰਡ ਦੇ ਗੁਰਦੁਆਰਾ ਸਾਬ ਦਾ ਪ੍ਰਧਾਨ ਵੀ ਉਹੀ ਸੀ। ਕੋਈ ਵੀ ਮਸਲਾ ਹੁੰਦਾ, ਤਾਂ ਬੋੜ੍ਹ ਥੱਲੇ ਥੜ੍ਹੇ ਤੇ ਖਾਨਗੀ ਪੰਚੈਤ ਦਾ ’ਕੱਠ ਜੁੜਦਾ। ਅਕਸਰ ਸੁਰੈਣ ਸਿੰਘ ਦਾ ਫ਼ੈਸਲਾ ਹੀ ਅਖ਼ੀਰੀ ਹੁੰਦਾ। ਸਾਡਾ ਬਾਬਾ ਜਗਤ ਸਿੰਘ ਵੀ ਫੈਸਲਿਆਂ ’ਤੇ ਜਾਂਦਾ। ਹੋਰ ਵੀ 3-4 ਮੋਹਤਬਰ ਸਨ ਪਰ ਉਨ੍ਹਾਂ ਦੇ ਨਾਮ ਯਾਦ ਨਹੀਂ ਰਹੇ।

**ਗੁਆਂਢੀ ਪਿੰਡ:** ਚੱਕ 73 ਦੇ ਗੁਆਂਢੀ ਪਿੰਡਾਂ ਵਿਚ ਕਲੀਆਂ ਵਾਲਾ ਸਿੱਖਾਂ ਦਾ ਅਤੇ ਜੰਡਵਾਲਾ, ਜੰਡਵਾਲੀ, ਰਾਣੇਵਾਲਾ ਮੁਸਲਮਾਨਾਂ ਦੇ ਪਿੰਡ ਸਨ। ’ਟੇਸ਼ਣ ਸਾਨੂੰ ਜੜ੍ਹਾਂਵਾਲਾ ਲੱਗਦਾ।

**ਪਿੰਡ ਵਿਚ ਖੂਹ:** ਗੁਰਦੁਆਰਾ ਸਾਬ ਵਿਚ ਵੀ ਇੱਕ ਖੂਹੀ ਸੀ। ਨਹੌਂਣ ਧੋਣ ਲਈ ਉਥੇ ਟੂਟੀਆਂ ਲੱਗੀਆਂ ਹੁੰਦੀਆਂ। ਇਕ ਵੱਡਾ ਖੂਹ ਪਿੰਡ ਵਿਚਕਾਰ ਚੁਰੱਸਤੇ ਵਿਚ ਸੀ। ਲੋਕ ਉਥੇ ਨਹੌਂਦੇ, ਬੀਬੀਆਂ ਕੱਪੜੇ ਧੋਂਦੀਆਂ। ਨਜ਼ਦੀਕ ਹੀ ਵੱਡੇ ਬੋਹੜ-ਪਿੱਪਲ ਥੱਲੇ ਹਰ ਵਕਤ ਮਜਲਿਸ ਜੁੜੀ ਹੁੰਦੀ। ਦਰਬਾਰਾ ਸਿੰਘ ਮਹਿਰਾ ਘੜਿਆਂ ਨਾਲ ਲੋਕਾਂ ਦੇ ਘਰਾਂ ਵਿਚ ਪਾਣੀ ਢੋਂਹਦਾ। ਵੱਡਿਆਂ ਘਰਾਂ ਵਿਚ 4-4 ਅਤੇ ਆਮ ਘਰਾਂ ਵਿਚ 2-2 ਘੜੇ। ਉਹਦੇ ਘਰੋਂ ਬੀਬੀ ਪ੍ਰੀਤਮ ਕੌਰ ਭੱਠੀ ’ਤੇ ਦਾਣੇ ਭੁੰਨਦੀ।

ਘਰਾਂ ਵਿਚ ਦੁੱਖ਼-ਸੁੱਖ ਵੇਲੇ ਉਹ ਕੰਮ ਨਿਪਟਾਉਂਦੇ। ਪਿੰਡ ਦੇ ਨਾਈ ਵੀ ਉਨ੍ਹਾਂ ਦੇ ਨਾਲ ਹੁੰਦੇ। ਇਹੀ ਨਹੀਂ, ਸਗੋਂ ਸਾਰੇ ਹੀ ਲੁਹਾਰ, ਤਰਖਾਣ, ਨਾਈ, ਝੀਰ, ਮੋਚੀ, ਤੇਲੀ ਅਤੇ ਦਰਜ਼ੀ ਜ਼ਿੰਮੀਦਾਰਾਂ ਪਾਸੋਂ ਕੰਮ ਬਦਲੇ ਉਜਰਤ ਵਜੋਂ ਹਾੜ੍ਹੀ 16 ਕਿੱਲੋ ਕਣਕ, ਸਾਉਣੀ 12 ਕਿੱਲੋ ਮੱਕੀ ਲੈਂਦੇ। ਪੱਠਾ ਦੱਥਾ, ਸਾਗ, ਗੰਨੇ ਅਤੇ ਸਬਜ਼ੀ-ਭਾਜੀ ਲੋੜ ਮੁਤਾਬਕ ਵੀ ਖੇਤਾਂ ’ਚੋਂ ਲੈ ਆਉਂਦੇ।

**ਗੁਰਦੁਆਰਾ ਸਾਬ:** ਗੁਰਦੁਆਰਾ ਸਿੰਘ ਸਭਾ, ਪਿੰਡ ਦੇ ਵਿਚ ਸੁਸ਼ੋਭਿਤ ਸੀ। ਭਾਈ ਜੀ ਸਵੇਰ ਸ਼ਾਮ ਪਾਠ ਕਰਦੇ। ਗੁਰਪੁਰਬ ਵੀ ਮਨਾਏ ਜਾਂਦੇ। ਭਾਈ ਜੀ ਦਾ ਨਾਮ ਯਾਦ ਨਹੀਂ। ਉਹ ਬਹੁਤ ਹੀ ਭਜਨੀਕ ਅਤੇ ਨੇਕ ਬਖ਼ਤ ਸੀ। ਬੱਚਿਆਂ ਨੂੰ ਗੁਰਮੁਖੀ ਵਰਨਮਾਲਾ ਦੇ ਨਾਲ ਗਤਕਾ ਵੀ ਸਿਖਾਉਂਦੇ। ਪਿੰਡ ਵਿਚ ਕੋਈ ਮਸੀਤ ਨਹੀਂ ਸੀ।

**ਸਕੂਲ:** ਸਾਡੇ ਚੱਕ ਸਕੂਲ ਕੋਈ ਨਹੀਂ ਸੀ। ਮੁੰਡੇ ਗੁਆਂਢੀ ਪਿੰਡ ਕਲੀਆਂ ਵਾਲਾ ਪ੍ਰਾਇਮਰੀ ਸਕੂਲੇ ਪੜ੍ਹਨ ਜਾਂਦੇ। ਕੁੜੀਆਂ ਨੂੰ ਤਦੋਂ ਪੜ੍ਹਾਉਣ ਦਾ ਕੋਈ ਰਿਵਾਜ਼ ਨਹੀਂ ਸੀ ਹੁੰਦਾ। ਮੇਰੇ ਪਿੰਡੋਂ ਹੀ ਅਜੈਬ ਸਿੰਘ ਅਤੇ ਸੁਰਜਣ ਸਿੰਘ ਮੇਰੇ ਹਮਜਮਾਤੀ ਹੁੰਦੇ। ਜਦ ਰੌਲੇ ਪਏ, ਤਾਂ ਮੈਂ ਉਦੋਂ ਚੌਥੀ ਜਮਾਤ ’ਚ ਸਾਂ। ਕੋਈ ਮੁਸਲਿਮ ਬੱਚਾ ਮੇਰੇ ਨਾਲ ਨਹੀਂ ਪੜ੍ਹਿਆ।

**ਪਿੰਡ ਵਿਚ ਮੁਸਲਮਾਨ:** ਪਿੰਡ ਵਿਚ ਕੇਵਲ ਦੋ ਘਰ ਮੁਸਲਿਮ ਮੋਚੀ/ਤੇਲੀਆਂ ਦੇ ਸਨ। ਫੱਤੂ ਅਤੇ ਉਹਦੇ ਘਰੋਂ ਜੈਨਾ ਬੀਬੀ ਮਿਲ ਕੇ ਬਲਦਾਂ ਨਾਲ ਆਟਾ ਪੀਹਣ ਦਾ ਖਰਾਸ ਚਲਾਉਂਦੇ। ਸਰ੍ਹੋਂ ਦਾ ਤੇਲ ਕੱਢਦੇ, ਰੂੰ ਵੀ ਪਿੰਜਦੇ।

ਉਨ੍ਹਾਂ ਦਾ ਬੇਟਾ ਰੱਖੋ, ਮੈਥੋਂ 5-6 ਸਾਲ ਵੱਡਾ ਸੀ, ਵੀ ਕੰਮ ਵਿਚ ਹੱਥ ਵਟਾਉਂਦਾ। ਫੱਤੂ ਦਾ ਭਰਾ ਕੱਥੂ ਵੀ ਉਨ੍ਹਾਂ ਦੇ ਨਾਲ ਹੀ ਹੁੰਦਾ। ਫੱਤੂ ਅਤੇ ਜੈਨਾ ਬੀਬੀ ਲੋਕਾਂ ਦੇ ਘਰਾਂ ਦਾ ਕੰਮ ਵੀ ਕਰ ਆਉਂਦੇ।

**ਦਰਜ਼ੀ:** ਪਿੰਡ ਵਿਚ ਦਰਜ਼ੀ ਦੀ ਇਕ ਦੁਕਾਨ ਸੀ। ਦਰਬਾਰਾ ਸਿੰਘ ਅਤੇ ਗੁਰਦਿੱਤ ਸਿੰਘ ਦੋਏਂ ਸਕੇ ਭਰਾ ਮਿਲ ਕੇ ਲੋਕਾਂ ਦਾ ਨੰਗ ਢੱਕਦੇ। ਕਿਧਰੇ ਕੰਮ ਦਾ ਜ਼ੋਰ ਘੱਟ ਹੁੰਦਾ, ਤਾਂ ਖੇਤਾਂ ਵਿਚ ਦਿਹਾੜੀ ਲੱਪਾ ਵੀ ਕਰ ਆਉਂਦੇ।

**ਹੱਟੀਆਂ:** ਹੱਟੀਆਂ ਪਿੰਡ ਵਿਚ ਤਿੰਨ ਸਨ। ਉਨ੍ਹਾਂ ਵਿਚ ਇਕ ਲੋਟੂ ਨਾਮੇ ਦੁਕਾਨਦਾਰ ਦੀ ਹੱਟੀ ਵਾਹਵਾ ਚੱਲਦੀ। ਪਰ ਆਮ ਸਰਦੇ ਘਰਾਂ ਵਾਲੇ ’ਕੱਠਾ ਰਾਸ਼ਨ ਜੜ੍ਹਾਂਵਾਲਿਓਂ ਵੀ ਲੈ ਆਉਂਦੇ।

**ਖੇਤੀਬਾੜੀ:** ਜ਼ਮੀਨਾਂ ਅਤੇ ਨਹਿਰੀ ਪਾਣੀ ਖੁੱਲ੍ਹਾ ਸੀ। ਸਾਡੀ ਕੋਈ ਜ਼ਮੀਨ ਨਹੀਂ ਸੀ। ਬਜ਼ੁਰਗਾਂ ਨੇ ਵੀ ਉਧਰ ਕੋਈ ਇਕ ਅੱਧ ਮੁਰੱਬਾ ਖਰੀਦ ਕਰਨ ਦਾ ਹਿਆਂ ਨਾ ਕੀਤਾ। ਨਾ ਹੀ ਕੋਈ ਭੌਲੀ? ਹਾਲੇ ਉਪਰ ਲੈ ਕੇ ਵਾਹਿਆ। ਜ਼ਿੰਮੀਦਾਰ ਆਪਣੀਆਂ ਫ਼ਸਲਾਂ ਵਿਚ ਬਹੁਤਾ ਨਰਮਾ, ਕਣਕ ਜਵਾਰ ਹੀ ਬੀਜਦੇ। ਜਿਣਸ ਕਈ ਵਾਰ ਵਪਾਰੀ ਘਰਾਂ ’ਚੋਂ ਹੀ ਖ਼ਰੀਦ ਕੇ ਲੈ ਜਾਂਦੇ ਜਾਂ ਫਿਰ ਆਪ ਜੜ੍ਹਾਂ ਵਾਲਾ ਮੰਡੀ ਵਿਚ ਵੇਚ ਆਉਂਦੇ। ਨਰਮਾ ਅਕਸਰ ਚੱਕ ਝੁੰਮਰਾ ਮੰਡੀ ਵੇਚਦੇ। ਵੱਡੀ ਨਹਿਰ ਗੋਗੇਰਾ ਬ੍ਰਾਂਚ ਪਿੰਡ ਦੇ ਬਾਹਰਵਾਰ ਲੰਘਦੀ, ਖੇਤਾਂ ਨੂੰ ਸੈਰਾਬ ਕਰਦੀ। ਹਾਲੀ-ਪਾਲੀ ਖੁਸ਼ੀ ’ਚ ਝੂਮਦੇ। ਵਜਦ ਵਿਚ ਆਕੇ ਉਹ ਕਿਸੇ ਲੋਕ ਗੀਤ ਦੀ ਸਤਰ ਨੂੰ ਛੇੜਦੇ।

**ਜੱਦੀ ਪਿੰਡਾਂ ਨੂੰ ਮੁਹਾਰ :** ਦੇਸ਼ ਆਜ਼ਾਦੀ ਦਾ ਪਰਵਾਨਾ ਆਇਆ। ਫਿਰਕੂ ਮਾਰ-ਧਾੜ ਸ਼ੁਰੂ ਹੋਈ। ਘਰਾਂ ਵਿਚ ਗੱਲਾਂ ਚੱਲਦੀਆਂ ਕਿ ਹੁਣ ਉਠਣਾ ਪੈਣੈਂ। ਬਾਰ ਪਾਕਿਸਤਾਨ ਬਣੇਗਾ। ਬਚਾਅ ਵਾਸਤੇ ਸਾਡੇ ਬਜ਼ੁਰਗਾਂ ਭੱਠੀ ਨੂੰ ਖੂਬ ਗਰਮ ਰੱਖਿਆ। ਨਿੱਤ ਤਲਵਾਰਾਂ, ਬਰਛੇ ਬਣਦੇ। ਚਾਚਾ ਹਜ਼ਾਰਾ ਸਿੰਘ ਫ਼ੌਜੀ, ਚਾਚਾ ਕਿਰਪਾ ਸਿੰਘ ਅਤੇ ਗੁਰਦਿੱਤ ਸਿੰਘ ਦਰਜ਼ੀ ਹੋਰਾਂ ਪਿੰਡ ’ਚੋਂ ਪਿੱਤਲ ਦੇ ਭਾਂਡੇ ਕੱਠੇ ਕਰਕੇ ਗਰਨੇਡ ਬਣਾਏ। ਰੌਲਾ ਕਾਫ਼ੀ ਵੱਧ ਗਿਆ। ਮੋਹਤਬਰਾਂ ਦੇ ਕੱਠ ਵਿਚ ਇਕ ਦਿਨ ਪਿੰਡ ਛੱਡਣ ਦਾ ਫੈਸਲਾ ਲਿਆ। ਪਸ਼ੂਆਂ ਦੇ ਰੱਸੇ ਖੋਲਤੇ। ਜਿਨ੍ਹਾਂ ਪਾਸ ਗੱਡੇ ਸਨ, ਉਨ੍ਹਾਂ ਗੱਡਿਆਂ ਉਤੇ, ਜਿਨ੍ਹਾਂ ਪਾਸ ਨਹੀਂ ਸਨ, ਉਨ੍ਹਾਂ ਸਿਰਾਂ ਉਪਰ ਹੀ ਕੱਚੀਆਂ ਰਸਦਾਂ, ਗਹਿਣਾ ਗੱਟਾ ਦੀਆਂ ਗੱਠੜੀਆਂ ਰੱਖ ਕੇ ਖੁਰੜਿਆਂ ਵਾਲੇ ਸ਼ੰਕਰ ਨੂੰ ਹੋ ਤੁਰੇ। ਹੋਰ ਵੀ ਪਿੰਡਾਂ ਵਾਲੇ ਆ ਗਏ। ਇਕ ਵੱਡਾ ਰਫਿਊਜੀ ਕੈਂਪ ਬਣ ਗਿਆ। ਤਦੋਂ ਦਾ ਪ੍ਰਸਿੱਧ ਸਿੱਖ ਦਰਵੇਸ਼ ਲੀਡਰ ਗਿਆਨੀ ਕਰਤਾਰ ਸਿੰਘ ਪਜਾਮਾ ਮੋਢੇ ’ਤੇ ਧਰ ਕੇ, ਹਿੰਦੂ-ਸਿੱਖਾਂ ਦੇ ਬਚਾ ਵਾਸਤੇ ਪਿੰਡਾਂ ਵਿਚ ਭੱਜਾ ਫਿਰਦਾ।

ਹਫ਼ਤਿਆਂਬੱਧੀ ਅਸੀਂ ਉਥੇ ਕਾਫ਼ਲੇ ਦੇ ਤੁਰਨ ਦੀ ਉਡੀਕ ਵਿਚ ਬੈਠੇ ਰਹੇ। ਸਾਡੇ ਕਾਫ਼ਲੇ ਲਈ ਵੀ ਉਸ ਨੇ ਡੋਗਰਾ ਮਿਲਟਰੀ ਮੰਗਵਾਈ ਪਰ ਮਿਲਟਰੀ ਦੇ ਆਉਣ ਤੋਂ ਪਹਿਲਾਂ ਹੀ ਕਾਫ਼ਲਾ ਤੁਰ ਪਿਆ। ਫਲਾਈ ਵਾਲਾ ਪਿੰਡ ਨਜ਼ਦੀਕ ਲੁੱਟ ਮਾਰ ਅਤੇ ਉਧਾਲੇ ਦੇ ਲੋਭੀਆਂ ਵਲੋਂ ਕਾਫ਼ਲੇ ਉਪਰ ਹਮਲਾ ਹੋਇਆ। ਕੁੱਝ ਮਾਰੇ ਗਏ, ਕੁੱਝ ਫੱਟੜ ਹੋਏ। ਕਾਫ਼ਲਾ ਖਲੋਅ ਗਿਆ। ਡੋਗਰਾ ਮਿਲਟਰੀ ਵੀ ਪਹੁੰਚ ਗਈ। ਉਸ ਨੇ ਦੰਗੱਈਆਂ ’ਤੇ ਗੋਲੀ ਚਲਾਈ। ਕਈ ਮਾਰੇ ਗਏ। ਫਿਰ ਕਾਫ਼ਲਾ ਤੁਰਿਆ। ਡੋਗਰਾ ਮਿਲਟਰੀ ਵੀ ਨਾਲ ਰਹੀ। ਮੌਤ ਦੀ ਘਾਟੀ ਵਜੋਂ ਜਾਣਿਆਂ ਜਾਂਦਾ ਬੱਲੋ ਕੀ ਹੈੱਡ (ਰਾਵੀ ਦਰਿਆ ਦਾ ਪੁੱਲ), ਕਸੂਰ-ਖੇਮਕਰਨ-ਪੱਟੀ-ਤਰਨਤਾਰਨ ਹੁੰਦੇ ਹੋਏ ਸਾਡਾ ਕਾਫ਼ਲਾ ਪਿੰਡ ਬੰਡਾਲਾ (ਜੰਡਿਆਲਾ ਗੁਰੂ) ਪਹੁੰਚਿਆ। 73 ਚੱਕ ਤੋਂ ਤੁਰਕੇ ਬੁੰਡਾਲੇ ਪਹੁੰਚਣ ਲਈ ਕਰੀਬ ਸਵਾ ਮਹੀਨੇ ਦਾ ਸਮਾਂ ਲੱਗ ਗਿਆ। ਅਸੀਂ ਵੀ ਜ਼ਿੰਮੀਦਾਰਾਂ ਦੇ ਨਾਲ ਹੀ ਉਨ੍ਹਾਂ ਦੇ ਪਿੰਡ ਰਹੇ। ਉਨ੍ਹਾਂ ਦੀ ਕੱਚੀ ਪਰਚੀ ਸਲੇਮਾ-ਨਕੋਦਰ ਦੀ ਪਈ। ਉਪਰੰਤ ਪੱਕੀ ਪਰਚੀ ਮੁਸਲਮਾਨਾਂ ਵਲੋਂ ਖ਼ਾਲੀ ਕੀਤੇ ਪਿੰਡ ਇਸ ਰੌਲੀ-ਨਕੋਦਰ ਦੀ। ਸੋ ਸਾਰੇ ਹੀ 73 ਚੱਕ ਵਾਲਿਆਂ ਇਥੇ ਵਾਸ ਕਰਲਿਆ। ਮੁਸਲਮਾਨਾਂ ਦਾ ਇਕ ਘਰ ਸਾਨੂੰ ਵੀ ਅਲਾਟ ਹੋ ਗਿਆ। ਕਿਉਂ ਜੋ ਬਾਰ ਵਿਚ ਸਾਡੀ ਜ਼ਮੀਨ ਕੋਈ ਨਹੀਂ ਸੀ, ਇਸ ਕਰਕੇ ਸਾਨੂੰ ਇਧਰ ਕੋਈ ਜ਼ਮੀਨ ਨਾ ਮਿਲੀ।

**ਮੁੜ ਪਿੰਡ ਦਾ ਗੇੜਾ:** ਮੇਰਾ ਬੇਟਾ ਗੁਰਚਰਨ ਸਿੰਘ, ਪਿੰਡ ਦੇ ਸਰਪੰਚ ਸੁਖਵੰਤ ਸਿੰਘ, ਜਥੇਦਾਰ ਭਜਨ ਸਿੰਘ ਅਤੇ ਪਿੰਡੋਂ ਹੀ ਹੋਰ 4-5 ਬੰਦੇ, ਜਥੇਦਾਰ ਕੁਲਦੀਪ ਸਿੰਘ ਵਡਾਲਾ ਸਾਬ ਦੇ ਜਥੇ ਨਾਲ ਪਾਕਿਸਤਾਨ ਵਿਚ ਗੁਰਧਾਮਾਂ ਦੀ ਯਾਤਰਾ ’ਤੇ 2-3 ਬਾਰ ਜਾ ਆਏ ਹਨ। 2012 ਵਿਚ ਯਾਤਰਾ ਸਮੇਂ ਬਾਰ ਦੇ ਚੱਕ 73 ਵਿਚ ਵੀ ਗਏ। ਸਰਪੰਚ ਸੁਖਵੰਤ ਸਿੰਘ ਜੀ ਬੋਲੇ, “ਉਥੇ ਸਾਨੂੰ ਜਾਂਗਲੀ ਕੱਥੂ ਤੇਲੀ ਧਾਹ ਕੇ ਮਿਲਿਆ। ਉਸ ਨੂੰ ਮੈਂ ਦੱਸਿਆ ਕਿ ਮੈਂ ਤੇਜਾ ਸਿੰਘ ਦਾ ਪੋਤਰਾ ਵਾਂ। ਬੜੀ ਟਹਿਲ ਕੀਤੀ ਉਸ ਨੇ। ਸੌ ਰੁਪਏ ਪਿਆਰ ਵੀ ਦਿੱਤਾ ਉਸ, ਆਉਣ ਲੱਗਿਆਂ। ਦੂਜੇ ਗੇੜੇ ਅਸੀਂ ਪਿੰਡ ਦੇ ਪ੍ਰਾਇਮਰੀ ਸਕੂਲ ਅਤੇ ਮਸੀਤ ਦੇ ਨਾਮ ਪੁਰ ਵਿੱਤੀ ਮਦਦ ਵੀ ਦੇ ਕੇ ਆਏ। ਅਫ਼ਸੋਸ ਕਿ ਹੁਣ ਉਥੇ ਪੁਰਾਣਾ ਬਜ਼ੁਰਗ ਕੋਈ ਜੀਵੰਤ ਨਾ ਰਿਹਾ।”

---0---

“ਮੇਰੀ ਸ਼ਾਦੀ 1959 ਵਿਚ ਜੋਧ ਨਗਰੀ (ਤਰਸਿੱਕਾ) ਦੀ ਸਰਦਾਰਨੀ ਦਲਜੀਤ ਕੌਰ ਨਾਲ ਹੋਈ। ਕ੍ਰਮਵਾਰ ਗੁਰਚਰਨ ਸਿੰਘ, ਸਤਨਾਮ ਸਿੰਘ, ਹਰਜੀਤ ਸਿੰਘ ਅਤੇ ਗੁਰਮੀਤ ਸਿੰਘ ਚਾਰ ਬੇਟੇ ਪੈਦਾ ਹੋਏ। ਸਰਦਾਰਨੀ 2004 ’ਚ ਅਤੇ ਬੈਂਕ ਮੁਲਾਜਮ ਪੁੱਤਰ ਸਤਨਾਮ ਸਿੰਘ ਜੋ ਕਿ ਤਰਖਾਣਾ ਕੰਮ ਦਾ ਵੱਡਾ ਕਾਰੀਗਰ ਸੀ ਵੀ, ਇਸ ਵਰ੍ਹੇ ਚੜ੍ਹਾਈ ਕਰ ਗਿਆ। ਜੋ ਕਿ ਬਹੁਤ ਤਕਲੀਫ਼ ਦੇਹ ਐ। ਮੇਰੇ ਬੱਚਿਆਂ ਵਿਚ ਖਾਸ ਇਹ ਹੈ ਕਿ ਸਾਰੇ ਹੀ ਗੁਰਸਿੱਖ ਕਹਿਣੇਦਾਰ ਨੇ। ਹੁਣ ਤੱਕ ਰੋਟੀ ਇਕ ਚੁੱਲ੍ਹੇ ’ਤੇ ਹੀ ਪੱਕਦੀ ਹੈ। ਨੂੰਹਾਂ-ਪੁੱਤ-ਪੋਤਰਿਆਂ ਦਾ ਇਤਫ਼ਾਕ ਅਤੇ ਮੁਹੱਬਤ ਹੀ ਅੱਜ ਮੇਰੀ ਲੰਬੀ ਉਮਰ ਦਾ ਰਾਜ਼ ਏ। ਕੱਲ੍ਹ ਦਾ ਰੱਬ ਰਾਖਾ।” ਕਹਿੰਦਿਆਂ ਉਸ ਨੇ ਆਪਣੀ ਕਥਾ ਕਹਿ ਸੁਣਾਈ।




ਸ. ਜਗੀਰ ਸਿੰਘ ਦੇ ਬੇਟੇ ਸਤਨਾਮ ਸਿੰਘ ਮਰਹੂਮ ਵਲੋਂ ਤਿਆਰ ਕੀਤੀਆਂ ਕਲਾ ਕਿਰਤੀਆਂ।

# 'ਦਿਲਾਂ ਦੀ ਜੂਹ'

## ਕਾਂਡ 20

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA






ਜਿੰਦਰ 'ਤੇ ਦਿਨ ਹੁਣ ਹੋਰ ਵੀ ਕਰੜੇ ਚੱਲ ਰਹੇ ਸਨ। ਹੁਣ ਤਾਂ ਭੂਆ ਦੇ ਜੁਆਕ ਉਸ ਨੂੰ ਧੌਲ਼-ਧੱਫ਼ਾ ਵੀ ਕਰ ਜਾਂਦੇ। ਬੱਚਿਆਂ ਅਤੇ ਭੂਆ ਦੇ 'ਜ਼ਬਰ' ਦਾ ਟਾਕਰਾ ਉਹ 'ਸਬਰ' ਨਾਲ਼ ਕਰ ਰਹੀ ਸੀ। ਹੋਰ ਕਰ ਵੀ ਕੀ ਸਕਦੀ ਸੀ..? ਕਿਸੇ ਦੇ ਡਾਂਗ ਥੋੜ੍ਹੋ ਮਾਰ ਦੇਣੀ ਸੀ..?

ਫ਼ੁੱਫ਼ੜ ਜੋਰਾ ਸਿੰਘ ਅੱਜ ਕੰਮ ਤੋਂ ਜਲਦੀ ਹੀ ਘਰ ਆ ਗਿਆ। ਜਿੰਦਰ ਨੂੰ ਖ਼ੁਸ਼ੀ ਹੋਈ। ਕਿਉਂਕਿ ਜਦ ਜੋਰਾ ਸਿੰਘ ਘਰ ਹੁੰਦਾ ਸੀ, ਤਾਂ ਉਸ ਨੂੰ ਬਹੁਤੀ ਨੋਕ-ਝੋਕ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਸੀ। ਭੂਆ ਵੀ ਅੱਜ ਘਰ ਹੀ ਸੀ।

-"ਕੀ ਗੱਲ, ਅੱਜ ਛੇਤੀ ਮੁੜ ਆਏ..?"

-"................।" ਜੋਰਾ ਸਿੰਘ ਚੁੱਪ ਸੀ।

-"ਚਿੱਤ ਤਾਂ ਨੀ ਢਿੱਲਾ..?"

-"ਨਹੀਂ..! ਚਿੱਤ ਠੀਕ ਐ, ਤੂੰ ਚਾਹ ਬਣਾ..!"

-"ਕੁੜੇ ਜਿੰਦਰ...!"

-"ਹਾਂ ਭੂਆ ਜੀ..!"

-"ਆਬਦੇ ਫ਼ੁੱਫ਼ੜ ਵਾਸਤੇ ਚਾਹ ਬਣਾ..!"

-"ਧਰਦੀ ਆਂ ਭੂਆ ਜੀ..!"

-"ਮੈਂ ਕੰਮ ਛੱਡ ਆਇਆ...!" ਫ਼ੁੱਫ਼ੜ ਜਿਵੇਂ ਮਸਾਣਾਂ 'ਚੋਂ ਬੋਲਿਆ ਸੀ।

-"ਬੂਹ ਮੈਂ ਮਰਗੀ, ਕਾਹਤੋਂ...?" ਗੁਰਮੇਲ ਕੌਰ ਪਿੱਟਣ ਵਾਲ਼ਿਆਂ ਵਾਂਗ ਬੋਲੀ, "ਪੰਜ-ਪਾਂਜੇ ਤਾਂ ਕੰਮ ਕਾਰ ਕਰ ਕੇ ਪੂਰੇ ਨੀ ਹੁੰਦੇ, ਘਰੇ ਵਿਹਲੇ ਬੈਠਿਆਂ ਦਾ ਵੇਲ਼ਾ ਪੂਰਾ ਕਿਵੇਂ ਹੋਊ...?"

-"ਤੂੰ ਆਬਦਾ ਮੂੰਹ ਬੰਦ ਰੱਖਿਆ ਕਰ, ਗੱਲ-ਗੱਲ 'ਤੇ ਸਿਆਪਾ ਨਾ ਕਰਨ ਬਹਿ ਜਿਆ ਕਰ..! ਕੋਈ ਨੀ ਗੋਲ਼ੀ ਵੱਜਦੀ..!" ਜੋਰਾ ਸਿੰਘ ਨੇ ਪਤਾ ਨਹੀਂ ਕਿਸ ਦੀ ਖਿਝ ਗੁਰਮੇਲ ਕੌਰ 'ਤੇ ਕੱਢੀ ਸੀ।

.....ਅਸਲ ਵਿਚ 'ਹਾਸੇ' ਅਤੇ 'ਹਾਦਸੇ' ਦਾ ਨਾਂ ਹੀ 'ਜ਼ਿੰਦਗੀ' ਹੈ! ਜ਼ਿੰਦਗੀ ਦੇ ਵਿਚ ਉਤਰਾਅ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਹਰ ਮੋੜ 'ਤੇ ਹਾਦਸਾ ਤੁਹਾਨੂੰ 'ਵੰਗਾਰ' ਬਣ ਕੇ ਟੱਕਰਦਾ ਹੈ, ਜਿਸ ਤੋਂ ਬਚ ਕੇ ਤੁਸੀਂ ਆਪ ਅੱਗੇ ਨਿਕਲਣਾ ਹੁੰਦਾ ਹੈ। ਪਰ ਕਈ ਵਾਰ ਹਾਲਾਤ ਸੱਪ ਦੇ ਮੂੰਹ ਵਿਚ ਕੋਹੜ ਕਿਰਲ਼ੀ ਵਾਲ਼ੇ ਹੁੰਦੇ ਹਨ, ਨਾ ਖਾ ਸਕਦਾ ਹੈ, ਅਤੇ ਨਾ ਥੁੱਕ ਸਕਦਾ ਹੈ। ਖਾਂਦਾ ਹੈ ਤਾਂ ਕੋਹੜੀ, ਜੇ ਨਹੀਂ ਖਾਂਦਾ ਤਾਂ 'ਕਲੰਕੀ' ਬਣਦਾ ਹੈ। ਬਿਲਕੁਲ ਇਸੇ ਤਰ੍ਹਾਂ ਮਜਬੂਰੀਆਂ ਬੰਦੇ ਨੂੰ ਕਈ ਵਾਰ ਦੋਨੋਂ ਪਾਸਿਆਂ ਤੋਂ ਸ਼ਿਕੰਜੇ ਵਿਚ ਕੱਸ ਲੈਂਦੀਆਂ ਹਨ, ਬੰਦਾ ਚਾਹੁੰਦਾ ਹੋਇਆ ਵੀ ਹਿੱਲ ਨਹੀਂ ਸਕਦਾ।

ਇਹੀ ਹਾਲਤ ਜੋਰਾ ਸਿੰਘ ਦੀ ਬਣੀ ਹੋਈ ਸੀ।

ਜੋਰਾ ਸਿੰਘ ਡਿਪਲੋਮੈਟ ਸਕਿਊਰਿਟੀ ਵਿਚ ਕੰਮ ਕਰਦਾ ਸੀ, ਜਿੱਥੇ ਲੰਡਨ ਦੇ ਮੁਹਤਬਰ ਬੰਦੇ ਰਹਿੰਦੇ ਸਨ। ਜੱਜਾਂ ਤੋਂ ਲੈ ਕੇ ਵੱਡੇ-ਵੱਡੇ ਵਕੀਲਾਂ ਤੱਕ ਅਤੇ ਮੰਤਰੀਆਂ ਦੇ ਸਲਾਹਕਾਰਾਂ ਤੋਂ ਲੈ ਕੇ ਅੰਬੈਸਡਰਾਂ ਤੱਕ ਇੱਥੇ ਵਸਦੇ ਸਨ। ਡਿਪਲੋਮੈਟ ਸਕਿਊਰਿਟੀ ਡਿਪਾਰਟਮੈਂਟ, ਜਿੱਥੇ ਜੋਰਾ ਸਿੰਘ ਕੰਮ ਕਰਦਾ ਸੀ, ਓਥੇ ਸਾਰਾ ਸਟਾਫ਼ ਪਹਿਲਾਂ ਹੀ ਇੱਕ ਸ਼ਰਾਬੀ "ਬੌਸ" ਤੋਂ ਦੁਖੀ ਹੋਇਆ ਪਿਆ ਸੀ। ਜੋਰਾ ਸਿੰਘ ਖ਼ੁਦ ਵੀ ਹੈਰਾਨ ਸੀ ਕਿ ਕਰੀਬ ਦੋ ਸਾਲ ਤੋਂ ਨਸ਼ੇ ਵਿਚ ਧੁੱਤ ਹੋ ਕੇ ਆਉਣ ਵਾਲ਼ਾ ਬੌਸ, "ਬੋਰਡ" ਨੂੰ ਕਿਉਂ ਦਿਖਾਈ ਨਹੀਂ ਦੇ ਰਿਹਾ ਸੀ...? ਜੇ 'ਬੋਰਡ ਡਾਇਰੈਕਟਰਜ਼' ਨੂੰ ਦਿਖਾਈ ਦਿੰਦਾ ਸੀ, ਤਾਂ ਉਸ ਨੂੰ ਕੰਮ ਤੋਂ ਕੱਢਿਆ ਕਿਉਂ ਨਹੀਂ ਜਾ ਰਿਹਾ ਸੀ...?? ਅੱਖੀਂ ਦੇਖ ਕੇ ਮੱਖੀ ਕਿਉਂ ਨਿਗਲ਼ੀ ਜਾ ਰਹੀ ਸੀ...?? ਉਸ ਖ਼ਿਲਾਫ਼ ਆ ਰਹੀਆਂ ਇਤਨੀਆਂ ਸ਼ਿਕਾਇਤਾਂ ਅੱਖੋਂ ਪਰੋਖੇ ਕਿਉਂ ਕੀਤੀਆਂ ਜਾ ਰਹੀਆਂ ਸਨ...?? ਇਸ ਦੀ ਵਜਾਹ ਕੀ ਸੀ...?? ਜਾਂ ਕੋਈ ਹੋਰ 'ਖ਼ਾਸ ਕਾਰਨ' ਸੀ...?? ਸਾਰਾ ਸਟਾਫ਼ ਇਸ ਵਿਸ਼ੇ 'ਤੇ ਮਗਜ-ਪੱਚੀ ਕਰਦਾ, ਖਿਝਦਾ ਰਹਿੰਦਾ।

ਤਕਰੀਬਨ ਇੱਕ ਸਾਲ ਸਟਾਫ਼ ਨੇ ਬਿਨਾ ਕਿਸੇ ਬੌਸ, ਅਤੇ ਬਿਨਾ ਕਿਸੇ ਅਗਵਾਈ ਤੋਂ ਆਪਣੇ ਬਲਬੂਤੇ 'ਤੇ ਕੰਮ ਕੀਤਾ। ਪਰ ਸ਼ਲਾਘਾ ਤਾਂ ਕਿਸੇ ਬੋਰਡ ਮੈਂਬਰ ਨੇ ਕੀ ਕਰਨੀ ਸੀ, ਕਿਸੇ ਇੱਕ ਵੀ ਬੋਰਡ ਮੈਂਬਰ ਤੋਂ ਸਟਾਫ਼ ਨੂੰ "ਧੰਨਵਾਦ" ਸ਼ਬਦ ਸੁਣਨਾ ਵੀ ਨਸੀਬ ਨਾ ਹੋਇਆ। ਇਹ ਗੱਲ ਸਾਰਾ ਸਟਾਫ਼ ਮਹਿਸੂਸ ਕਰ ਰਿਹਾ ਸੀ ਕਿ ਸਾਰੇ ਬੋਰਡ ਮੈਂਬਰ ਇਤਨੇ ਨਾ-ਸ਼ੁਕਰੇ, ਲਾਪ੍ਰਵਾਹ ਅਤੇ ਬੇਪ੍ਰਵਾਹ ਕਿਉਂ ਸਨ...? ਕੀ ਕਿਸੇ ਬੋਰਡ ਮੈਂਬਰ ਨੂੰ ਵੀ ਅਹਿਸਾਸ ਨਹੀਂ ਸੀ ਕਿ ਸਾਰਾ ਅਮਲਾ ਬਿਨਾ ਕਿਸੇ ਅਗਵਾਈ ਤੋਂ, ਬਿਨਾ ਕਿਸੇ ਬੌਸ ਤੋਂ ਖ਼ੁਦ ਸਾਰਾ ਸਿਸਟਮ ਸੰਭਾਲ਼ ਰਿਹਾ ਸੀ...? ਡਿਪਲੋਮੈਟ ਸਕਿਊਰਿਟੀ ਦਾ ਕਾਰਜ ਬਿਨਾ ਕਿਸੇ ਅਗਵਾਈ ਤੋਂ ਸੰਭਾਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ, ਇੱਕ ਤਰ੍ਹਾਂ ਨਾਲ਼ ਸ਼ੇਰ ਦੀ ਸਵਾਰੀ ਕਰਨ ਬਰਾਬਰ ਸੀ। ਪਰ ਇਸ ਦਾ ਕਿਸੇ ਬੋਰਡ ਮੈਂਬਰ ਨੂੰ ਅਹਿਸਾਸ ਨਹੀਂ ਸੀ। ਸਾਰਾ ਅਮਲਾ ਫ਼ਿੱਕਾ ਜਿਹਾ ਹੋਇਆ, ਬੇਇੱਜ਼ਤੀ ਜਿਹੀ ਮਹਿਸੂਸ ਕਰੀ ਫ਼ਿਰਦਾ ਸੀ।

ਅਖੀਰ ਸਾਲ ਕੁ ਬਾਅਦ ਇੱਕ ਏਸ਼ੀਅਨ ਬੰਦਾ ਉਨ੍ਹਾਂ ਦਾ ਬੌਸ ਬਣ ਕੇ ਆਇਆ। ਜਿਵੇਂ ਗਰਮੀ ਮੌਕੇ ਠੰਢੀ ਸੀਤ ਹਵਾ ਦਾ ਬੁੱਲਾ ਆਇਆ ਸੀ, ਸਾਰੇ ਸਟਾਫ਼ ਨੇ ਰਾਹਤ ਜਿਹੀ ਮਹਿਸੂਸ ਕੀਤੀ। ਸਾਰੇ ਸੌਖੇ ਹੋ ਗਏ ਜਾਪੇ। ਚਾਲ਼ੀ ਕੁ ਸਾਲ ਦਾ "ਏਸ਼ੀਅਨ ਬੰਦਾ" ਆਇਆ ਦੇਖ ਕੇ ਖ਼ਾਸ ਤੌਰ 'ਤੇ ਜੋਰਾ ਸਿੰਘ ਨੂੰ ਬੜੀ ਖ਼ੁਸ਼ੀ ਹੋਈ ਕਿ ਬੁਨਿਆਦੀ ਤੌਰ 'ਤੇ ਏਸ਼ੀਅਨ ਬੰਦਾ ਸਟਾਫ਼ ਕੋਲ਼ੋਂ ਖੋਹ ਲਈਆਂ ਗਈਆਂ ਸਹੂਲਤਾਂ ਵਕਤ ਆਉਣ 'ਤੇ ਜ਼ਰੂਰ ਵਾਪਸ ਕਰੇਗਾ। ਕਿਉਂਕਿ ਪਿਛਲੇ ਬੌਸ ਨੇ ਸਟਾਫ਼ ਦੀਆਂ ਕੁਝ ਬੇਹੱਦ ਲੋੜੀਂਦੀਆਂ ਸਹੂਲਤਾਂ ਕੰਪਨੀ ਦੀ "ਮੰਦਹਾਲੀ" ਦੀ ਦੁਹਾਈ ਪਾ ਕੇ "ਕੱਟ" ਦਿੱਤੀਆਂ ਸਨ। ਦੂਜੀ ਖ਼ੁਸ਼ੀ ਜੋਰਾ ਸਿੰਘ ਨੂੰ ਇਹ ਹੋਈ ਕਿ ਨਵਾਂ ਬੌਸ ਇੱਕ ਪਾਕਿਸਤਾਨੀ ਮੁਸਲਮਾਨ ਸੀ, ਅਤੇ ਮੁਸਲਮਾਨਾਂ ਦੀ ਖੁੱਲ੍ਹ-ਦਿਲੀ ਬਾਰੇ ਜੋਰਾ ਸਿੰਘ ਨੇ ਆਪਣੇ ਬਜ਼ੁਰਗਾਂ ਤੋਂ ਬਹੁਤ ਕੁਝ ਸੁਣ ਅਤੇ ਬਹੁਤ ਕੁਝ ਪੜ੍ਹ ਰੱਖਿਆ ਸੀ।

ਸਕੂਲ ਦੇ ਸਿਲੇਬਸ ਵਿਚ ਜੋਰਾ ਸਿੰਘ ਨੇ "ਕਾਬਲੀ ਵਾਲ਼ਾ" ਨਾਂ ਦੀ ਕਹਾਣੀ ਪੜ੍ਹੀ ਸੀ। "ਕਾਬਲੀ ਵਾਲ਼ਾ" ਕਹਾਣੀ ਇੱਕ ਮੁਸਲਮਾਨ 'ਪਠਾਣ' ਦੀ ਇਬਾਰਤ ਸੀ, ਜੋ ਇੱਕ ਗਰੀਬ ਘਰ ਦੀ ਨਿੱਕੀ ਜਿਹੀ ਬੱਚੀ ਨਾਲ਼ ਬਹੁਤ ਮੋਹ ਅਤੇ ਹਮਦਰਦੀ ਕਰਦਾ ਸੀ ਅਤੇ ਉਸ ਨੂੰ ਖਾਣ ਵਾਸਤੇ ਮੁਫ਼ਤ ਵਸਤੂਆਂ ਦਿੰਦਾ ਸੀ, ਪਰ ਜਦ ਉਸ ਬੱਚੀ ਦੀ ਮਾਂ ਨੂੰ ਪਤਾ ਚੱਲਦਾ ਹੈ, ਤਾਂ ਉਹ ਬੱਚੀ ਨੂੰ ਬੜੀ ਬੇਰਹਿਮੀ ਨਾਲ਼ ਕੁੱਟਦੀ ਹੈ ਅਤੇ ਹਮਦਰਦ ਪਠਾਣ ਉਸ ਬੱਚੀ ਦੇ ਦਰਦ ਵਿਚ ਸਾਰੀ-ਸਾਰੀ ਰਾਤ ਸੌਂ ਨਹੀਂ ਸਕਦਾ। ਮੁਸਲਮਾਨ ਪਠਾਣ ਬਹੁਤ ਹੀ ਇੱਜ਼ਤਦਾਰ, ਇਮਾਨਦਾਰ, ਦਲੇਰ ਅਤੇ ਨਿੱਡਰ ਹੁੰਦੇ ਹਨ। ਕਿਸੇ ਦੇ ਹੱਕ, ਅਤੇ ਕਿਸੇ ਦੀ ਇੱਜ਼ਤ ਦੀ ਰਾਖੀ ਲਈ ਆਪਣੀ ਜਾਨ ਤੱਕ ਕੁਰਬਾਨ ਕਰਨ ਲੱਗੇ ਇੱਕ ਵਾਰ ਵੀ ਨਹੀਂ ਸੋਚਦੇ। ਮੁਸਲਮਾਨ ਅਤੇ ਪਠਾਣ ਬੜੇ ਅਣਖ਼ੀ ਅਤੇ ਯੋਧੇ ਹੁੰਦੇ ਹਨ, ਉਨ੍ਹਾਂ ਦੀਆਂ ਯਾਰੀਆਂ ਅਤੇ ਬਹਾਦਰੀ ਦੀਆਂ ਕਹਾਣੀਆਂ ਜੋਰਾ ਸਿੰਘ ਨੇ ਆਪਣੇ ਬਜ਼ੁਰਗਾਂ ਤੋਂ ਸੁਣੀਆਂ ਵੀ ਸਨ, ਅਤੇ ਕੁਝ ਪੜ੍ਹੀਆਂ ਵੀ ਸਨ। 1947 ਦੇ ਬਟਵਾਰੇ ਵੇਲ਼ੇ ਜੋਰਾ ਸਿੰਘ ਦੇ ਬਜ਼ੁਰਗ ਪਾਕਿਸਤਾਨ ਤੋਂ ਉੱਜੜ ਕੇ ਆਏ ਸਨ। ਜੋਰਾ ਸਿੰਘ ਦਾ ਦਾਦਾ ਪਾਕਿਸਤਾਨ ਅਤੇ ਖੁੱਲ੍ਹ-ਦਿਲੇ ਮੁਸਲਮਾਨਾਂ ਦੀਆਂ ਕਹਾਣੀਆਂ ਉਸ ਨੂੰ ਬਹੁਤ ਵਾਰ ਸੁਣਾ ਚੁੱਕਿਆ ਸੀ। ਜਿਸ ਕਰਕੇ ਜੋਰਾ ਸਿੰਘ ਪਾਕਿਸਤਾਨ ਦੇ ਮੁਸਲਮਾਨਾਂ ਨੂੰ "ਆਪਣੇ" ਸਮਝਦਾ ਸੀ।

ਪਰ ਇਸ ਨਜ਼ੀਮ ਨਾਂ ਦੇ ਬੌਸ ਦੀ ਪਹਿਲੀ ਹਰਕਤ ਨਾਲ਼ ਹੀ ਜੋਰਾ ਸਿੰਘ ਬਹੁਤ ਨਿਰਾਸ਼ ਅਤੇ ਉਦਾਸ ਹੋ ਗਿਆ। ਜੋਰਾ ਸਿੰਘ ਨੂੰ ਇਹ ਬੌਸ ਬਹੁਤ ਹੀ ਬੇ-ਗ਼ੈਰਤ, ਕੰਨਾਂ ਦਾ ਕੱਚਾ ਅਤੇ ਡਰਪੋਕ ਜਾਪਿਆ। ਜੋਰਾ ਸਿੰਘ ਨੇ ਮਹਿਸੂਸ ਕੀਤਾ ਕਿ ਇਸ ਬੇ-ਗ਼ੈਰਤ ਬੰਦੇ ਨੇ ਕਿਸੇ ਦੇ ਹੱਕ ਦੀ ਰਾਖੀ ਲਈ ਕੁਰਬਾਨੀ ਤਾਂ ਕੀ ਦੇਣੀਂ ਸੀ, ਇਹ ਤਾਂ ਡਰਦਾ ਬੋਰਡ ਮੈਂਬਰ ਦਾ ਚਿਹਰਾ ਦੇਖ ਕੇ ਹੀ ਪੈਂਟ 'ਗਿੱਲੀ' ਕਰਨ ਲੱਗ ਜਾਂਦਾ ਸੀ।

ਅਸਲ ਵਿਚ ਸਟਾਫ਼ ਦੀ ਘਾਟ ਕਾਰਨ ਕੰਪਨੀ ਨੇ ਫ਼ਰੰਟ ਡੈਸਕ ਲਈ ਕੋਈ ਅਫ਼ਰੀਕਨ ਮੂਲ ਦਾ ਬੰਦਾ ਵਕਤੀ ਤੌਰ 'ਤੇ "ਹਾਇਰ" ਕੀਤਾ। ਜਦ ਸ਼ਾਮ ਨੂੰ 'ਮੈਗਡਾ ਮਾਈਲਸਟੋਨ' ਨਾਂ ਦੀ ਇੱਕ 'ਬੋਰਡ ਡਾਇਰੈਕਟਰ' ਉਸ ਨਵੇਂ ਸਟਾਫ਼ ਮੈਂਬਰ ਕੋਲੋਂ ਪਾਰਸਲ ਹਾਸਲ ਕਰਨ ਆਈ, ਤਾਂ ਉਸ ਕੋਲ਼ ਪਾਰਸਲ ਵਾਲ਼ੀ 'ਸਲਿੱਪ' ਅਰਥਾਤ 'ਮੇਲ ਨੋਟੀਫ਼ਿਕੇਸ਼ਨ' ਨਹੀਂ ਸੀ। 'ਮੈਗਡਾ' ਨੂੰ ਕਦੇ ਕਿਸੇ ਸਟਾਫ਼ ਮੈਂਬਰ ਨੇ ਹੱਸਦੀ ਜਾਂ ਮੁਸਕਰਾਉਂਦੀ ਨਹੀਂ ਤੱਕਿਆ ਸੀ। ਉਸ ਦਾ ਗਲ਼ੇ ਪਪੀਤੇ ਵਰਗਾ ਮੂੰਹ ਹਮੇਸ਼ਾ ਘੁੱਟਿਆ ਅਤੇ ਮੱਥਾ ਤਿਊੜੀਆਂ ਨਾਲ਼ ਭਰਿਆ ਰਹਿੰਦਾ ਸੀ। ਢਿਲ਼ਕੇ ਸਰੀਰ ਵਾਲ਼ੀ ਮੈਗਡਾ ਹਰ ਵਕਤ ਲੜਨ ਦੇ ਮੂਡ ਵਿਚ ਰਹਿੰਦੀ ਅਤੇ ਸਟਾਫ਼ ਦੀ ਬੇਇੱਜ਼ਤੀ ਕਰਨ ਵਿਚ ਆਪਣੀ 'ਸ਼ਾਨ' ਸਮਝਦੀ ਸੀ।

55 ਕੁ ਸਾਲ ਦੀ ਮੈਗਡਾ ਜੁਆਨੀ ਵਿਚ ਇੱਕ ਬਹੁਤ 'ਵਿਗੜੀ' ਕੁੜੀ ਰਹੀ ਸੀ। ਚੜ੍ਹਦੀ ਜੁਆਨੀ ਵਿਚ ਉਹ ਪੈਸੇ ਖ਼ਾਤਰ ਅਮੀਰ ਬੁੱਢਿਆਂ ਨੂੰ ਆਪਣਾ ਜਿਸਮ 'ਵੇਚਣ' ਦੀ ਸ਼ੌਕੀਨ ਸੀ। ਪੈਸੇ ਖ਼ਾਤਰ ਕਰੀਬ ਦਸ ਕੁ ਅਮੀਰ ਬੁੱਢਿਆਂ ਦੀ 'ਰਖੇਲ' ਅਤੇ ਪੈਸੇ ਖ਼ਾਤਰ ਹੀ ਪੰਜਾਹ ਕੁ ਬੁੱਢਿਆਂ ਨਾਲ਼ 'ਹਮਬਿਸਤਰ' ਹੋ ਚੁੱਕੀ ਸੀ। ਮੌਜੂਦਾ ਫ਼ਲੈਟ ਵੀ, ਜਿਸ ਵਿਚ ਮੈਗਡਾ ਮਾਈਲਸਟੋਨ ਰਹਿ ਰਹੀ ਸੀ, ਉਸ ਨੂੰ ਕਿਸੇ ਅਮੀਰ ਬੁੱਢੇ ਨੇ ਉਸ ਦੀ 'ਸੇਵਾ' ਤੋਂ ਖ਼ੁਸ਼ ਹੋ ਕੇ 'ਤੋਹਫ਼ੇ' ਵਜੋਂ ਦਿੱਤਾ ਸੀ। ਮੈਗਡਾ ਦੀ ਇਸ 'ਹਿਸਟਰੀ' ਤੋਂ ਸਾਰਾ ਸਟਾਫ਼ ਵਾਕਿਫ਼ ਸੀ, ਸਮੁੱਚੇ ਸਟਾਫ਼ ਵਿਚ ਇਹ ਗੱਲ ਆਮ ਪ੍ਰਚੱਲਤ ਸੀ ਕਿ ਸ਼ਾਇਦ ਜਵਾਨੀ ਵੇਲ਼ੇ ਉਸ ਦੀ ਜ਼ਿੰਦਗੀ ਵਿਚ ਆਏ ਬੁੱਢਿਆਂ ਦਾ ਗੁੱਸਾ ਹੁਣ ਉਹ ਢਲ਼ਦੀ ਉਮਰ ਵਿਚ ਸਟਾਫ਼ ਮੈਂਬਰਾਂ 'ਤੇ ਕੱਢ ਰਹੀ ਸੀ! ਉਸ ਦੀ ਇਸ ਕੰਪਨੀ ਦੀ ਬੋਰਡ ਡਾਇਰੈਕਟਰ ਹੋਣ ਦੇ ਨਾਤੇ ਸਟਾਫ਼ ਨੂੰ ਮਜਬੂਰੀ-ਵੱਸ ਉਸ ਨਾਲ਼ ਬੋਲਣਾ ਪੈਂਦਾ, ਨਹੀਂ ਤਾਂ ਉਸ ਨੂੰ ਕੋਈ ਬੁਲਾਉਣਾ ਤਾਂ ਕੀ, ਚਿਮਟੇ ਨਾਲ਼ ਵੀ ਚੁੱਕਣ ਲਈ ਰਾਜ਼ੀ ਨਹੀਂ ਸੀ। ਕੰਪਨੀ ਦਾ 'ਰੂਲ' ਸੀ ਕਿ ਪਾਰਸਲ ਲੈਣ ਆਏ ਹਰ ਵਿਅਕਤੀ ਕੋਲ਼ 'ਮੇਲ ਨੋਟੀਫ਼ਿਕੇਸ਼ਨ' ਹੋਣਾ ਜ਼ਰੂਰੀ ਸੀ। ਪਰ ਉਹ ਬੋਰਡ ਡਾਇਰੈਕਟਰ ਮੈਗਡਾ ਆਪਣੇ ਅਹੁਦੇ ਦੀ ਹੈਂਕੜ ਅਤੇ ਆਕੜ ਵਿਚ ਬਿਨਾ ਸਲਿੱਪ ਤੋਂ ਪਾਰਸਲ ਲੈਣ ਲਈ 'ਬਜ਼ਿੱਦ' ਸੀ, "ਤੈਨੂੰ ਪਤਾ ਨਹੀਂ ਮੈਂ ਕੌਣ ਹਾਂ?" ਮੈਗਡਾ ਉਸ ਨਵੇਂ ਸਟਾਫ਼ ਮੈਂਬਰ ਦੇ ਗਲ਼ 'ਤੇ ਚੜ੍ਹਦੀ ਆ ਰਹੀ ਸੀ।

-"ਆਈ ਐੱਮ ਸੌਰੀ ਮੈਡਮ, ਤੁਸੀਂ ਕੋਈ ਵੀ ਹੋਵੋਂ, ਪਰ ਮੁਆਫ਼ ਕਰਨਾ ਮੈਂ ਤੁਹਾਨੂੰ ਜਾਣਦਾ ਨਹੀਂ, ਮੇਰਾ ਡਿਊਟੀ ਦਾ ਅੱਜ ਪਹਿਲਾ ਦਿਨ ਹੈ, ਜੋ ਰੂਲਜ਼ ਐਂਡ ਰੈਗੂਲੇਸ਼ਨਜ਼, ਪਾਲਿਸੀ ਐਂਡ ਪ੍ਰਸੀਜ਼ਰਜ਼ ਮੈਨੂੰ ਦੱਸੇ ਗਏ ਨੇ, ਮੈਂ ਉਨ੍ਹਾਂ ਦੀ ਉਲੰਘਣਾਂ ਨਹੀਂ ਕਰ ਸਕਦਾ, ਤੁਸੀਂ ਮੇਲ ਨੋਟੀਫ਼ਿਕੇਸ਼ਨ ਲਿਆਓ ਤੇ ਆਪਣਾ ਪਾਰਸਲ ਲੈ ਜਾਓ, ਮੈਨੂੰ ਸਾਡੇ ਰੂਲਜ਼ ਅਤੇ ਪਾਲਿਸੀ ਅਨੁਸਾਰ ਚੱਲਣ ਦਿਓ, ਪਲੀਜ਼!!" ਉਹ ਹਾਇਰ ਕੀਤਾ ਅਫ਼ਰੀਕਨ ਮੂਲ ਦਾ ਬੰਦਾ ਨਿਮਰਤਾ ਬਰਕਰਾਰ ਰੱਖਣ ਦੇ ਨਾਲ਼-ਨਾਲ਼ ਆਪਣੀ 'ਪਾਲਿਸੀ' 'ਤੇ ਵੀ ਅੜਿਆ ਹੋਇਆ ਸੀ ਅਤੇ 'ਰੂਲਜ਼ ਐਂਡ ਰੈਗੂਲੇਸ਼ਿਨਜ਼' ਅਤੇ 'ਪਾਲਿਸੀ ਐਂਡ ਪ੍ਰਸੀਜ਼ਰਜ਼' ਉਪਰ ਪਹਿਰਾ ਦਿੰਦਾ, ਉਸ ਜ਼ਿੱਦੀ ਔਰਤ ਨੂੰ ਪਾਰਸਲ ਨਹੀਂ ਦੇ ਰਿਹਾ ਸੀ, ਕਿਉਂਕਿ ਪਹਿਲੇ ਦਿਨ ਕੰਮ ਕਰਨ ਕਾਰਨ ਉਹ ਉਸ ਬੋਰਡ ਡਾਇਰੈਕਟਰ ਔਰਤ ਨੂੰ ਜਾਣਦਾ ਤੱਕ ਨਹੀਂ ਸੀ।

ਜੇ ਕੋਈ ਇਮਾਨਦਾਰ ਬੋਰਡ ਡਾਇਰੈਕਟਰ ਹੁੰਦਾ, ਤਾਂ ਉਹ 'ਮੇਲ ਨੋਟੀਫ਼ਿਕੇਸ਼ਨ' ਲਿਆ ਕੇ ਪਾਰਸਲ ਹਾਸਿਲ ਕਰਦਾ ਅਤੇ ਉਸ ਬੰਦੇ ਦੀ ਸ਼ਲਾਘਾ ਕਰਦਾ, ਥਾਪੀ ਦਿੰਦਾ। ਪਰ ਇਸ ਹੰਕਾਰੀ ਬੋਰਡ ਡਾਇਰੈਕਟਰ ਮੈਗਡਾ ਮਾਈਲਸਟੋਨ ਨੇ ਡਿਪਲੋਮੈਟ ਸਕਿਊਰਿਟੀ ਸਟਾਫ਼ ਦੇ ਬੌਸ ਨਜ਼ੀਮ ਨੂੰ ਫ਼ੋਨ ਕਰ ਕੇ ਸਿੱਧਾ ਅਤੇ ਸਪੱਸ਼ਟ ਹੀ ਆਖ ਦਿੱਤਾ ਕਿ ਹਾਇਰ ਕੀਤਾ ਅਫ਼ਰੀਕਨ ਮੂਲ ਦਾ ਬੰਦਾ ਮੈਨੂੰ ਮੁੜ ਫ਼ਰੰਟ ਡੈਸਕ 'ਤੇ ਨਜ਼ਰ ਨਹੀਂ ਆਉਣਾ ਚਾਹੀਦਾ, ਹਾਇਰਿੰਗ ਕੰਪਨੀ ਨੂੰ ਆਖੋ ਕਿ ਕੋਈ ਹੋਰ ਬੰਦਾ ਭੇਜਣ! ਮੈਗਡਾ ਮਾਈਲਸਟੋਨ ਦਾ 'ਹੁਕਮ' ਸੁਣ ਕੇ ਨਵਾਂ ਬੌਸ ਨਜ਼ੀਮ "ਥਰ-ਥਰ" ਕੰਬਣ ਲੱਗ ਪਿਆ ਅਤੇ ਆਪਣੇ ਸਮੁੱਚੇ ਸਟਾਫ਼ ਨੂੰ ਐਲਾਨ ਕਰ ਦਿੱਤਾ ਕਿ ਕੱਲ੍ਹ ਜਦ ਵੀ ਉਹ ਅਫ਼ਰੀਕਨ ਬੰਦਾ ਡਿਊਟੀ 'ਤੇ ਆਵੇ, ਤਾਂ ਉਸ ਨੂੰ ਖੋਟੇ ਪੈਸੇ ਵਾਂਗ ਤੁਰੰਤ ਘਰ ਭੇਜ ਦਿੱਤਾ ਜਾਵੇ, ਉਸ ਦੀ ਜਗ੍ਹਾ ਕੰਪਨੀ ਕੋਈ ਹੋਰ ਨਵਾਂ ਬੰਦਾ ਭੇਜੇਗੀ।

ਅਗਲੇ ਦਿਨ ਸਵੇਰੇ ਜਦ ਉਹ ਬੰਦਾ ਡਿਊਟੀ 'ਤੇ ਆਇਆ ਤਾਂ ਉਸ ਨੂੰ ਬੌਸ ਨਜ਼ੀਮ ਵੱਲੋਂ ਆਇਆ "ਡਿਕਟੇਟਰੀ ਹੁਕਮ" ਸੁਣਾ ਕੇ ਘਰ ਭੇਜ ਦਿੱਤਾ ਗਿਆ। ਉਸ ਬੰਦੇ ਨੇ ਜੋਰਾ ਸਿੰਘ ਅੱਗੇ ਆਪਣੇ ਲੋੜਵੰਦ ਪ੍ਰੀਵਾਰ ਅਤੇ ਨਿੱਕੇ-ਨਿੱਕੇ ਬੱਚਿਆਂ ਦੇ ਵਾਸਤੇ ਪਾਏ, ਹਾੜ੍ਹੇ ਕੱਢੇ, ਪਰ ਜੋਰਾ ਸਿੰਘ ਦੇ ਤਾਂ ਕੁਝ ਵੀ ਹੱਥ ਵਿਚ ਨਹੀਂ ਸੀ, ਜੋਰਾ ਸਿੰਘ ਤਾਂ ਖ਼ੁਦ ਬੇਵੱਸਾ ਹੋਇਆ ਖੜ੍ਹਾ, ਪਾਲਿਸੀ ਦੀਆਂ ਧੱਜੀਆਂ ਉਡਦੀਆਂ ਦੇਖ ਰਿਹਾ ਸੀ। ਸਿਧਾਂਤਾਂ ਅਤੇ ਅਸੂਲਾਂ 'ਤੇ ਦ੍ਰਿੜ ਰਹਿਣ ਵਾਲ਼ੇ ਇੱਕ ਇਮਾਨਦਾਰ ਕਾਮੇ ਦੇ ਅਸੂਲ, ਸਿਧਾਂਤ ਅਤੇ ਇਮਾਨਦਾਰੀ ਇੱਕ ਔਰਤ ਦੀ ਜ਼ਿੱਦ ਅਤੇ ਹਾਉਮੈ ਦੀ ਬਲੀ ਚੜ੍ਹੀ ਜੋਰਾ ਸਿੰਘ ਖ਼ੁਦ ਤੱਕ ਰਿਹਾ ਸੀ। ਉਸ ਅਫ਼ਰੀਕਨ ਕਾਮੇ ਦੇ ਕੀਤੇ ਤਰਲੇ ਅਤੇ ਪਾਏ ਵਾਸਤੇ ਜੋਰਾ ਸਿੰਘ ਦੇ ਕੰਨਾਂ ਵਿਚ ਕੀਰਨੇ ਪਾਈ ਜਾ ਰਹੇ ਸਨ। ਮੁਸਲਮਾਨਾਂ ਅਤੇ ਪਠਾਣਾਂ ਸਬੰਧੀ ਸੁਣੇ ਇਮਾਨਦਾਰੀ, ਨਿਡਰਤਾ, ਅਣਖ਼ ਅਤੇ ਇੱਜ਼ਤ ਦੇ ਕਿੱਸੇ ਅੱਜ ਬੇਵੱਸ ਜੋਰਾ ਸਿੰਘ ਨੂੰ ਝੂਠੇ ਜਾਪ ਰਹੇ ਸਨ ਅਤੇ ਇਸ ਅਖੌਤੀ ਮੁਸਲਮਾਨ ਨਜ਼ੀਮ ਦੇ ਖ਼ਿਲਾਫ਼ ਜੋਰਾ ਸਿੰਘ ਨੂੰ ਇੱਕ ਚੜ੍ਹਦੀ ਅਤੇ ਇੱਕ ਉਤਰਦੀ ਸੀ, ਜੋ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਵਾਲ਼ੇ ਸਟਾਫ਼ ਮੈਂਬਰ ਦੇ ਹੱਕ ਵਿਚ ਸਟੈਂਡ ਲੈਣ ਦੀ ਬਜਾਏ, ਇੱਕ ਬੋਰਡ ਡਾਇਰੈਕਟਰ ਔਰਤ ਅੱਗੇ 'ਭਿੱਜੀ ਬਿੱਲੀ' ਬਣ ਕੇ, ਡਰਦਾ ਹੱਥ ਖੜ੍ਹੇ ਕਰ ਗਿਆ ਸੀ। ਨਜ਼ੀਮ ਦਾ ਇੱਕੋ ਹੀ ਦੁਖਾਂਤ ਸੀ ਕਿ ਜਦ ਵੀ ਉਹ ਕਿਸੇ ਬੋਰਡ ਮੈਂਬਰ ਨੂੰ ਦੇਖਦਾ, ਤਾਂ ਡਰੇ ਕੁੱਤੇ ਵਾਂਗ ਚੱਡੀ ਵਿਚ ਤੁਪਕਾ-ਤੁਪਕਾ 'ਮੂਤਣ' ਲੱਗ ਜਾਂਦਾ।

ਇਸ ਵਰਤਾਰੇ ਨੇ ਜੋਰਾ ਸਿੰਘ ਨੂੰ ਧੁਰ ਤੱਕ ਹਿਲਾ ਕੇ ਰੱਖ ਦਿੱਤਾ ਸੀ ਕਿ ਕੋਈ ਬੰਦਾ ਕਿਸੇ ਦਾ ਇਤਨਾ ਵੀ 'ਗ਼ੁਲਾਮ' ਅਤੇ 'ਜੀ ਹਜ਼ੂਰੀਆ' ਹੋ ਸਕਦਾ ਸੀ ਕਿ ਸਿਧਾਂਤ ਅਤੇ ਅਸੂਲਾਂ ਨੂੰ ਛਿੱਕੇ ਟੰਗ, ਕਿਸੇ ਦੀ ਜ਼ਿੱਦ ਪੁਗਾ ਕੇ ਕਿਸੇ ਮਜਬੂਰ ਬੰਦੇ, ਬੱਚਿਆਂ ਦੇ ਬਾਪ ਦੀ ਰੋਜ਼ੀ-ਰੋਟੀ ਖੋਹ ਸਕਦਾ ਸੀ। ਜੋਰਾ ਸਿੰਘ ਨੂੰ ਜਰਮਨੀ ਦੇ ਡਿਕਟੇਟਰ ਐਡੋਲਫ਼ ਹਿਟਲਰ ਦੀ ਸਿਨੇਮਾ ਵਾਲ਼ੀ ਕਹਾਣੀ ਯਾਦ ਆ ਗਈ।....

.....ਉਸ ਸਮੇਂ ਹਿਟਲਰ ਦੀ ਪੂਰੀ 'ਚੜ੍ਹਾਈ' ਸੀ ਅਤੇ ਹਰ ਪਾਸੇ ਹਿਟਲਰ ਦੀ 'ਬੱਲੇ-ਬੱਲੇ' ਗੂੰਜ ਰਹੀ ਸੀ। ਜਦ ਵੀ ਸਿਨਮੇਂ ਵਿਚ ਫ਼ਿਲਮ ਸ਼ੁਰੂ ਹੁੰਦੀ, ਤਾਂ ਸਭ ਤੋਂ ਪਹਿਲਾਂ ਸਕਰੀਨ 'ਤੇ ਨਾਜ਼ੀ ਝੰਡਾ ਲਹਿਰਾਇਆ ਜਾਂਦਾ ਅਤੇ ਫ਼ਿਰ ਡਿਕਟੇਟਰ ਐਡੋਲਫ਼ ਹਿਟਲਰ ਦੀ ਫ਼ੋਟੋ ਦਿਖਾਈ ਜਾਂਦੀ। ਜਦ ਹੀ ਹਿਟਲਰ ਦੀ ਫ਼ੋਟੋ ਸਕਰੀਨ 'ਤੇ ਦਿਖਾਈ ਪੈਂਦੀ ਤਾਂ ਸਿਨਮੇਂ ਵਿਚ ਹਾਜ਼ਰ ਤਮਾਮ ਦਰਸ਼ਕ ਸਤਿਕਾਰ ਸਹਿਤ ਆਪਣੀਆਂ-ਆਪਣੀਆਂ ਕੁਰਸੀਆਂ ਤੋਂ ਉਠ ਕੇ ਖੜ੍ਹੇ ਹੋ ਜਾਂਦੇ। ਇੱਕ ਵਾਰ ਹਿਟਲਰ ਭੇਸ ਬਦਲ ਕੇ ਲੋਕਾਂ ਦਾ ਪ੍ਰਤੀਕਰਮ ਦੇਖਣ ਲਈ ਕਿਸੇ ਸਿਨਮੇਂ ਵਿਚ ਚਲਿਆ ਗਿਆ। 'ਹੁਕਮ' ਅਨੁਸਾਰ ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਜਦ ਨਾਜ਼ੀ ਝੰਡਾ, ਅਤੇ ਫ਼ਿਰ ਹਿਟਲਰ ਦੀ ਫ਼ੋਟੋ ਸਕਰੀਨ ਉਪਰ ਨਸ਼ਰ ਹੋਈ, ਤਾਂ ਦਰਸ਼ਕ ਉਠ ਕੇ ਖੜ੍ਹੇ ਹੋ ਗਏ, ਪਰ ਇੱਕ ਭੋਲਾ ਜਿਹਾ ਜੁਆਨ ਮੁੰਡਾ ਬੈਠਾ ਰਿਹਾ। ਹਿਟਲਰ ਵੀ ਉਸ ਦੇ ਕਰੀਬ ਨਜ਼ਦੀਕ ਹੀ ਖੜ੍ਹਾ ਦੇਖੀ ਜਾ ਰਿਹਾ ਸੀ। ਕੋਲ਼ ਖੜ੍ਹੇ ਇੱਕ ਬਜ਼ੁਰਗ ਨੇ ਮੁੰਡੇ ਨੂੰ ਹਲੂਣਿਆਂ, "ਉਠ ਬਈ ਯੰਗ ਮੈਨ, ਦੇਖ ਸਕਰੀਨ 'ਤੇ ਆਪਣੇ ਡਿਕਟੇਟਰ ਐਡੋਲਫ਼ ਹਿਟਲਰ ਦੀ ਫ਼ੋਟੋ ਦਿਸ ਰਹੀ ਹੈ, ਉਠ ਖੜ੍ਹਾ ਹੋ..!" ਸੁਣ ਕੇ ਹਿਟਲਰ ਨੂੰ ਉਸ ਬਜ਼ੁਰਗ 'ਤੇ ਬੜਾ ਮਾਣ, ਬੜਾ ਨਾਜ਼ ਹੋਇਆ ਕਿ ਜਨਤਾ ਮੇਰਾ ਕਿੰਨਾ ਸਤਿਕਾਰ, ਕਿੰਨੀ ਕਦਰ ਕਰਦੀ ਹੈ। ਪਰ ਉਹ ਮੁੰਡਾ ਬੈਠਾ ਹੀ ਰਿਹਾ, ਉਠਿਆ ਨਾ! ਉਸੇ ਬਜ਼ੁਰਗ ਨੇ ਉਸ ਬੱਚੇ ਨੂੰ ਮੁੜ ਹਲੂਣਿਆਂ, "ਉਠ ਯਾਰ...! ਕਿਉਂ ਐਨਾਂ ਢੀਠ ਹੋਇਆ ਬੈਠੈਂ..? ਉਠ ਖੜ੍ਹਾ ਹੋ, ਦੇਖ ਸਕਰੀਨ 'ਤੇ ਆਪਣੇ ਡਿਕਟੇਟਰ ਦੀ ਫ਼ੋਟੋ ਆ ਰਹੀ ਹੈ...!" ਇੱਕ ਪਾਸੇ ਖੜ੍ਹਾ ਹਿਟਲਰ ਖ਼ੁਸ਼ ਹੋਈ ਜਾ ਰਿਹਾ ਸੀ। ਜਦ ਉਹ ਮੁੰਡਾ ਫ਼ਿਰ ਵੀ ਨਾ ਉਠਿਆ, ਤਾਂ ਬਜ਼ੁਰਗ ਖਿਝ ਗਿਆ ਅਤੇ ਬੱਚੇ ਨੂੰ ਹੋਰ ਖਿਝ ਕੇ, ਸਖ਼ਤੀ ਨਾਲ਼ ਬੋਲਿਆ, "ਓਏ ਉਠ ਕੇ ਖੜ੍ਹਾ ਹੋ'ਜਾ ਬੇਅਕਲਾ...! ਉਸ ਕਮੀਨੇ ਹਿਟਲਰ ਦੇ ਮੁਖ਼ਬਰ ਸੂਹੀਏ ਕੁੱਤੇ ਵਰਗੇ ਐ, ਉਹ ਥਾਂ-ਥਾਂ ਲੋਕਾਂ ਨੂੰ ਸੁੰਘਦੇ ਫ਼ਿਰਦੇ ਐ, ਜੇ ਕਿਸੇ ਨੇ ਤੈਨੂੰ ਦੇਖ ਲਿਆ ਕਿ ਤੂੰ ਉਸ ਬੁੱਚੜ ਡਿਕਟੇਟਰ ਦੀ ਫ਼ੋਟੋ ਦੇਖ ਕੇ ਸਤਿਕਾਰ ਵਿਚ ਖੜ੍ਹਾ ਨਹੀਂ ਹੋਇਆ, ਤਾਂ ਉਸ ਜ਼ਾਲਮ ਨੇ ਤੈਨੂੰ ਫ਼ੜ ਕੇ ਟੰਗ ਦੇਣੈਂ...!" ਸੁਣ ਕੇ ਹਿਟਲਰ ਨੇ ਸਬਕ ਸਿੱਖਿਆ ਕਿ ਦੁਨੀਆਂ ਮੇਰੀ ਦਿਲੋਂ ਕਦਰ ਨਹੀਂ ਕਰਦੀ, ਸਿਰਫ਼ ਡਰਦੀ ਹੀ ਸਲਾਮਾਂ ਕਰਦੀ ਹੈ। ਉਸ ਘਟਨਾ ਤੋਂ ਬਾਅਦ ਹਿਟਲਰ ਨੇ ਹਰ ਸਿਨਮੇਂ ਵਿਚੋਂ ਆਪਣੀ ਫ਼ੋਟੋ ਹਟਵਾ ਲਈ। ਇਹੀ ਗੱਲ ਨਜ਼ੀਮ ਦੀ ਸੀ। ਉਸ ਦਾ ਸਟਾਫ਼ ਸਿਰਫ਼ ਨੌਕਰੀ ਜਾਣ ਦੇ ਡਰੋਂ ਡਿਕਟੇਟਰ ਵਰਗੀ ਬੋਰਡ ਡਾਇਰੈਕਟਰ ਮੈਗਡਾ ਮਾਈਲਸਟੋਨ ਅਤੇ ਡਰਪੋਕ ਨਜ਼ੀਮ ਤੋਂ ਭੈਅ ਖਾਂਦਾ ਸੀ।

ਦੂਜਾ ਸਦਮਾਂ ਜੋਰਾ ਸਿੰਘ ਨੂੰ ਓਦੋਂ ਲੱਗਿਆ, ਜਦ ਨਜ਼ੀਮ ਨੇ ਬੋਰਡ ਦੀ 'ਸ਼ਾਬਾਸ਼ੇ' ਲੈਣ ਵਾਸਤੇ ਸਟਾਫ਼ ਦੇ ਰਹਿੰਦੇ ਭੱਤੇ ਅਤੇ ਰਹਿੰਦੀਆਂ ਸਹੂਲਤਾਂ ਵੀ ਛਾਂਗਣੀਆਂ ਸ਼ੁਰੂ ਕਰ ਦਿੱਤੀਆਂ। ਇੱਥੋਂ ਤੱਕ ਕਿ ਜਦ ਕੋਈ ਸਟਾਫ਼ ਮੈਂਬਰ ਬਿਮਾਰ ਹੋ ਜਾਵੇ, ਤਾਂ ਕੰਪਨੀ ਉਸ ਨੂੰ ਇੱਕ ਪੈਸੇ ਦਾ ਵੀ ਭੁਗਤਾਨ ਨਹੀਂ ਕਰੇਗੀ। ਹੋਰ ਤਾਂ ਹੋਰ ਉਸ ਨੇ ਸਫ਼ਾਈ ਕਰਮਚਾਰੀ, ਜੋ ਵੀਹ ਸਾਲ ਤੋਂ ਲਗਾਤਾਰ ਕੰਮ ਕਰਦੀ ਆ ਰਹੀ ਸੀ, ਉਸ ਦਾ ਵੀਹ ਸਾਲ ਤੋਂ ਚੱਲਿਆ ਆ ਰਿਹਾ 'ਕਾਂਨਟਰੈਕਟ' ਬਦਲਣ ਦੀ ਵੀ ਜ਼ਿਦ ਫ਼ੜ ਲਈ, ਪਰ ਜਦ ਉਸ ਕਰਮਚਾਰੀ ਨੇ ਆਪਣਾ ਵਕੀਲ ਖੜ੍ਹਾ ਕਰ ਦਿੱਤਾ, ਤਾਂ ਨਜ਼ੀਮ ਨੂੰ ਭੱਜਣ ਨੂੰ ਰਸਤਾ ਨਹੀਂ ਲੱਭ ਰਿਹਾ ਸੀ। ਮਜਬੂਰੀ-ਵੱਸ ਉਸ ਨੇ ਉਸ ਕਰਮਚਾਰੀ ਨਾਲ਼ ਸਮਝੌਤਾ ਕਰ ਲਿਆ ਅਤੇ ਇੱਕ ਹੋਰ 62 ਸਾਲ ਦੇ ਸਫ਼ਾਈ ਕਰਮਚਾਰੀ ਪਾਓਲੋਸ ਦੇ ਮਗਰ ਪੈ ਗਿਆ, ਤਾਂ ਉਹ ਬਜ਼ੁਰਗ ਦੁਖੀ ਹੋ ਕੇ, ਕੰਮ ਛੱਡ ਕੇ ਲਾਂਭੇ ਹੋ ਗਿਆ।

ਇਨ੍ਹਾਂ ਗੱਲਾਂ ਨੇ ਜੋਰਾ ਸਿੰਘ ਦੇ ਮਨ ਉਪਰ ਬੜਾ ਭੈੜਾ ਪ੍ਰਭਾਵ ਪਾਇਆ। ਈਦ ਤੋਂ ਪਹਿਲਾਂ ਰੋਜ਼ੇ ਰੱਖਣ ਅਤੇ ਹਰ ਸ਼ੁੱਕਰਵਾਰ ਮਸਜਿਦ ਜਾਣ ਵਾਲ਼ਾ ਨਜ਼ੀਮ ਉਸ ਨੂੰ 'ਢੌਂਗੀ' ਲੱਗਣ ਲੱਗ ਪਿਆ, ਜੋ ਇੱਕ ਪਾਸੇ ਆਪਣੇ ਆਪ ਨੂੰ ਧਾਰਮਿਕ ਬੰਦਾ ਦਿਖਾ ਰਿਹਾ ਸੀ ਅਤੇ ਦੂਜੇ ਪਾਸੇ ਸਟਾਫ਼ ਦੀਆਂ ਸਹੂਲਤਾਂ ਅਤੇ ਅੱਤ ਜ਼ਰੂਰੀ ਭੱਤੇ ਕੱਟ ਕੇ ਸਟਾਫ਼ ਅਤੇ ਉਸ ਦੇ ਬੱਚਿਆਂ ਦੇ ਪੇਟ ਉਪਰ ਛੁਰੀ ਵਾਹ ਰਿਹਾ ਸੀ। ਜੋਰਾ ਸਿੰਘ ਉਸ ਨੂੰ ਪੁੱਛਣਾ ਚਾਹੁੰਦਾ ਸੀ ਕਿ ਕੀ ਕੋਈ ਧਰਮ ਇਹ ਵੀ ਸਿਖਾਉਂਦਾ ਹੈ ਕਿ ਆਪਣੀ 'ਖ਼ੁਦਗਰਜ਼ੀ' ਲਈ ਸਟਾਫ਼ ਦੀਆਂ ਅੱਤ ਜ਼ਰੂਰੀ ਸਹੂਲਤਾਂ ਕੱਟ ਕੇ ਬੋਰਡ ਮੈਂਬਰਾਂ ਨੂੰ ਖ਼ੁਸ਼ ਕਰੋ...? ਕੀ ਬੋਰਡ ਦੇ ਦਸ ਮੈਂਬਰਾਂ ਨੂੰ ਖ਼ੁਸ਼ ਕਰਨ ਵਾਸਤੇ ਸੈਂਕੜੇ ਜੀਆਂ ਦਾ ਪੇਟ ਕੱਟਣਾ ਜ਼ਰੂਰੀ ਹੈ...? ਕੀ ਉਨ੍ਹਾਂ ਦੀਆਂ ਬਦਦੁਆਵਾਂ ਤੈਨੂੰ ਲੈ ਨਹੀਂ ਬੈਠਣਗੀਆਂ...? ਕੀ ਸਟਾਫ਼ 'ਤੇ ਕੀਤੇ ਗਏ ਮਾਨਸਿਕ ਤਸ਼ੱਦਦ ਨਾਲ਼ ਤੈਨੂੰ ਕੋਈ ਪਾਪ ਨਹੀਂ ਲੱਗੇਗਾ..? ਫ਼ਕੀਰ ਲੋਕ ਤਾਂ ਕਹਿੰਦੇ ਹਨ ਕਿ ਦੇਖੀਂ ਕਿਸੇ ਦਾ ਦਿਲ ਨਾ ਢਾਹਵੀਂ, ਰੱਬ ਦਿਲਾਂ ਵਿਚ ਰਹਿੰਦਾ...! ਪਰ ਤੂੰ ਤਾਂ ਦਸ ਬੰਦਿਆਂ ਨੂੰ ਖ਼ੁਸ਼ ਕਰਨ ਵਾਸਤੇ ਸੈਂਕੜੇ ਜੀਆਂ ਦੀਆਂ ਬਦ-ਦੁਆਵਾਂ ਲੈ ਰਿਹਾ ਹੈਂ...! ਸਿਆਣੇ ਕਹਿੰਦੇ ਨੇ ਕਿ ਆਤਮਾ ਵਿਚੋਂ ਨਿਕਲ਼ੀ ਇੱਕ ਬਦ-ਦੁਆ ਬੰਦੇ ਨੂੰ ਤਬਾਹ ਕਰਨ ਵਾਸਤੇ ਕਾਫ਼ੀ ਹੈ। ਪਰ ਤੈਨੂੰ ਤਾਂ ਸਾਰਾ ਸਟਾਫ਼ ਅਤੇ ਉਨ੍ਹਾਂ ਦੇ ਪ੍ਰੀਵਾਰ ਦਿਨ ਵਿਚ ਪਤਾ ਨਹੀਂ ਕਿੰਨੀਆਂ ਕੁ ਬਦ-ਦੁਆਵਾਂ ਦਿੰਦੇ ਹੋਣਗੇ...? ਰੱਬ ਤਾਂ ਕਿਸੇ ਨੂੰ ਨਹੀਂ ਕਹਿੰਦਾ ਕਿ ਆਪਣੇ ਮਤਲਬ, ਆਪਣੀ ਖ਼ੁਦਗਰਜ਼ੀ ਵਾਸਤੇ ਦੂਜੇ ਲੋਕਾਂ ਦੇ ਹੱਕ ਮਾਰ..? ਦੂਜੇ ਦਾ ਹੱਕ ਮਾਰਨ ਵਾਲ਼ੇ ਨੂੰ ਤਾਂ ਪੀਰ-ਫ਼ਕੀਰ 'ਮਹਾਂ-ਪਾਪੀ' ਦੱਸਦੇ ਹਨ। ਸਟਾਫ਼ ਨੂੰ ਬੇਹੂਦਾ ਤੰਗ ਕਰ ਕੇ ਨਜ਼ੀਮ ਪਤਾ ਨਹੀਂ ਕਿਹੜੇ ਰੱਬ ਨੂੰ ਖ਼ੁਸ਼ ਕਰ ਰਿਹਾ ਸੀ...?

ਇਸ ਗੱਲ ਤੋਂ ਅੱਕ ਕੇ ਜੋਰਾ ਸਿੰਘ ਨੇ ਅਸਤੀਫ਼ਾ ਦੇ ਦਿੱਤਾ ਅਤੇ ਦੋ ਹਫ਼ਤਿਆਂ ਵਿਚ ਕੰਮ ਛੱਡਣ ਦਾ ਲਿਖਤੀ ਰੂਪ ਵਿਚ ਐਲਾਨ ਕਰ ਦਿੱਤਾ। ਪਰ ਬੋਰਡ ਦੇ 'ਜਮੂਰੇ' ਨਜ਼ੀਮ ਨੇ ਫ਼ਿਰ ਰੱਪੜ ਖੜ੍ਹਾ ਕਰ ਲਿਆ ਕਿ ਤੇਰੇ 'ਕਾਂਨਟਰੈਕਟ' ਅਨੁਸਾਰ ਤੈਨੂੰ ਚਾਰ ਹਫ਼ਤੇ ਦਾ ਨੋਟਿਸ ਦੇਣਾ ਪਵੇਗਾ, ਨਹੀਂ ਤੈਨੂੰ ਦੋ ਹਫ਼ਤੇ ਦੇ ਪੈਸੇ ਕੰਪਨੀ ਨੂੰ ਦੇਣੇ ਪੈਣਗੇ। ਬੇਗ਼ੈਰਤ ਨਜ਼ੀਮ ਦੀ ਈਨ ਨਾ ਮੰਨਦੇ ਹੋਏ ਜੋਰਾ ਸਿੰਘ ਨੇ ਚੇਅਰਮੈਨ ਤੱਕ ਪਹੁੰਚ ਕੀਤੀ ਅਤੇ ਦੋ ਹਫ਼ਤੇ ਬਾਅਦ ਕੰਮ ਛੱਡ ਕੇ ਘਰ ਆ ਗਿਆ। ਆਪਣੀ ਅਣਖ਼ੀ ਜ਼ਮੀਰ ਦਾ ਗਲ਼ਾ ਉਸ ਤੋਂ ਹਰ ਰੋਜ਼ ਨਹੀਂ ਘੁੱਟਿਆ ਜਾਂਦਾ ਸੀ।

ਜੋਰਾ ਸਿੰਘ ਦੇ ਕੰਮ ਛੱਡਣ 'ਤੇ ਗੁਰਮੇਲ ਕੌਰ ਕਾਫ਼ੀ ਉਦਾਸ ਹੋ ਗਈ।

-"ਜਿਸ ਦਿਨ ਦਾ ਐਸ ਕੁਲੈਹਣੀਂ ਨੇ ਸਾਡੇ ਘਰੇ ਪੈਰ ਪਾਇਐ, ਨਿੱਤ ਨਵਾਂ ਕੋਈ ਉਧ-ਮੂਲ਼ ਉਠਦੈ..!" ਗੁਰਮੇਲ ਕੌਰ ਨੇ ਜਿੰਦਰ ਵੱਲ ਹੱਥ ਕਰ ਕੇ ਕਿਹਾ।

-"ਕਿੱਕ ਹਰ ਆਊਟ, ਮੰਮ..!" ਗੁਰਮੇਲ ਕੌਰ ਦੀ ਧੀ ਰੈਂਡੀ ਬੋਲੀ।


-"ਗਿੱਟ ਰਿੱਡ ਔਫ਼ ਦਿੱਸ ਬਿੱਚ..!" ਸ਼ੰਮੀ ਵੀ ਪਿੱਛੇ ਨਾ ਰਿਹਾ।

-"ਵੂਈ ਡੌਂਟ ਨੀਡ ਦਿੱਸ ਫ਼ਰੈਸ਼ੀ ਇੰਨ ਅਵਰ ਹਾਊਸ..!"

ਸੁਣ-ਸੁਣ ਜਿੰਦਰ ਦੇ ਲੂੰ-ਕੰਡੇ ਖੜ੍ਹੇ ਹੋਈ ਜਾ ਰਹੇ ਸਨ। ਚੌਵੀ ਘੰਟੇ ਬੱਚਿਆਂ ਨਾਲ਼ ਰਹਿਣ ਕਾਰਨ ਉਸ ਨੂੰ ਅੰਗਰੇਜ਼ੀ ਦੀ ਵਾਹਵਾ ਸਮਝ ਆਉਣ ਲੱਗ ਪਈ ਸੀ। ਸਕੂਲ ਅਤੇ ਕਾਲਿਜ ਵਿਚ ਉਸ ਨੇ ਅੰਗਰੇਜ਼ੀ ਪੜ੍ਹੀ ਹੋਈ ਸੀ, ਪਰ ਸ਼ੁਰੂ-ਸ਼ੁਰੂ ਵਿਚ ਬੱਚਿਆਂ ਦਾ ਉਚਾਰਣ ਉਸ ਦੇ ਵੱਸ ਦਾ ਰੋਗ ਨਹੀਂ ਸੀ। ਪਰ ਹੁਣ ਹਰ ਰੋਜ਼ ਸੁਣਨ ਨਾਲ਼ ਉਸ ਨੂੰ ਸਮਝ ਆਉਣ ਲੱਗ ਪਈ ਸੀ। ਜਿੰਦਰ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਸ ਦਾ ਕਸੂਰ ਕੀ ਸੀ..? ਸਵੇਰੇ ਛੇ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਤੱਕ ਉਹ ਕਿਚਨ ਵਿਚ ਇੱਕ ਲੱਤ 'ਤੇ ਖੜ੍ਹੀ ਰਹਿੰਦੀ ਸੀ। ਘਰ ਦੇ ਸਾਰੇ ਕੰਮ ਦੇ ਨਾਲ਼-ਨਾਲ਼, ਸਫ਼ਾਈਆਂ ਕਰਦੀ ਸੀ, ਕੱਪੜੇ ਧੋਂਦੀ, ਕੱਪੜੇ ਸੁਕਾਉਂਦੀ। ਅੰਦਰਲੇ ਅਤੇ ਬਾਹਰਲੇ ਗਾਰਡਨ ਦਾ ਘਾਹ ਕੱਟਦੀ, 'ਬਿੰਨ ਬੈਗ' ਬਾਹਰ ਰੱਖਦੀ। ਪਰ ਚੈਨ ਨਾਲ਼ ਉਸ ਨੂੰ ਫ਼ਿਰ ਵੀ ਜੀਣ ਨਹੀਂ ਦਿੱਤਾ ਜਾ ਰਿਹਾ ਸੀ। ਕਈ ਵਾਰ ਰੈਂਡੀ ਸਵੇਰੇ ਤਿੰਨ-ਤਿੰਨ ਵਜੇ ਪੱਬ ਜਾਂ ਕਲੱਬ ਵਿਚੋਂ ਦਾਰੂ ਪੀ ਕੇ ਆਉਂਦੀ, ਤਾਂ ਬਾਹੋਂ ਫ਼ੜ ਕੇ ਜਿੰਦਰ ਨੂੰ ਖੜ੍ਹਾ ਕਰ ਲੈਂਦੀ ਅਤੇ ਜਿੰਦਰ ਉਸ ਨੂੰ ਸਵੇਰੇ ਤਿੰਨ ਵਜੇ ਤਾਜ਼ਾ ਖਾਣਾਂ ਬਣਾ ਕੇ ਦਿੰਦੀ, ਕਦੇ ਹੀਲ-ਹੁੱਜਤ ਨਾ ਕਰਦੀ। ਪਰ ਇਤਨਾ ਕੁਝ ਕਰਨ ਦੇ ਬਾਵਜੂਦ ਵੀ ਜਿੰਦਰ ਨੂੰ "ਕੁਲੈਹਣੀਂ" ਗਰਦਾਨਿਆਂ ਜਾ ਰਿਹਾ ਸੀ..? ਇਸ ਗੱਲ ਨੇ ਜਿੰਦਰ ਨੂੰ ਅਤੀ-ਅੰਤ ਪ੍ਰੇਸ਼ਾਨ ਕਰ ਦਿੱਤਾ ਸੀ।

# ਸਮਾਜਿਕ ਜਾਗਰੂਕਤਾ ਦਾ ਸਫ਼ਲ ਨਾਵਲ - "ਇੱਕ ਮੇਰੀ ਅੱਖ ਕਾਸ਼ਣੀ..."

ਮਨਦੀਪ ਕੌਰ ਭੰਮਰਾ
ਪੰਜਾਬ ਮੇਲUSA




ਪੰਜਾਬੀ ਸਾਹਿਤ ਦੇ ਵਿਹੜੇ ਵਿਚ ਸ਼ਿਵਚਰਨ ਜੱਗੀ ਕੁੱਸਾ ਇੱਕ ਪ੍ਰੌੜ ਨਾਵਲਕਾਰ ਬਣ ਚੁੱਕਾ ਹੈ। ਉਸ ਦੇ ਨਾਵਲ ਸਾਡੇ ਸਮਕਾਲੀ ਸਮਾਜ ਦੀਆਂ ਅਣਗਿਣਤ ਗੰਢਾਂ ਖੋਲ੍ਹਦੇ ਨਾਵਲ ਹਨ। ਦੇਸ਼ ਅਤੇ ਵਿਦੇਸ਼ ਦੇ ਲੋਕਾਂ ਵਿੱਚਰਦਾ ਸਾਡਾ ਇਹ ਨਾਵਲਕਾਰ ਦੋਵਾਂ ਸੱਭਿਆਚਾਰਾਂ ਦੀ ਡੂੰਘੀ ਪਰਖ ਰੱਖਦਾ ਹੈ। ਨਵੀਂ ਅਤੇ ਪੁਰਾਣੀ ਪੀੜ੍ਹੀ ਦੇ ਕਿਰਦਾਰਾਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ। ਉਸ ਦਾ ਹੱਥਲਾ ਨਾਵਲ ਜਿਸ ਦਾ ਨਾਮ ਹੈ "ਇੱਕ ਮੇਰੀ ਅੱਖ ਕਾਸ਼ਣੀ..." ਨੂੰ ਪੜ੍ਹ ਕੇ ਮੇਰੇ ਅਨੁਭਵ ਵਿੱਚ ਨਾਵਲਕਾਰ ਦਾ ਉਦੇਸ਼ ਸਾਹਮਣੇ ਆਇਆ ਹੈ ਕਿ ਉਹ ਕਿਤੇ ਵੀ ਇਸ ਗੱਲ ਤੋਂ ਖੁੰਝਦਾ ਨਹੀਂ ਕਿ ਉਹ ਸਮਾਜ ਦੇ ਪੀੜਤ ਵਰਗਾਂ ਦੀ ਗੱਲ ਨਾ ਕਰੇ। ਇਸ ਨਾਵਲ ਵਿਚ ਮੁੱਖ ਤੌਰ ਉੱਤੇ ਕੁੜੀਆਂ ਪ੍ਰਤੀ ਸਮਾਜ ਦਾ ਘਿਨਾਉਣਾ ਪੱਖ ਪੇਸ਼ ਕਰਨ ਵਿਚ ਉਹ ਸਫ਼ਲ ਹੋਇਆ ਹੈ। ਪਰ ਨਾਲ ਹੀ ਉਸ ਨੇ ਅਜੋਕੀ ਪੀੜ੍ਹੀ ਦੀਆਂ ਕੁੜੀਆਂ ਦੀ ਬੇਬੱਸੀ ਦੀ ਦਾਸਤਾਨ ਨੂੰ ਜਿੱਤ ਦੇ ਜਸ਼ਨ ਵਿਚ ਬਦਲ ਦੇਣ ਦੀ ਜ਼ੁਰੱਅਤ ਨੂੰ 'ਬਾਖ਼ੂਬੀ' ਬਿਆਨ ਕੀਤਾ ਹੈ। ਕੁੱਝ ਪਰਿਵਾਰਾਂ ਵਿਚ ਮਾਂ-ਬਾਪ ਦਾ ਲਾਲਚੀ ਵਤੀਰਾ ਅਜੋਕੇ ਪੰਜਾਬੀ ਸਮਾਜ ਦਾ ਇੱਕ ਕੋਝਾ ਰੂਪ ਬਣ ਕੇ ਉੱਭਰਦਾ ਹੈ। ਮਾਇਆ ਦੀ ਅੰਨ੍ਹੀ ਦੌੜ ਵਿਚ, ਵਿਦੇਸ਼ਾਂ ਦੀ ਤਲਿਸਮੀ ਚਮਕ-ਦਮਕ ਵਿਚ ਗੁਆਚ ਕੇ ਜਿਹੜੇ ਲੋਕ ਆਪਣੀਆਂ ਧੀਆਂ ਦੀ ਇੱਜ਼ਤ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰਦੇ, ਅਖ਼ੀਰ ਉਨ੍ਹਾਂ ਦੇ ਹੁੰਦੇ ਹਸ਼ਰ ਦੀ ਮੂੰਹ ਬੋਲਦੀ ਤਸਵੀਰ ਇਸ ਨਾਵਲ ਪੇਸ਼ ਕੀਤੀ ਗਈ ਹੈ।

ਆਖ਼ਰੀ ਕਾਂਡ ਵਿਚ ਨਾਵਲ ਦੀ ਇੱਕ ਮੁੱਖ ਪਾਤਰ ਹਾਕੀ ਦੀ ਖਿਡਾਰਨ ਬਣਨ ਦਾ ਅਧੂਰਾ ਸ਼ੌਕ ਰੱਖਦੀ ਅਮਨ ਜਦੋਂ ਆਪਣੀ ਬੇਗ਼ੈਰਤ ਦਾਦੀ ਸਦਾ ਕੌਰ ਨੂੰ ਆਖਦੀ ਹੈ, "ਗੱਲ ਸੁਣੋ ਬੇਬੇ ਮੇਰੀ ਇੱਕ...! ਥੋੜੀਆਂ ਖ਼ੁਸ਼ੀਆਂ ਕਰਕੇ ਮੈਂ ਆਪਣੇ ਸਾਰੇ ਚਾਅਵਾਂ ਮਲ੍ਹਾਰਾਂ ਨੂੰ ਅੱਗ ਲਾਅਤੀ ਸੀ, ਜਣੇ ਖਣੇ ਦਾ ਆਖਾ ਮੰਨ ਕੇ, ਸੀਲ ਕੁੱਕੜ ਬਣ ਕੇ ਤੁਰੀ ਫ਼ਿਰਦੀ ਰਹੀ। ...ਹੁਣ ਆਪਣੀ ਧੀ ਕਰ ਕੇ, ਆਪਣੀ ਧੀ ਦੀ ਖ਼ੁਸ਼ੀ ਨੂੰ ਮੁੱਖ ਰੱਖ ਕੇ, ਮੈਂ ਇਸ ਸ਼ਰਾਬੀ ਤੇ ਲੁੱਚੇ ਰਿੱਛ ਤੋਂ ਪਾਸੇ ਹੋ ਜਾਣੈ...। ਥੋਡੀ ਖਾਤਰ ਮੈਂ ਅੱਗੇ ਜ਼ਿੰਦਗੀ ਨਾਲ਼ ਬੜੇ ਸਮਝੌਤੇ ਕਰ ਲਏ, ਬਹੁਤ ਕੁੱਝ ਮੰਨ ਲਿਆ, ਤੇ ਬਹੁਤ ਕੁੱਝ ਹੰਢਾ ਲਿਆ...। ਪਰ ਮੇਰੀ ਧੀ ਦੇ ਚਾਅਵਾਂ ਮਲਾਰਾਂ ਨਾਲ ਕੋਈ ਸਮਝੌਤਾ ਨਹੀਂ..। ਇਸ ਨੂੰ ਦੁਨੀਆਂ ਭਰ ਦੀ ਉੱਚ ਕੋਟੀ ਦੀ ਹਾਕੀ ਦੀ ਖਿਡਾਰਨ ਬਣਾਉਂਗੀ...। ਹੁਣ ਮੇਰੇ ਵੱਲੋਂ ਕੋਈ ਝਾਕ ਨਾ ਰੱਖਿਓ ਤੇ ਨਾ ਮੈਨੂੰ ਫ਼ੋਨ ਕਰਿਓ...! ਅਮਨ ਨੇ ਫ਼ੋਨ ਕੱਟ ਦਿੱਤਾ ਅਤੇ ਘਰਦਿਆਂ ਦਾ ਨੰਬਰ ਫ਼ੋਨ ਵਿਚੋਂ 'ਬਲੌਕ' ਕਰ ਮਾਰਿਆ।

ਬਾਕੀ ਗੱਲ ਤਾਂ ਪਾਠਕ ਬਣ ਕੇ ਹੀ ਪਤਾ ਲੱਗੇਗੀ। ਪਰ ਮੈਂ ਸਮਝਦੀ ਹਾਂ ਕਿ ਜੇ ਅਜਿਹੇ ਬੇਗ਼ੈਰਤ ਮਾਪਿਆਂ ਨੂੰ ਪਹਿਲੀਆਂ ਪੀੜ੍ਹੀਆਂ ਦੀਆਂ ਕੁੜੀਆਂ ਹੀ ਆਪਣੀਆਂ ਜ਼ਿੰਦਗੀਆਂ 'ਚੋਂ ਬੇਦਖ਼ਲ ਕਰ ਦਿੰਦੀਆਂ, ਤਾਂ ਸਥਿਤੀ ਸ਼ਾਇਦ ਪਹਿਲਾਂ ਹੀ ਸੁਧਰ ਜਾਂਦੀ। ਖ਼ੈਰ ਅਜੋਕੀ ਔਰਤ ਦੀ ਇਸ ਜਾਗਰੂਕਤਾ ਨੂੰ ਮੇਰਾ ਸਲਾਮ ਹੈ! ਹੁਣ ਤਾਕਤ ਔਰਤ ਦੇ ਹੱਥ ਵਿਚ ਹੈ। ਉਸ ਨੇ ਦੇਖਣਾ ਕਿ ਉਸਦੀ ਆਜ਼ਾਦੀ ਦੇ ਸਹੀ ਮਾਅਨੇ ਉਸ ਲਈ ਕੀ ਹਨ। ਉਹ ਆਪਣੀ ਲਿਆਕਤ ਅਤੇ ਵਿੱਦਿਆ ਦੀ ਨਵੀਂ ਰੌਸ਼ਨੀ ਵਿਚ ਆਪਣੀ ਮਮਤਾ ਨੂੰ ਕਿਸ ਤਰ੍ਹਾਂ ਵਰਤਦੀ ਹੈ, ਨਿੱਜੀ ਹੱਕਾਂ ਦੇ ਨਾਲ਼-ਨਾਲ਼ ਉਹ ਆਪਣੇ ਫ਼ਰਜ਼ ਕਿਸ ਤਰ੍ਹਾਂ ਨਿਭਾਹੁੰਦੀ ਹੈ। ਆਉਣ ਵਾਲ਼ੀਆਂ ਨਸਲਾਂ ਦਾ ਭਵਿੱਖ ਏਸੇ ਗੱਲ 'ਤੇ ਨਿਰਭਰ ਕਰਦਾ ਹੈ! ਨਾਵਲਕਾਰ ਸਮਾਜ ਦੇ ਪਿੰਡੇ 'ਤੇ ਪਏ ਹਜ਼ਾਰਾਂ ਹੀ ਕੋਹੜ ਆਪਣੇ ਮਨ ਦੀ ਅੱਖ ਨਾਲ਼ ਦੇਖਦਾ ਹੈ। ਸਰਕਾਰਾਂ ਦੀ ਵਧੀਕੀਆਂ, ਉੱਚ-ਪੱਧਰੀ ਜਾਅਲਸਾਜ਼ੀ, ਗ਼ੈਰਸਮਾਜਿਕ ਅਨਸਰਾਂ ਦੀ ਗ਼ਲਤ ਕਾਰਗੁਜ਼ਾਰੀ, ਪੁਲਿਸ ਅਤੇ ਪ੍ਰਸ਼ਾਸਨ ਦੀ ਮਿਲ਼ੀ ਭੁਗਤ ਅਤੇ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਦੀ ਗ਼ੈਰ ਮੌਜੂਦਗੀ ਦੇ ਸਿੱਟੇ ਵਜੋਂ ਪੈਦਾ ਹੋਏ ਹਾਲਾਤ ਆਖ਼ਰ ਮਨੁੱਖਾਂ ਨੂੰ ਹੀ ਝੱਲਣੇ ਪੈਂਦੇ ਹਨ। ਨਾਵਲਕਾਰ ਦੀ ਗਹਿਰੀ ਸੰਵੇਦਨਾ ਸਮਾਜ ਦੀ ਹਰ ਪੀੜਿਤ ਧਿਰ ਨਾਲ਼ ਜੁੜੀ ਹੋਈ ਹੈ। ਉਹ ਤਕੜਾ ਹੋਕਾ ਦੇ ਕੇ ਸੁਧਾਰ ਦੀ ਮੰਗ ਕਰਦਾ ਹੈ। ਨਿਧੱੜਕ ਹੋ ਕੇ ਆਪਣੀ ਗੱਲ ਕਹਿੰਦਾ ਹੈ।

ਸ਼ਿਵਚਰਨ ਜੱਗੀ ਕੁੱਸਾ 35 ਤੋਂ ਵੀ ਵੱਧ ਪੁਸਤਕਾਂ ਦਾ ਰਚੈਤਾ ਹੈ। ਬਹੁਤੇ ਨਾਵਲ ਹਨ। ਮੇਰੀ ਪੁਸਤਕ "ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲਾਂ ਵਿਚ ਯਥਾਰਥ" ਵਿਚ ਮੈਂ ਉਸ ਦੇ 19 ਨਾਵਲਾਂ ਦਾ ਜ਼ਿਕਰ ਕੀਤਾ ਹੈ। ਉਸ ਤੋਂ ਬਾਅਦ ਉਸ ਦੇ ਪੰਜ ਨਾਵਲ ਹੋਰ ਆ ਚੁੱਕੇ ਹਨ। ਹੱਥਲਾ ਨਾਵਲ ਉਸਨੇ ਦੋ ਢਾਈ ਸਾਲ ਪਹਿਲਾਂ ਸ਼ੁਰੂ ਕੀਤਾ ਸੀ। ਪਰ ਉਸ ਦੀ ਮਰਹੂਮ ਨੌਜੁਆਨ ਬੇਟੀ "ਲਾਲੀ" ਦੀ ਲੰਮੀ ਬੀਮਾਰੀ ਕਾਰਣ ਅਤੇ ਉਸ ਦੀ ਆਪਣੀ ਲਿਖੀ ਹਿੰਦੀ ਵੈੱਬ ਸੀਰੀਜ਼ "NRI" ਬਣਨ ਦੇ ਰੁਝੇਵਿਆਂ ਕਾਰਣ ਇਹ ਨਾਵਲ ਦੇਰੀ ਨਾਲ਼ ਛਪ ਰਿਹਾ ਹੈ। ਪਾਇਲ ਵਰਗੀਆਂ ਕੁੜੀਆਂ ਦੇ ਸ਼ੋਸ਼ਣ ਦੇ ਨਾਲ਼ ਕੈਰੀ ਵਰਗੇ ਮੁੰਡਿਆਂ ਲਈ ਸਮਾਜ ਦੇ ਕੋਝੇ ਅਨਸਰਾਂ ਵੱਲੋਂ ਪੈਦਾ ਕੀਤੀਆਂ ਜਾਣ ਵਾਲ਼ੀਆਂ ਮੁਸ਼ਕਲਾਂ, ਪ੍ਰੇਮ ਸਿੰਘ ਵਰਗੇ ਪਾਤਰਾਂ ਦੀ ਦੁਰਦਸ਼ਾ ਤੋਂ ਇਲਾਵਾ 'ਕਰੋਨਾ ਕਾਲ' ਵਿਚ ਵਾਪਰੀਆਂ ਘਟਨਾਵਾਂ ਦਾ ਭਰਪੂਰ ਵਰਨਣ ਇਸ ਨਾਵਲ ਨੂੰ ਉਸ ਸਮੇਂ ਦੇ ਇਤਿਹਾਸ ਦੀ ਤਸਵੀਰਕਸ਼ੀ ਕਰਨ ਦੇ ਦਸਤਾਵੇਜ਼ ਵਜੋਂ ਦੇਖਿਆ ਜਾਣਾ ਵੀ ਬਣਦਾ ਹੈ।

ਏਨੀ ਸ਼ਿੱਦਤ ਅਤੇ ਮਿਹਨਤ ਨਾਲ਼ ਲਗਾਤਾਰ ਨਾਵਲ ਲਿਖਣ ਵਾਲ਼ੇ ਆਮ ਲੋਕਾਂ ਵਿਚ ਹਰਮਨ ਪਿਆਰੇ ਸਾਡੇ ਇਸ ਨਾਵਲਕਾਰ ਬਾਰੇ ਮੈਂ ਸਨਿਮਰ ਬੇਨਤੀ ਸਹਿਤ ਆਪਣੇ ਸਮੇਂ ਦੇ ਬੁੱਧੀਜੀਵੀ, ਸਾਹਿਤਕ ਅਤੇ ਆਲੋਚਕ ਵਰਗ ਨੂੰ ਵੀ ਧਿਆਨ ਦੇਣ ਦੀ ਬੇਨਤੀ ਕਰਦੀ ਹਾਂ ਅਤੇ ਸੁਝਾਅ ਦਿੰਦੀ ਹਾਂ। 'ਲਾਹੌਰ ਬੁੱਕ ਸ਼ਾਪ' ਦੁਆਰਾ ਛਾਪਿਆ ਗਿਆ ਇਹ ਨਾਵਲ ਜੱਗੀ ਕੁੱਸਾ ਦੇ ਨਾਵਲਾਂ ਵਿਚੋਂ ਸਿਰਕੱਢ ਨਾਵਲ ਹੈ, ਮੈਂ ਇਸ ਗੱਲ ਦੀ ਵੀ ਪ੍ਰੋੜਤਾ ਕਰਦੀ ਹਾਂ। ਔਰਤ ਦੀ ਨਵੀਂ ਆਜ਼ਾਦੀ ਦੀ ਨਵੀਂ ਨਜ਼ਰ ਦੀ ਤਰਜ਼ਮਾਨੀ ਕਰਦਾ ਹੋਇਆ ਨਾਵਲ "ਇੱਕ ਮੇਰੀ ਅੱਖ ਕਾਸ਼ਣੀ..." ਬੜੇ ਹੀ ਭਾਵਪੂਰਤ ਨਾਮ ਵਾਲ਼ਾ ਨਾਵਲ ਹੈ। ਸ਼ਾਲਾ ਉਸ ਦੀ ਕਲਮ ਏਸੇ ਤਰ੍ਹਾਂ ਵਰੋਸਾਈ ਰਹੇ!

# ਜਦੋਂ ਸਾਨੂੰ ਕਲੱਬ ਵਾਲਿਆਂ ਨੇ ਭਾਰਤੀ ਕੱਪੜੇ ਪਾ ਕੇ ਅੰਦਰ ਜਾਣ ਤੋਂ ਰੋਕਿਆ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲUSA



ਕਈ ਸਾਲ ਪਹਿਲਾਂ (2002) ਦੀ ਗੱਲ ਹੈ ਕਿ ਅਸੀਂ ਕੁਝ ਜਣੇ ਆਪਣੇ ਇੱਕ ਦੋਸਤ ਨਾਲ ਜੋ ਕਿ ਚੰਡੀਗੜ੍ਹ ਕਲੱਬ ਦਾ ਮੈਂਬਰ ਸੀ, ਨਾਲ ਚੰਡੀਗੜ੍ਹ ਕਲੱਬ ਗਏ। ਬਾਕੀ ਸਾਰਿਆਂ ਨੇ ਪੈਂਟਾਂ ਕਮੀਜ਼ਾਂ ਪਹਿਨੀਆਂ ਹੋਈਆਂ ਸਨ ਪਰ ਦੋ ਲੀਡਰ ਟਾਈਪ ਬੰਦਿਆਂ ਦੇ ਕੁੜਤੇ ਪਜ਼ਾਮੇ ਪਾਏ ਹੋਏ ਸਨ। ਅਸੀਂ ਤਾਂ ਅੰਦਰ ਲੰਘ ਗਏ ਪਰ ਕੁੜਤੇ ਪਜ਼ਾਮੇ ਵਾਲਿਆਂ ਨੂੰ ਗਾਰਡ ਨੇ ਘੇਰ ਲਿਆ ਕਿਉਂਕਿ ਕੁੜਤਾ ਪਜ਼ਾਮਾ ਪਹਿਨ ਕੇ ਅੰਦਰ ਜਾਣਾ ਮਨ੍ਹਾਂ ਸੀ। ਉਨ੍ਹਾਂ ਨੂੰ ਕਲੱਬ ਵੱਲੋਂ ਉਥੇ ਰੱਖੀਆਂ ਹੋਈਆਂ ਮੈਲੀਆਂ ਜਿਹੀਆਂ ਨਹਿਰੂ ਜੈਕਟਾਂ ਪਹਿਨ ਕੇ ਹੀ ਅੰਦਰ ਜਾਣ ਦਿੱਤਾ ਗਿਆ। ਭਾਰਤੀ ਪਹਿਰਾਵੇ ਦੀ ਅਜਿਹੀ ਬੇਇੱਜ਼ਤੀ ਵੇਖ ਕੇ ਸਾਰੇ ਹੈਰਾਨ ਰਹਿ ਗਏ। ਭਾਰਤ 'ਤੇ ਰਾਜ ਕਰਨ ਸਮੇਂ ਅੰਗਰੇਜ਼ਾਂ ਨੇ ਆਪਣੇ ਮਨੋਰੰਜਨ ਲਈ ਭਾਰਤ ਦੇ ਹਰੇਕ ਵੱਡੇ ਸ਼ਹਿਰ ਵਿਚ ਕਲੱਬਾਂ ਦੀ ਉਸਾਰੀ ਕਰਵਾਈ ਸੀ। ਉਹ ਸਿਰਫ ਗੋਰਿਆਂ ਵਾਸਤੇ ਸਨ ਤੇ ਭਾਰਤੀਆਂ ਦਾ ਉਥੇ ਜਾਣਾ ਮਨ੍ਹਾਂ ਸੀ। ਇੰਡੀਅਨਜ਼ ਐਂਡ ਡੌਗਜ਼ ਆਰ ਨੌਟ ਅਲਾਊਡ ਵਾਲਾ ਬੋਰਡ ਇਨ੍ਹਾਂ ਵਿਚੋਂ ਕਈ ਕਲੱਬਾਂ ਦੇ ਬਾਹਰ ਹੀ ਟੰਗਿਆ ਗਿਆ ਸੀ।

ਲਾਰਡ ਮੈਕਾਲੇ (ਜਿਸ ਨੇ ਭਾਰਤੀ ਵਿੱਦਿਅਕ ਢਾਂਚਾ ਤਿਆਰ ਕੀਤਾ ਸੀ) ਨੇ ਆਜ਼ਾਦੀ ਤੋਂ ਬਹੁਤ ਪਹਿਲਾਂ ਭਵਿੱਖਬਾਣੀ ਕੀਤੀ ਸੀ ਕਿ ਸਾਡਾ ਵਿਦਿਅਕ ਸਿਸਟਮ ਇੱਕ ਅਜਿਹਾ ਭਾਰਤੀ ਵਰਗ ਪੈਦਾ ਕਰੇਗਾ, ਜੋ ਸਿਰਫ ਰੰਗ ਵਿਚ ਹੀ ਅੰਗਰੇਜ਼ਾਂ ਤੋਂ ਵੱਖਰਾ ਹੋਵੇਗਾ। ਸ਼ਹੀਦ ਭਗਤ ਸਿੰਘ ਨੇ ਵੀ ਕਿਹਾ ਸੀ ਕਿ ਜੇ ਕ੍ਰਾਂਤੀ ਨਾ ਹੋਈ, ਤਾਂ ਭਾਰਤ ਦੇ ਆਜ਼ਾਦ ਹੋਣ ਨਾਲ ਕੋਈ ਫਰਕ ਨਹੀਂ ਪੈਣਾ। ਗੋਰੇ ਅੰਗਰੇਜ਼ ਚਲੇ ਜਾਣਗੇ ਤੇ ਕਾਲੇ ਅੰਗਰੇਜ਼ ਸੱਤਾ ਵਿਚ ਆ ਜਾਣਗੇ। ਅੱਜ ਭਾਰਤ ਵਿਚ ਚੱਲ ਰਹੇ ਸੈਂਕੜੇ ਕਲੱਬ ਲਾਰਡ ਮੈਕਾਲੇ ਅਤੇ ਸ਼ਹੀਦ ਭਗਤ ਸਿੰਘ ਦੀਆਂ ਭਵਿੱਖਬਾਣੀਆਂ 'ਤੇ ਅੱਖਰ-ਅੱਖਰ ਖਰੇ ਉੱਤਰ ਰਹੇ ਹਨ। ਜਦੋਂ ਗੋਰੇ ਚਲੇ ਗਏ, ਤਾਂ ਇਹ ਕਲੱਬ ਭੂਰੇ ਸਾਹਿਬਾਂ (ਭਾਰਤੀਆਂ) ਦੇ ਹੱਥਾਂ ਵਿਚ ਆ ਗਏ ਤੇ ਸਿਰਫ ਫਰਾਟੇਦਾਰ ਇਂਗਲਿਸ਼ ਬੋਲਣ ਵਾਲੇ ਅਮੀਰਾਂ, ਤਾਕਤਵਰ ਨੇਤਾਵਾਂ, ਆਈ.ਏ.ਐੱਸ, ਆਈ.ਪੀ.ਐੱਸ ਅਤੇ ਸੀਨੀਅਰ ਫੌਜੀ ਅਫਸਰਾਂ ਆਦਿ ਦੇਸ਼ ਦੀ ਕਰੀਮ ਨੂੰ ਹੀ ਮੈਂਬਰਸ਼ਿਪ ਦਿੱਤੀ ਜਾਂਦੀ ਸੀ। ਆਜ਼ਾਦੀ ਲਈ ਜਾਨਾਂ ਵਾਰਨ ਵਾਲੇ, ਜ਼ਮੀਨ ਜਾਇਦਾਦਾਂ ਕੁਰਕ ਕਰਾਉਣ ਵਾਲ ਅਤੇ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿਚ ਸੜਨ ਵਾਲੇ ਆਜ਼ਾਦੀ ਦੇ ਮਤਵਾਲਿਆਂ ਲਈ ਇਨ੍ਹਾਂ ਵਿਚ ਕੋਈ ਜਗ੍ਹਾ ਨਹੀਂ ਸੀ। ਅੱਜ ਵੀ ਸਥਿਤੀ ਜਿਉਂ ਦੀ ਤਿਉਂ ਹੈ ਕਿਉਂਕਿ ਮੈਂਬਰਸ਼ਿੱਪ ਫੀਸ ਤੇ ਵੇਟਿੰਗ ਲਿਸਟ ਐਨੀ ਜ਼ਿਆਦਾ ਹੈ, ਜੋ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ।

ਇਹ ਕਲੱਬ ਕਿਉਂਕਿ ਖੁਦਮੁਖਤਿਆਰ ਸੰਸਥਾਵਾਂ ਹਨ, ਇਸ ਕਾਰਨ ਆਜ਼ਾਦੀ ਤੋਂ ਬਾਅਦ ਵੀ ਕਈ ਸਾਲਾਂ ਤੱਕ ਇਨ੍ਹਾਂ ਦੇ ਪ੍ਰਬੰਧਕ ਦਿਮਾਗੀ ਤੌਰ 'ਤੇ ਅੰਗਰੇਜ਼ਾਂ ਦੇ ਗੁਲਾਮ ਰਹੇ। ਕਲਕੱਤਾ ਦੇ ਬੰਗਾਲ ਕਲੱਬ ਨੇ ਆਜ਼ਾਦੀ ਤੋਂ 12 ਸਾਲ ਬਾਅਦ ਆਪਣੇ ਦਰਵਾਜ਼ੇ ਭਾਰਤੀਆਂ ਵਾਸਤੇ ਖੋਲ੍ਹੇ ਸਨ ਤੇ ਅਗਲੇ ਹੋਰ 8 ਸਾਲ ਤੱਕ ਕਲੱਬ ਦੇ ਬ੍ਰਿਟਿਸ਼ ਪ੍ਰਧਾਨ ਨੂੰ ਹਟਾਉਣ ਦੀ ਹਿੰਮਤ ਨਾ ਕੀਤੀ। ਮੁੰਬਈ ਦੇ ਇੱਕ ਅਜਿਹੇ ਹੀ ਕਲੱਬ ਨੇ ਆਜ਼ਾਦੀ ਤੋਂ ਕਈ ਸਾਲ ਬਾਅਦ ਤੱਕ ਵੀ ਇੰਡੀਅਨਜ਼ ਐਂਡ ਡੌਗਜ਼ ਨੌਟ ਅਲਾਊਡ ਵਾਲਾ ਬੋਰਡ ਨਹੀਂ ਸੀ ਉਤਾਰਿਆ। ਜਦੋਂ ਕੁਝ ਦੇਸ਼ ਭਗਤਾਂ ਨੇ ਕਲੱਬ ਦੇ ਸਾਹਮਣੇ ਧਰਨਾ ਪ੍ਰਦਰਸ਼ਨ ਕੀਤਾ, ਤਾਂ ਜਾ ਕੇ ਇਹ ਬੋਰਡ ਹਟਾਇਆ ਗਿਆ। ਇਹ ਕਲੱਬ ਪੁਰਾਣੀਆਂ ਰਵਾਇਤਾਂ ਜਾਰੀ ਰੱਖਣ ਜਾਂ ਖਤਮ ਕਰਨ ਲਈ ਮੈਂਬਰਾਂ ਵਿਚ ਟਕਰਾਉ ਦਾ ਮੈਦਾਨ ਬਣਦੇ ਜਾ ਰਹੇ ਹਨ। ਦਿੱਲੀ ਦਾ ਜ਼ਿਮਖਾਨਾ ਕਲੱਬ 1913 ਵਿਚ ਬਣਿਆ ਸੀ। ਨਵੀਂ ਦਿੱਲੀ ਦੀ 28 ਏਕੜ ਜ਼ਮੀਨ ਇਸ ਦੇ ਕਬਜ਼ੇ ਹੇਠ ਹੈ, ਜਿਸ ਦਾ ਬਾਜ਼ਾਰੀ ਮੁੱਲ ਇਸ ਵੇਲੇ ਅਰਬਾਂ ਖਰਬਾਂ ਵਿਚ ਹੈ। ਪਰ ਇਹ ਕਲੱਬ ਵੀ ਪੁਰਾਣੀਆਂ ਬ੍ਰਿਟਿਸ਼ ਰਵਾਇਤਾਂ ਨੂੰ ਪ੍ਰੇਤ ਵਾਂਗ ਚੰਬੜਿਆ ਹੋਇਆ ਹੈ।

1991 ਵਿਚ ਇਸ ਕਲੱਬ ਨੇ ਅਮਰੀਕਾ ਵਿਚ ਭਾਰਤ ਦੇ ਰਹਿ ਚੁੱਕੇ ਰਾਜਦੂਤ ਅਤੇ ਤਿੰਨ ਵਾਰ ਦੇ ਰਾਜ ਸਭਾ ਮੈਂਬਰ ਪਵਨ ਕੁਮਾਰ ਵਰਮਾ ਨੂੰ ਇਸ ਲਈ ਅੰਦਰ ਜਾਣ ਤੋਂ ਰੋਕ ਦਿੱਤਾ ਕਿਉਂਕਿ ਉਸ ਨੇ ਕੁੜਤਾ ਪਜ਼ਾਮਾ ਪਹਿਨਿਆ ਹੋਇਆ ਸੀ। ਵਰਨਣਯੋਗ ਹੈ ਕਿ ਵਰਮਾ ਦਾ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਇਸ ਕਲੱਬ ਦਾ ਮੈਂਬਰ ਸੀ। ਜਦੋਂ ਵਰਮਾ ਧਰਨਾ ਲਗਾ ਕੇ ਗੇਟ ਦੇ ਸਾਹਮਣੇ ਬੈਠ ਗਿਆ, ਤਾਂ ਮਜਬੂਰਨ ਕਲੱਬ ਦੇ ਉਸ ਵੇਲੇ ਦੇ ਪ੍ਰਧਾਨ ਐਡਮਿਰਲ ਜੇ ਤਹਿਲਿਆਨੀ ਨੂੰ ਨਿਯਮ ਬਦਲਣੇ ਪਏ। ਪਰ ਪੁਰਾਣੀਆਂ ਆਦਤਾਂ ਜਲਦੀ ਖਤਮ ਨਹੀਂ ਹੁੰਦੀਆਂ। 2013 ਵਿਚ ਇਸ ਕਲੱਬ ਨੇ ਭੂਟਾਨ ਦੇ ਇੱਕ ਬਹੁਤ ਹੀ ਸੀਨੀਅਰ ਬੋਧੀ ਭਿਖਸ਼ੂ ਨੂੰ ਅੰਦਰ ਨਾ ਆਉਣ ਦਿੱਤਾ ਕਿਉਂਕਿ ਉਸ ਨੇ ਆਪਣਾ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਸੀ। ਅਜਿਹੇ ਹੀ ਇੱਕ ਹੋਰ ਕਲੱਬ, ਦਿੱਲੀ ਗੋਲਫ ਕਲੱਬ ਨੇ 2017 ਵਿਚ ਮੇਘਾਲਿਆ ਦੀ ਇੱਕ ਚੋਟੀ ਦੀ ਮਨੁੱਖੀ ਅਧਿਕਾਰ ਕਾਰਕੁੰਨ ਤੇਨ ਲਿੰਗਦੋਹ ਨੂੰ ਕਲੱਬ ਵਿਚੋਂ ਕੱਢ ਦਿੱਤਾ ਸੀ ਕਿਉਂਕਿ ਉਸ ਨੇ ਵੀ ਆਪਣੇ ਸੂਬੇ ਦਾ ਰਵਾਇਤੀ ਪਹਿਰਾਵਾ ਪਹਿਨਿਆ ਹੋਇਆ ਸੀ। ਕਲੱਬ ਵਾਲਿਆਂ ਨੇ ਉਸ ਦੇ ਮੂੰਹ 'ਤੇ ਹੀ ਕਹਿ ਦਿੱਤਾ ਸੀ, ਉਹ ਕਿਸੇ ਨੌਕਰਾਣੀ ਵਰਗੀ ਲੱਗਦੀ ਹੈ।

ਇਸ 'ਤੇ ਅਖਬਾਰਾਂ ਵਿਚ ਬਹੁਤ ਹੰਗਾਮਾ ਮੱਚਿਆ ਸੀ ਪਰ ਕਲੱਬ ਨੇ ਆਪਣੇ ਨਿਯਮ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ। 1855 ਈਸਵੀ ਵਿਚ ਬਣੇ ਕਲਕੱਤਾ ਦੇ ਟਾਲੀਗੰਜ ਕਲੱਬ (ਕੁੱਲ ਰਕਬਾ 110 ਏਕੜ) ਵੀ ਬੰਗਾਲ ਵਿਚ ਹੁੰਦੇ ਹੋਏ ਵੀ ਬੰਗਾਲੀ ਧੋਤੀ ਕੁੜਤਾ ਪਹਿਨਣ ਵਾਲਿਆਂ ਨੂੰ ਪ੍ਰਵੇਸ਼ ਨਹੀਂ ਕਰਨ ਦਿੰਦਾ, ਜਦੋਂਕਿ ਜ਼ੀਨਜ਼ 'ਤੇ ਟੀ ਸ਼ਰਟ 'ਤੇ ਕੋਈ ਪਾਬੰਦੀ ਨਹੀਂ ਹੈ। ਇਸ ਕਲੱਬ ਨੇ 2021 ਵਿਚ ਤਾਮਿਲ ਸਟਾਈਲ ਧੋਤੀ (ਵੇਸ਼ਠੀ) ਕੁੜਤਾ ਪਹਿਨਣ ਵਾਲੇ ਸਾਬਕਾ ਕੇਂਦਰੀ ਮੰਤਰੀ ਪੀ. ਚਿੰਦਾਬਰਮ ਨੂੰ ਵੀ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਮੂੰਹ ਦੀ ਖਾਣੀ ਪਈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਧੋਤੀ ਕੁੜਤਾ ਪਹਿਨਦੇ ਹਨ। ਉਪਰੋਕਤ ਵਰਤਾਰੇ ਤੋਂ ਤਾਂ ਇਹ ਹੀ ਲੱਗਦਾ ਹੈ ਕਿ ਕਿਸੇ ਦਿਨ ਕਸੌਲੀ ਕਲੱਬ ਦਾ ਪ੍ਰਧਾਨ (ਜੋ ਬ੍ਰਿਗੇਡੀਅਰ ਰੈਂਕ ਦਾ ਹੁੰਦਾ ਹੈ) ਉਨ੍ਹਾਂ ਨੂੰ ਵੀ ਅੰਦਰ ਜਾਣ ਤੋਂ ਰੋਕ ਦੇਵੇ। ਇਹ ਕਲੱਬ ਬ੍ਰਿਟਿਸ਼ ਸੱਭਿਆਚਾਰ ਦੀਆਂ ਭਾਰਤ ਵਿਚ ਆਖਰੀ ਨਿਸ਼ਾਨੀਆਂ ਹਨ, ਜੋ ਅਜੇ ਵੀ ਵੱਧ-ਫੁੱਲ ਰਹੀਆਂ ਹਨ। ਸਾਡੇ ਲੋਕਾਂ ਨੂੰ ਰੀਸ ਕਰਨ ਦੀ ਬਹੁਤ ਬੁਰੀ ਆਦਤ ਹੈ। ਚੰਡੀਗੜ੍ਹ ਸ਼ਹਿਰ ਦੀ ਸਥਾਪਨਾ ਆਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਵਜੋਂ 1953 ਵਿਚ ਹੋਈ ਸੀ। ਭਾਵ ਚੰਡੀਗੜ੍ਹ ਕਲੱਬ ਵੀ ਉਸ ਤੋਂ ਬਾਅਦ ਜਾਂ ਆਸ-ਪਾਸ ਹੀ ਬਣਿਆ ਹੋਵੇਗਾ। ਇਸ ਦੇ ਪ੍ਰਬੰਧਕਾਂ ਨੇ ਪੁਰਾਣੇ ਕਲੱਬਾਂ ਕੋਲੋਂ ਕੋਈ ਚੰਗੀ ਗੱਲ ਭਾਵੇਂ ਨਾ ਸਿੱਖੀ ਹੋਵੇ, ਪਰ ਕੱਪੜੇ ਦੇ ਆਧਾਰ 'ਤੇ ਭੇਦ ਭਾਵ ਕਰਨਾ ਜ਼ਰੂਰ ਸਿੱਖ ਲਿਆ ਹੈ।

ਭਾਰਤ ਵਿਚ ਖਾਣ-ਪੀਣ ਵਾਲੀ ਸ਼ਾਇਦ ਹੀ ਕੋਈ ਹੋਰ ਸੰਸਥਾ ਹੋਵੇ, ਜਿੱਥੇ ਇਸ ਤਰ੍ਹਾਂ ਭਾਰਤੀ ਪਹਿਰਾਵੇ ਦੀ ਬੇਇੱਜ਼ਤੀ ਹੁੰਦੀ ਹੋਵੇ। ਫਾਈਵ ਸਟਾਰ, ਸੈਵਨ ਸਟਾਰ ਹੋਟਲ ਤੱਕ ਤੁਸੀਂ ਕੁਝ ਵੀ ਪਹਿਨ ਕੇ ਜਾ ਸਕਦੇ ਹੋ। ਕਲੱਬ ਭਾਵੇਂ ਅੰਦਰੂਨੀ ਤੌਰ 'ਤੇ ਖੁਦਮੁਖਤਿਆਰ ਹਨ, ਪਰ ਵਿਸ਼ੇਸ਼ ਹਾਲਾਤ ਵਿਚ ਸਰਕਾਰ ਇਨ੍ਹਾਂ ਨੂੰ ਆਪਣੇ ਅਧਿਕਾਰ ਹੇਠ ਕਰ ਸਕਦੀ ਹੈ। ਦਿੱਲੀ ਜਿੰਮਖਾਨਾ ਕਲੱਬ ਨਾਲ ਅਜਿਹਾ ਹੀ ਹੋਇਆ ਸੀ, ਜਦੋਂ ਪੈਸੇ ਗਬਨ ਕਰਨ ਦੇ ਮਾਮਲੇ ਵਿਚ ਪ੍ਰਧਾਨ ਅਤੇ ਵਿਰੋਧੀ ਧਿਰ ਦਰਮਿਆਨ ਮਾਮਲਾ ਬੇਹੱਦ ਗੰਭੀਰ ਹੋ ਗਿਆ ਸੀ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕਲੱਬਾਂ ਨੂੰ ਬ੍ਰਿਟਿਸ਼ ਮਾਨਸਿਕਤਾ ਤਿਆਗ ਕੇ ਸਮਾਂ ਵਿਹਾ ਚੁੱਕੇ ਨਿਯਮ ਬਦਲਣ ਲਈ ਸਖਤ ਹੁਕਮ ਜਾਰੀ ਕਰਨ। ਜੇ ਇਹ ਆਪਣੇ ਨਿਯਮ ਨਹੀਂ ਬਦਲਦੇ, ਤਾਂ ਇਨ੍ਹਾਂ ਨੂੰ ਆਪਣੇ ਕੰਟਰੋਲ ਹੇਠ ਲੈ ਲੈਣ।

## 30 ਜੁਲਾਈ ਨੂੰ ਬਰਸੀ 'ਤੇ ਵਿਸ਼ੇਸ਼

# ਬਾਬਾ ਸਾਹਿਬ ਸਿੰਘ ਕਲਾਧਾਰੀ

-ਦਿਲਜੀਤ ਸਿੰਘ ਬੇਦੀ
ਮੋ: 76579-68579,
76579-98570
ਪੰਜਾਬ ਮੇਲUSA





ਬਾਬਾ ਸਾਹਿਬ ਸਿੰਘ ਕਲਾਧਾਰੀ ਬੁੱਢਾ ਦਲ ਦੇ 11ਵੇਂ ਜਥੇਦਾਰ ਸਨ। ਆਪ ਦਾ ਜਨਮ ਮਾਤਾ ਅਤਰ ਕੌਰ ਦੀ ਕੁਖੋਂ ਪਿਤਾ ਸ. ਕਿਸ਼ਨ ਸਿੰਘ ਕੰਗ ਦੇ ਗ੍ਰਹਿ ਪਿੰਡ ਭੜੀ ਵਿਚ 1876 ਈ: ਨੂੰ ਹੋਇਆ। ਮੁੱਢਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਬੀ.ਏ. ਲਾਹੌਰ 'ਚ ਪਾਸ ਕੀਤੀ। ਆਪ ਨੇ ਤਹਿਸੀਲਦਾਰ, ਨਰਵਾਨੇ ਰਿਆਸਤ ਜੀਂਦ, ਸੰਗਰੂਰ ਵਿਚ ਕੁਝ ਸਮਾਂ ਨੌਕਰੀ ਕੀਤੀ। ਕੁਝ ਸਮੇਂ ਬਾਅਦ ਤਹਿਸੀਲਦਾਰੀ ਛੱਡ ਕੇ ਪਟਿਆਲੇ (ਨਿਹੰਗ ਸਿੰਘਾਂ ਦੀ ਛਾਉਣੀ) ਬਗੀਚੀ ਬਾਬਾ ਬੰਬਾ ਸਿੰਘ ਵਿਖੇ ਨਿਹੰਗ ਸਿੰਘਾਂ ਨਾਲ ਮੇਲ-ਮਿਲਾਪ ਹੋਣ ਕਾਰਨ, ਨੌਕਰੀ ਦੀ ਭਾਵਨਾ ਤਿਆਗ ਕੇ ਨਿਹੰਗ ਸਿੰਘ ਸੱਜ ਗਏ, ਆਪ ਨੇ ਬੁੱਢੇ ਦਲ ਵਿਚ 12 ਸਾਲ ਬੜੀ ਕਠਿਨ ਘਾਲ ਘਾਲੀ। ਇਸ ਘਾਲ ਕਮਾਈ ਦਾ ਸਦਕਾ ਅਕਾਲ ਪੁਰਖ ਨੇ ਅਨੇਕਾਂ ਕਲਾ ਬਖਸ਼ਿਸ਼ ਕੀਤੀਆਂ ਤੇ ਇਨ੍ਹਾਂ ਨੂੰ ਕਲਾਧਾਰੀ ਦੇ ਨਾਮ ਨਾਲ ਪੁਕਾਰਿਆ ਜਾਣ ਲੱਗਾ।

ਸੰਨ 1942 ਈ. ਵਿਸਾਖੀ ਦਾ ਪੁਰਬ ਸ੍ਰੀ ਦਮਦਮਾ ਸਾਹਿਬ ਮਨਾਉਣ ਉਪਰੰਤ ਜਥੇਦਾਰ ਬਾਬਾ ਸਾਹਿਬ ਸਿੰਘ, ਪੰਥ ਵਹੀਰ ਚਲਾਉਣ ਦੀ ਜ਼ਿੰਮੇਵਾਰੀ ਬਾਬਾ ਚੇਤ ਸਿੰਘ ਨੂੰ ਸੌਂਪ ਕੇ ਆਪ, 'ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਕਈ ਛਾਉਣੀਆਂ ਦੇ ਚੱਲਦੇ ਮੁਕੱਦਮਿਆਂ ਦੀ ਪੈਰਵਾਈ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਆ ਗਏ। ਬਾਬਾ ਸਾਹਿਬ ਸਿੰਘ ਸਿੱਖ ਧਰਮ ਵਿਰੁੱਧ ਹੋ ਰਹੀਆਂ ਕੁਰੀਤੀਆਂ ਦੇ ਸਖਤ ਵਿਰੁੱਧ ਸਨ। ਉਹ ਮੋਹਪ੍ਰਸਤ ਲੀਡਰਾਂ ਤੇ ਅੰਗਰੇਜ਼ਾਂ ਦੀ ਬਦਮਜਾਜ਼ੀ ਤੋਂ ਵੀ ਪ੍ਰੇਸ਼ਾਨ ਤਾਂ ਸਨ ਪਰ ਨਿਗ੍ਹਾ ਬਾਨ ਵੀ ਸਨ। ਮੁਸਲਿਮ-ਲੀਗ ਨੇ ਜਮਾਤ ਬੇਲਚਿਆਂ ਵਾਲੀ ਤਿਆਰ ਕਰ ਲਈ ਸੀ। ਅਕਾਲੀ ਦਲ ਨੇ 'ਅਕਾਲ ਰਜਮੈਂਟ' ਤਲਵਾਰਾਂ ਨਾਲ ਲੈਸ ਫੋਰਸ ਬਣਾ ਲਈ। ਪਰ ਅੰਗਰੇਜ਼ ਹਾਕਮਾਂ ਨੂੰ ਅਸਲ ਡਰ ਤਾਂ ਨਿਹੰਗ-ਸਿੰਘਾਂ ਤੋਂ ਸੀ। ਫੋਰੀ ਇਹ ਚਾਲ ਚੱਲੀ ਗਈ ਕਿ ਜਿਹੜੇ ਨਿਹੰਗ ਸਿੰਘਾਂ ਪਾਸ ਬਰਛੇ ਤੇ ਸ਼ਸਤਰ ਹਨ, ਨੂੰ ਪਕੜ ਲਿਆ ਜਾਵੇ। ਇਸ ਫੜੋ-ਫੜੀ ਤੇ ਗ੍ਰਿਫਤਾਰੀਆਂ ਪਿੱਛੋਂ ਹਾਈ ਕੋਰਟ ਲਾਹੌਰ ਮੁਕੱਦਮੇ ਵਿਚ ਫੈਸਲਾ ਹੋਇਆ ਕਿ ਨਿਹੰਗ ਸਿੰਘ ਪੰਜ ਸ਼ਸਤਰ ਧਾਰਨ ਕਰ ਸਕਦੇ ਹਨ (ਜੋ ਹੁਣ ਬੁੱਢਾ ਦਲ ਦੇ ਲੈਂਸੰਸ ਵਿਚ ਫੈਸਲੇ ਦੀ ਨਕਲ ਦਰਜ ਕੀਤੀ ਜਾਂਦੀ ਹੈ) ਇਸੇ ਕਾਰਨ ਹੀ ਡੀ.ਸੀ., ਅੰਮ੍ਰਿਤਸਰ ਨਾਲ ਪਹਾੜੀਏ ਕਰਮ ਸਿੰਘ ਨੇ ਸਲਾਹ ਕੀਤੀ ਕਿ ਜੇ ਬੁੱਢੇ ਦਲ ਦੇ ਜਥੇਦਾਰ ਕਲਾਧਾਰੀ ਬਾਬਾ ਸਾਹਿਬ ਸਿੰਘ ਮੰਨ ਜਾਵਣ, ਤਾਂ ਇਹ ਕੰਮ ਬਹੁਤ ਸੁਖੱਲਾ ਹੋ ਜਾਵੇਗਾ।

ਬਾਬਾ ਸਾਹਿਬ ਸਿੰਘ ਕਲਾਧਾਰੀ ਮੁਕੱਦਮਿਆਂ ਦੀ ਪੈਰਵਾਈ ਕਰਨ ਲਈ ਅੰਮ੍ਰਿਤਸਰ ਆਏ। ਤਾਂ ਡੀ.ਸੀ. ਅੰਮ੍ਰਿਤਸਰ ਨੇ ਲੰਮੀ-ਚੌੜੀ ਵਿਚਾਰ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਨਾਲ ਕੀਤੀ ਕਿ ਨਿਹੰਗ ਸਿੰਘ ਜੋ ਬੁੱਢੇ ਦਲ ਤੋਂ ਸੱਜਦੇ ਹਨ, ਅਸੀਂ ਚਾਹੁੰਦੇ ਹਾਂ ਉਨ੍ਹਾਂ ਦੀ ਗਿਣਤੀ ਦੀ ਫਰਿਸਤ ਬਣਵਾ ਦਿਓ। ਉਸ ਲਿਸਟ ਨੂੰ ਅਸੀਂ ਥਾਣੇ ਵਾਇਜ਼ ਭੇਜ ਦਿਆਂਗੇ। ਪੁਲਿਸ ਉਨ੍ਹਾਂ ਨਿਹੰਗ ਸਿੰਘ ਨੂੰ ਨਹੀਂ ਫੜੇਗੀ। ਨਾਜਾਇਜ਼ ਹਥਿਆਰਾਂ ਵਾਲੇ ਪਕੜੇ ਜਾਣਗੇ। ਅੰਗਰੇਜ਼ ਦੀ ਚਾਲ ਸਿੰਘਾਂ ਨੂੰ ਗਿਣਤੀ-ਮਿਣਤੀ ਵਿਚ ਲਿਆ ਕੇ ਜ਼ਲੀਲ ਕਰਨਾ ਚਾਹੁੰਦੀ ਸੀ। ਉਸ ਵਕਤ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਅੰਮ੍ਰਿਤਸਰ ਦੇ ਥਾਪੇ ਹੋਏ ਪਹਿਰੇਦਾਰ ਕਰਮ ਸਿੰਘ ਪਹਾੜੀਆ ਦਗੇਬਾਜ਼ ਨਿਕਲਿਆ। ਉਸ ਨੇ ਅੰਗਰੇਜ਼ ਨਾਲ ਸਾਂਢ-ਗਾਂਠ ਕਰ ਲਈ ਤੇ ਪਿੱਤਲ ਦੇ ਟੋਕਣ 'ਲੈਸੰਸ' ਨਿਹੰਗ ਸਿੰਘਾਂ ਨੂੰ ਜਾਰੀ ਕਰ ਦਿੱਤੇ। ਇਹ ਅਸਲ ਚਾਲ ਮੁਸਿਲਮ ਲੀਗ ਦੀ ਸੀ। ਕਿਉਂਕਿ ਸਾਰੇ ਹਿੰਦੁਸਤਾਨ ਦੀ ਮਰਦਮਸ਼ੁਮਾਰੀ ਤੋਂ ਹਿੰਦੂ ਤੇ ਮੁਸਲਮਾਨਾਂ ਦੀ ਗਿਣਤੀ ਤਾਂ ਸਾਹਮਣੇ ਸੀ ਪਰ ਨਿਹੰਗ ਸਿੰਘਾਂ ਬਾਰੇ ਉਹ ਅਸਲ ਗਿਣਤੀ ਜਾਣਨੀ ਚਾਹੁੰਦਾ ਸੀ। ਉਸ ਨੂੰ ਡਰ ਸੀ ਕਿ ਪੰਜਾਬ ਦੇਸ਼ ਦੀ ਵੰਡ ਵੇਲੇ ਇਹ ਗੁਰੂ ਦੀ ਲਾਡਲੀ ਫੌਜ ਸਾਰੀ ਲੀਡਰਸ਼ਿਪ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਹਦੂਦ ਵਾਲਾ ਸਿੱਖ ਰਾਜ ਪ੍ਰਾਪਤ ਕਰਨ ਲਈ ਮਜਬੂਰ ਨਾ ਕਰ ਦੇਵੇ।

ਜਥੇਦਾਰ ਬੁੱਢਾ ਦਲ, ਸਰਕਾਰ ਦੀ ਇਸ ਚਾਲ ਨੂੰ ਜਾਣ ਗਏ। ਉਹ ਖੁਦ ਭੀ ਤਹਿਸੀਲਦਾਰ ਰਹਿ ਚੁੱਕੇ ਤੇ ਰਾਜਨੀਤੀ ਦੇ ਦਾਅਪੇਚਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਬੁੱਢੇ ਦਲ ਦੀ ਮਰਿਯਾਦਾ ਨੂੰ ਭੀ ਭਲੀ-ਭਾਂਤ ਕਾਇਮ ਰੱਖਣਾ ਜਾਣਦੇ ਸਨ। ਗੁਰੂ ਕਲਗੀਧਰ ਪਾਤਸ਼ਾਹ ਨੇ ਗੁਰੂ ਪੰਥ ਖਾਲਸਾ ਸਾਜਣ ਕੀਤਾ ਹੈ, ਇਹ ਕਿਸੇ ਹਕੂਮਤ ਦੇ ਅਧੀਨ ਨਹੀਂ ਰਹੇ। ਦੁੱਖਾਂ, ਕਲੇਸ਼ਾਂ ਵਿਚੋਂ ਗੁਜ਼ਰ ਕੇ ਜੰਗਲਾਂ, ਉਜਾੜਾਂ ਵਿਚ ਹੀ ਸਮਾਂ ਬਤਾ ਲੈਂਦੇ ਰਹੇ ਹਨ ਪਰ ਇਹ ਕਿਸੇ ਦੀ ਈਨ ਨਹੀਂ ਮੰਨਦੇ। ਅੱਜ ਗੁਰੂ ਕੀ ਲਾਡਲੀ ਫੌਜ ਨੂੰ ਅੰਗਰੇਜ਼ ਸਰਕਾਰ ਦੇ ਅਧੀਨ ਕਰਕੇ, ਗੁਰੂ ਕਲਗੀਧਰ ਪਾਤਸ਼ਾਹ ਦੀ ਦਰਗਾਹੇ ਗੁਨਾਹਗਾਰ ਬਣ ਕੀ ਜਵਾਬ ਦਿਆਂਗਾ। ਕਲਾਧਾਰੀ ਜੀ ਨੇ ਡੀ.ਸੀ. ਨੂੰ ਮੂੰਹ ਤੋੜ ਜਵਾਬ ਦੇ ਦਿੱਤਾ ਕਿ ਮੈਂ ਕਲਗੀਧਰ ਦੀ ਫੌਜ ਨੂੰ ਜੋ ਖੁੱਲ੍ਹੇ ਖੁਲਾਸੇ ਫਿਰਦੇ ਹਨ, ਕਿਸੇ ਬੰਧਨ ਵਿਚ ਨਹੀਂ ਪਾ ਸਕਦਾ।

ਬੁੱਢਾ ਦੱਲ ਦੇ ਇਸ ਜੱਥੇਦਾਰ ਨੇ ਕੌਮ ਦੇ ਪੰਥਕ ਆਗੂਆਂ ਨੂੰ ਅਕਾਲੀ ਲਹਿਰ, ਅਕਾਲੀ ਮੋਰਚੇ, ਪੰਜਾਬੀ ਸੂਬਾ ਅੰਦੋਲਨ ਤਥਾ ਹੋਰ ਔਕੜ ਸਮੇਂ ਵਿਚ ਪੂਰਾ ਵੱਧ-ਚੜ੍ਹ ਕੇ ਸਾਥ ਦਿੱਤਾ। ਦੱਸਿਆ ਜਾਂਦਾ ਹੈ ਕਿ ਇਕ ਸਮੇਂ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਵਿਖੇ ਬੁੱਢਾ ਦਲ ਦਾ ਪੜਾਓ ਸੀ। ਬਾਬਾ ਚੇਤ ਸਿੰਘ ਉਸ ਸਮੇਂ ਨਿਗਾਰਚੀ ਸਿੰਘ ਦਾ ਪਹਿਰਾ ਦਿਆ ਕਰਦੇ ਸਨ, ਸਾਰੇ ਦਲ ਨੂੰ ਅੰਗਰੇਜ਼ ਸਰਕਾਰ ਨੇ ਘੇਰੇ ਵਿਚ ਲੈ ਲਿਆ, ਬਾਬਾ ਚੇਤ ਸਿੰਘ ਸਰਕਾਰੀ ਕਰਮਚਾਰੀਆਂ ਨਾਲ ਜੂਝਣ ਲਈ ਤਿਆਰ ਹੋ ਗਏ। ਦਲ ਦੇ ਜੱਥੇਦਾਰ ਕਲਾਧਾਰੀ ਜੀ ਨੇ ਫੌਰੀ ਤੌਰ 'ਤੇ ਰੋਕ ਦਿੱਤੇ। ਬਾਬਾ ਜੀ ਦਲ ਸਮੇਤ ਬੋਸਟਰ ਜੇਲ੍ਹ ਵਲਾਇਤ ਵਿਖੇ ਭੇਜ ਦਿੱਤੇ ਗਏ। ਗਿ. ਸ਼ੇਰ ਸਿੰਘ ਪ੍ਰਸਿੱਧ ਅਕਾਲੀ ਲੀਡਰ, ਕਲਾਧਾਰੀ ਜੀ ਦੇ ਖਾਸ ਮਿੱਤਰਾਂ ਵਿਚੋਂ ਸਨ, ਦੀ ਪ੍ਰੇਰਨਾ ਨਾਲ ਸ. ਸੁੰਦਰ ਸਿੰਘ ਮਜੀਠੀਆ, ਸ. ਜੋਗਿੰਦਰ ਸਿੰਘ ਆਦਿ ਦੇ ਜ਼ੋਰ ਦੇਣ ਕਰਕੇ ਪੰਜਾਬ ਦੇ ਗਵਰਨਰ ਨੇ ਦਲ ਦੇ ਸਾਰੇ ਸਿੰਘਾਂ ਨੂੰ ਰਿਹਾਅ ਕਰ ਦਿੱਤਾ। ਦਲ ਤੋਂ ਬਾਹਰ ਰਹੇ ਜਿਹੜੇ ਸਿੰਘਾਂ ਨੇ ਦੱਲ ਪੰਥ ਦੇ ਘੋੜਿਆਂ ਦੀ ਬਹੁਤ ਹੀ ਮਿਹਨਤ ਤੇ ਇਮਾਨਦਾਰੀ ਨਾਲ ਸਾਂਭ ਸੰਭਾਲ ਕੀਤੀ, ਉਨ੍ਹਾਂ ਬਾਰੇ ਅਕਸਰ ਹੀ ਬਾਬਾ ਸਾਹਿਬ ਸਿੰਘ ਜੀ ਬੜੇ ਪ੍ਰੇਮ ਨਾਲ ਗੱਲ ਕਰਦੇ ਤੇ ਉਨ੍ਹਾਂ ਨੂੰ ਯਾਦ ਕਰਦੇ ਰਹਿੰਦੇ ਸਨ।

ਰਾਜ ਜੋਗ-ਦੀ ਪ੍ਰਾਪਤੀ ਦਾ ਮੂਲ ਗੁਰਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਨ, ਉੱਥੇ ਰਾਜ ਲਈ ਸ਼ਕਤੀ-ਕਮਾਈ, ਬਹੂ-ਬਲ, ਜੋਸ਼ ਅਤੇ ਸ਼ਸਤਰਾਂ ਦੇ ਚਲਾਉਣ ਦੀ ਸ਼ਕਤੀ ਦੀ ਪ੍ਰਾਪਤੀ ਦਾ ਮੂਲ-ਦਸ਼ਮੇਸ਼ ਜੀ ਦੀ ਬਾਣੀ ਹੈ। ਪਿਛਲੇ ਸਮਿਆਂ ਵਿਚ ਸ਼ਸਤਰਾਂ ਦੀ ਸ਼ਕਤੀ, ਵੇਦ ਮੰਤ੍ਰ ਜਾਂ ਦੇਵਤਿਆਂ ਦੀ ਅਰਾਧਨਾ ਕਰਨ ਨਾਲ ਪ੍ਰਾਪਤ ਹੋ ਜਾਂਦੀ ਸੀ। ਜਿਨ੍ਹਾਂ ਪਾਸ ਉਹ ਸ਼ਸਤਰ ਹੁੰਦੇ ਸਨ, ਜਿਵੇਂ ਅਗਨ ਬਾਣ, ਮੇਘ ਬਾਣ ਆਦਿ। ਸ੍ਰੀ ਗੁਰੂ ਕਲਗੀਧਰ ਜੀ ਨੇ ਖਾਲਸਾ ਪੰਥ ਨੂੰ ਹਰ ਤਰ੍ਹਾਂ ਭਰਪੂਰ ਸਰਬਗੁਣ ਨਿਧਾਨੰ ਬਣਾ ਕੇ, ਸੰਸਾਰਿਕ ਤੇ ਪ੍ਰਮਾਰਥਕ ਸ਼ਕਤੀ ਲਈ ਗੁਰੂ ਬਾਣੀਆਂ ਦਾ ਧਾਰਨੀ ਵੀ ਬਣਾਇਆ ਹੈ। ਸਾਰੇ ਤਖਤਾਂ ਤੇ ਆਦਿ ਸਰੂਪ ਨਾਲ ਹੀ ਦਸਮ ਦਾ ਪ੍ਰਕਾਸ਼ ਵੀ ਹੁੰਦਾ ਸੀ। ਸੰਨ 1940-41 ਵਿਚ ਸ੍ਰੀ ਅਕਾਲ ਤਖਤ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਜੀ ਦੇ 101 ਅਖੰਡ ਪਾਠਾਂ ਦੀ ਅਰਦਾਸ ਕਰਕੇ ਸ਼੍ਰੋਮਣੀ ਕਮੇਟੀ ਵਲੋਂ ਆਰੰਭ ਕੀਤੇ ਗਏ। ਪਰੰਤੂ ਪੰਜ-ਛੇ ਅਖੰਡ ਪਾਠ ਹੋ ਜਾਣ ਤੇ ਅਰਦਾਸ ਭੰਗ ਕਰਕੇ, ਅਖੰਡ ਪਾਠਾਂ ਦੀ ਚੱਲ ਰਹੀ ਲੜੀ ਬੰਦ ਕਰਵਾ ਦਿੱਤੀ ਗਈ। ਉਸ ਵਕਤ ਜਥੇਦਾਰ ਬਾਬਾ ਸਾਹਿਬ ਸਿੰਘ ਕਲਾਧਾਰੀ ਬੁੱਢਾ ਦਲ ਦੀ ਛਾਉਣੀ, ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਆਏ ਹੋਏ ਸਨ। ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਅਰਦਾਸ ਤਾਂ ਸ਼੍ਰੋਮਣੀ ਕਮੇਟੀ ਨੇ ਭੰਗ ਕਰ ਦਿੱਤੀ ਹੈ, ਤਾਂ ਉਸੇ ਵਕਤ ਜਥੇਦਾਰ ਬਾਬਾ ਸਾਹਿਬ ਸਿੰਘ ਨੇ ਇਸ ਅਰਦਾਸ ਨੂੰ ਭੰਗ ਕਰਨ ਤੇ ਦਸਮ ਦਾ ਅਖੰਡ ਪਾਠ ਬੰਦ ਕਰਨ ਦਾ ਕਾਰਨ ਪੁੱਛਣ ਲਈ, ਪੰਜ ਸਿੰਘਾਂ ਨੂੰ ਵਿਚਾਰ-ਵਟਾਂਦਰੇ ਲਈ ਭੇਜਿਆ। ਪਰ ਇਨ੍ਹਾਂ ਸਿੰਘਾਂ ਦੇ ਪ੍ਰਸ਼ਨਾਂ ਦਾ ਉੱਤਰ ਗਿਆਨੀ ਅੱਛਰ ਸਿੰਘ ਬਾਦਲੀਲ ਨਾ ਦੇ ਸਕੇ।

ਬਾਬਾ ਜੀ ਬਿਮਾਰ ਰਹਿਣ ਲੱਗ ਪਏ। ਅਖੀਰ 66 ਕੁ ਸਾਲ ਦੀ ਆਯੂ ਭੋਗ 12 ਸਾਲ ਬੁੱਢੇ ਦਲ ਦੀ ਜਥੇਦਾਰੀ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਇਹ ਪੰਥ ਸੇਵਕ 15 ਸਾਵਨ ਸੰਮਤ 1999 ਸੰਨ 1942 ਨੂੰ ਅੰਮ੍ਰਿਤ ਵੇਲੇ ਜਪੁਜੀ ਅਤੇ ਜਾਪ ਦਾ ਪਾਠ ਕਰਕੇ ਜੋਤੀ-ਜੋਤਿ ਜਾ ਰਲੇ। ਜਿਨ੍ਹਾਂ ਦਾ ਅੰਗੀਠਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਤੋਂ ਪਹਾੜ ਸਾਹਮਣੇ ਤੇ ਗੁਰ ਅਸਥਾਨ ਪਾਤਸ਼ਾਹੀ ਛੇਵੀਂ ਮਲ-ਅਖਾੜੇ ਤੋਂ ਲਹਿੰਦੇ ਪਾਸੇ ਹੈ ਤੇ ਨੀਲੇ ਫਰਰੇ ਵਾਲਾ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ। ਉਨ੍ਹਾਂ ਦੀ 82ਵੀਂ ਬਰਸੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁੱਖੀ ਸਿੰਘ ਸਾਹਿਬ ਜਥੇਦਾਰ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਦੀ ਅਗਵਾਈ ਹੇਠ 28 ਤੋਂ 30 ਜੁਲਾਈ ਤੱਕ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: 10ਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ ਵਿਖੇ ਪੂਰਨ ਸ਼ਰਧਾ ਸਤਿਕਾਰ ਨਾਲ ਮਨਾਈ ਜਾ ਰਹੀ ਹੈ।

# ਉਦਾਸੀ ਨੂੰ ਬੰਦਗੀ ਦੇ ਰੰਗ ਵਿਚ ਰੰਗਣ ਵਾਲੀ ਕਿਰਤ "ਕੁਦਰਤ ਕਾਰੀਗਰ ਹੈ।"

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲUSA



ਜ਼ਰੂਰੀ ਨਹੀਂ ਕਿ ਲਿਆਕਤ ਬੰਦੇ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਧੱਕੇ ਖਾ ਕੇ ਹੀ ਆਵੇ। ਕਈ ਵਾਰ ਇਹ ਰੱਬ ਦੀ ਦਾਤ ਅਤੇ ਕੁਦਰਤ ਦੀ ਬਖ਼ਸ਼ਿਸ਼ ਵੀ ਹੁੰਦੀ ਹੈ। ਕਿਰਨ ਕੌਰ ਵਰਗੀਆਂ ਕਾਰਜਸ਼ੀਲ ਕਵਿੱਤਰੀਆਂ ਨੂੰ ਰੱਬ ਵੱਲੋਂ ਅਦੁੱਤੀ ਤੋਹਫ਼ਾ ਵੀ ਮਿਲ ਜਾਂਦਾ ਹੈ। ਦੁਨਿਆਵੀ ਇਖ਼ਲਾਕ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਸੰਸਕਾਰਾਂ ਦੇ ਅਥਾਹ ਜਜ਼ਬੇ ਦੇ ਨਾਲ-ਨਾਲ ਕਿਰਨ ਕੌਰ ਕੋਲ ਅਨਹਦ ਨਾਦ, ਅਨਾਹਤ ਵਰਗਾ ਅੰਦਾਜ਼ ਹੈ! ਕਵਿਤਾ ਦੀਆਂ ਬਰੀਕੀਆਂ ਦੀ ਸੂਝ ਹੈ। ਕਵਿਤਾ ਸਿਰਜਣ ਦਾ ਵੱਲ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰਸਾਰ ਦਾ 'ਝੱਲ' ਹੈ। ਕਈ ਵਾਰ ਉਸ ਦੀ ਗਰਜਦੀ-ਵੰਗਾਰਦੀ ਕਵਿਤਾ ਮੈਨੂੰ ਹਰੀ ਸਿੰਘ ਨਲੂਆ ਦੀ 'ਗੜ੍ਹਕ' ਦਾ ਚੇਤਾ ਕਰਵਾ ਦਿੰਦੀ ਹੈ ਅਤੇ ਕਈ ਵਾਰ ਹੀਰ ਦੀ ਪ੍ਰੀਤ ਵਿਚ ਵੱਜਦੀ ਰਾਂਝੇ ਦੀ ਵੰਝਲੀ ਦੀ ਹੂਕ ਦੀ ਯਾਦ ਦਿਵਾਉਂਦੀ ਹੈ! ਕਵਿਤਾ ਸਿਰਜਣ ਦੀ ਮੁਹਾਰਤ ਕਿਰਨ ਨੂੰ ਬਾਖ਼ੂਬੀ ਹਾਸਲ ਹੈ।

ਕਿਰਨ ਜੰਡ 'ਤੇ ਸੰਧੂਰ ਭੁੱਕਣ ਦੀ ਅਭਿਲਾਸ਼ੀ ਨਹੀਂ ਅਤੇ ਨਾ ਹੀ ਪਿੱਪਲਾਂ ਨੂੰ ਪਾਣੀ ਪਾਉਣ ਦੀ ਆਸਥਾ ਰੱਖਦੀ ਹੈ। ਨਾ ਹੀ ਉਸ ਨੂੰ ਸੱਪ ਦੀ ਖੁੱਡ ਵਿਚ ਦੁੱਧ ਪਾਉਣ ਦਾ ਚਾਅ ਹੈ ਅਤੇ ਨਾ ਹੀ ਦਰੱਖ਼ਤਾਂ ਨੂੰ ਖੰਮ੍ਹਣੀਆਂ (ਮੌਲ਼ੀਆਂ) ਬੰਨ੍ਹਣ ਦੀ ਰੀਝ। ਉਹ ਤਾਂ ਕੁਦਰਤ ਨਾਲ ਇੱਕ-ਮਿੱਕ ਹੋ ਕੇ, ਮਸਤ ਹੋ ਕੇ ਤੁਰਦੀ ਹੈ। ਉਸ ਦੀ ਹੀ ਰਚਨਾ ਅਨੁਸਾਰ:

ਜਦੋਂ ਮੇਰੇ ਮਨ ਅੰਦਰ
ਘੋਰ ਹਨ੍ਹੇਰਾ ਛਾਅ ਗਿਆ
ਆਸ ਦੇ ਦੀਪਕ ਬੁਝਣ ਲੱਗ ਪਏ,
ਓਦੋਂ ਮੈਂ 'ਸ਼ਿਵ' ਨੂੰ
ਕੁਝ ਇਸ ਤਰ੍ਹਾਂ ਗਾਇਆ
ਕਿ 'ਉਦਾਸੀ'
'ਬੰਦਗੀ' ਬਣ ਗਈ...

ਕਿਰਨ ਕੌਰ ਦੀ ਸਿਰਜਣਾਂ ਵਿਚ ਪੰਜਾਬ ਦਾ ਦਿਲ ਧੜਕਦਾ ਹੈ ਅਤੇ ਪੰਜਾਬਣ ਮੁਟਿਆਰ ਦੀ ਝਾਂਜਰ ਛਣਕਦੀ ਹੈ। ਉਸ ਦੀ ਕਲਪਨਾ ਦੀ ਪ੍ਰਵਾਜ਼ ਵਿਚ ਅੱਲ੍ਹੜ ਕੁੜੀ ਵੱਲੋਂ ਕਸੀਦੇ ਕੱਢੀਦੇ ਹਨ ਅਤੇ ਸੰਧੂਰੀ ਰੰਗ ਵਿਚ ਰੰਗੀ ਮੁਟਿਆਰ ਵੱਲੋਂ ਫ਼ੁਲਕਾਰੀ 'ਤੇ ਹਾਣੀ ਪ੍ਰਤੀ ਮੋਹ ਦੇ ਫ਼ੁੱਲ ਪੈਂਦੇ ਹਨ। ਉਸ ਦੇ ਜ਼ਿਹਨ ਵਿਚ ਬੇਬੇ ਦੀ ਮਧਾਣੀ ਗਾਇਨ ਕਰਦੀ ਹੈ ਅਤੇ ਹਰੇ-ਭਰੇ ਬਾਗਾਂ ਵੱਲੋਂ ਰੁਮਕਦੀ ਪੌਣ ਲੋਰੀਆਂ ਦਿੰਦੀ ਹੈ। ਉਸ ਦੀ ਸੋਚ ਵਿਚ ਝਰਨੇ ਰਾਗ ਛੇੜਦੇ ਨੇ ਅਤੇ ਮੰਤਰ-ਮੁਗਧ ਹੋਈਆਂ ਇੰਦਰ ਦੀਆਂ ਪਰੀਆਂ ਨਿਰਤ ਕਰਦੀਆਂ ਨੇ। ਉਸ ਦੀਆਂ ਕਵਿਤਾਵਾਂ ਵਿਚ ਪੰਜਾਬ ਦੀਆਂ ਲਹਿ-ਲਹਾਉਂਦੀਆਂ ਫ਼ਸਲਾਂ ਜਿਹੀ ਤਾਜ਼ਗੀ ਅਤੇ ਸਰ੍ਹੋਂ ਦੇ ਫ਼ੁੱਲਾਂ ਵਰਗੀ ਰਸਭਿੰਨੀ ਖ਼ੁਸ਼ਬੂ ਹੈ। ਉਸ ਦੀ ਕਵਿਤਾ ਦੇ ਬੋਲਾਂ ਵਿਚ ਘੁਲਾੜ੍ਹੀ 'ਤੇ ਬਣਦੇ ਤੱਤੇ ਗੁੜ ਜਿਹੀ ਮਹਿਕ ਹੈ ਅਤੇ ਪੋਨੇ ਗੰਨੇ ਦੇ ਰਸ ਵਰਗਾ ਸੁਆਦ! ਉਹ ਨੀਲੇ ਅਸਮਾਨ ਦੀ ਹਿੱਕ ਉਤੇ ਸੱਚ ਦੀ ਮੋਹਰ ਲਾਉਣਾ ਜਾਣਦੀ ਹੈ ਅਤੇ ਕਦੇ-ਕਦੇ ਨਾ ਹਜ਼ਮ ਹੋਣ ਵਾਲਾ ਸੱਚ ਬਿਆਨਦੀ ਹੈ:

ਸਾਇੰਸ ਆਖਦੀ ਹੈ;
ਡਾਇਨਾਸੋਰ ਹੁੰਦੇ ਸੀ, ਹੁਣ ਨਹੀਂ ਰਹੇ।
ਮੈਂ ਆਖਦੀ ਹਾਂ;
ਇਨਸਾਨ ਹੁੰਦੇ ਸੀ, ਹੁਣ ਨਹੀਂ ਰਹੇ...

ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭਾਣੋ ਲੰਗਾ ਵਿਚ ਸਰਦਾਰ ਬਲਵੀਰ ਸਿੰਘ ਅਤੇ ਮਾਤਾ ਰਜਵੰਤ ਕੌਰ ਦੀ ਕੁੱਖੋਂ ਜਨਮੀ ਕਿਰਨ, 2017 ਤੋਂ ਯੂਰਪ ਦੇ ਬੇਹੱਦ ਖ਼ੂਬਸੂਰਤ ਦੇਸ਼ 'ਆਸਟਰੀਆ' ਵਿਚ ਰਹਿ ਰਹੀ ਹੈ। ਉਸ ਨੇ 2018 ਵਿਚ ਤਹੱਈਆ ਕਰ ਲਿਖਣਾ ਸ਼ੁਰੂ ਕੀਤਾ। ਆਪਣੇ ਦੇਸ਼ ਅਤੇ ਵਿਦੇਸ਼ ਦੇ ਸਮਾਜਿਕ ਢਾਂਚੇ ਨੇ ਉਸ ਦੀ ਬੌਧਿਕਤਾ ਨੂੰ ਝੰਜੋੜਾ ਮਾਰਿਆ, ਤਾਂ ਉਸ ਨੇ ਵਿਅੰਗਮਈ 'ਲਘੂ ਕਹਾਣੀਆਂ' ਲਿਖੀਆਂ ਅਤੇ ਉਹ ਪੰਜਾਬ ਦੇ ਕਈ ਪ੍ਰਮੁੱਖ ਅਖ਼ਬਾਰਾਂ ਵਿਚ ਛਪਣ ਲੱਗੀ। ਹੌਲੀ-ਹੌਲੀ ਇਹ ਸਫ਼ਰ ਅੱਗੇ ਵਧਦਾ ਗਿਆ ਅਤੇ ਉਹ ਵਾਰਤਿਕ ਦੇ ਨਾਲ-ਨਾਲ ਕਵਿਤਾਵਾਂ ਵੀ ਸਿਰਜਣ ਲੱਗੀ। ਲਿਖਣ ਦਾ ਸ਼ੌਕ ਉਸ ਨੂੰ ਕੁਦਰਤ ਵੱਲੋਂ ਹੀ ਪਿਆ ਅਤੇ ਆਸ-ਪਾਸ ਦੀਆਂ ਘਟਨਾਵਾਂ ਤੋਂ ਉਪਜੇ ਵਿਚਾਰਾਂ ਉਪਰ ਲਿਖਣਾ ਸ਼ੁਰੂ ਕੀਤਾ, ਜੋ ਅੱਜ ਤੱਕ ਨਿਰੰਤਰ ਜਾਰੀ ਹੈ।

ਜਦ ਉਹ ਬਗ਼ਾਵਤ 'ਤੇ ਉੱਤਰ ਵਿਦਰੋਹੀ ਰਚਨਾ ਸਿਰਜਦੀ ਹੈ, ਤਾਂ ਉਹ ਕੋਈ ਬਾਗ਼ੀ ਜਾਂ ਗੁਰੀਲਾ ਜਾਪਦੀ ਹੈ। ਉਸ ਕੋਲ਼ ਕਲਾ ਦੇ ਸੂਖ਼ਮ ਤਜ਼ਰਬਿਆਂ ਦੇ ਗਹਿਣੇ ਵੀ ਨੇ ਅਤੇ ਕਿਸੇ ਦੇ ਵਿੰਗ-ਵਲ਼ ਕੱਢਣ ਲਈ ਸ਼ਬਦਾਂ ਦੇ ਤੇਜ਼ਧਾਰ ਨਸ਼ਤਰ ਵੀ! ਕਿਰਨ ਕੌਰ ਦੀਆਂ ਰਚਨਾਵਾਂ ਅਨੁਸਾਰ ਪ੍ਰੇਮ ਅਤੇ ਇਸ਼ਕ ਇੱਕ ਸਾਧਨਾਂ ਹੈ, ਠਰਕ ਭੋਰਨ ਦਾ ਜ਼ਰੀਆ ਨਹੀਂ! ਕਿਤੇ-ਕਿਤੇ ਉਸ ਦੀਆਂ ਰਚਨਾਵਾਂ ਇਸੇ ਸਾਧਨਾਂ ਦੀ ਬਾਤ ਪਾਉਂਦੀਆਂ ਹਨ। ਉਸ ਦੀਆਂ ਕਵਿਤਾਵਾਂ ਵਿਚ ਖ਼ੂਹ 'ਤੇ ਗਿੜਦੀਆਂ ਟਿੰਡਾਂ ਦੀ ਇੱਕ-ਸੁਰ ਅਤੇ ਇੱਕ-ਸਾਰ ਲੈਅ ਹੈ। ਉਸ ਦੀ ਸਿਰਜਣਾਂ ਸ਼ਕਤੀ ਵਿਚ ਮਾਘੀ ਮੌਕੇ ਕੜਾਕੇ ਦੀ ਸਰਦੀ ਵਿਚ ਖੇਤੀਂ ਲੱਗਦੇ ਕੱਸੀ ਦੇ ਪਾਣੀ ਵਰਗਾ ਹੁਲਾਸ ਅਤੇ ਨਿੱਘ ਹੈ। ਅੱਸੂ ਕੱਤੇ ਦੇ ਮਹੀਨੇ ਖੇਤਾਂ ਵਿਚ ਹਲ਼ ਖਿੱਚਦੇ ਬਲ਼ਦਾਂ ਦੀਆਂ ਟੱਲੀਆਂ ਖੜਕਣ ਦੀ ਅਦੁਤੀ ਧੁੰਨ ਹੈ। ਉਸ ਦੀ ਸ਼ਬਦ-ਬੁਣਤੀ 'ਚ ਨਾਰੀਅਲ ਦੇ ਪਾਣੀ ਵਰਗਾ ਕੁਦਰਤੀ ਰਸ ਹੈ ਅਤੇ ਇਹ ਬੁਣਤਰ-ਰਸ ਜਣੇਂ-ਖਣੇਂ ਨੂੰ ਨਸੀਬ ਨਹੀਂ ਹੋ ਜਾਂਦਾ।

ਕਿਰਨ ਹਾਥੀ ਦੇ ਦੰਦਾਂ ਵਾਂਗ, ਖਾਣ ਲਈ ਹੋਰ ਅਤੇ ਦਿਖਾਉਣ ਲਈ ਹੋਰ ਵਾਲ਼ੀਆਂ ਗੱਲਾਂ ਵੀ ਨਹੀਂ ਕਰਦੀ। ਸੱਚੀ ਗੱਲ ਮੂੰਹ 'ਤੇ ਕਹਿਣ ਦੀ ਆਦੀ ਹੈ। ਉਸ ਅਨੁਸਾਰ ਆਲੋਚਕ ਅਤੇ ਨਿੰਦਕ ਵਿੱਚ ਦੋ ਕਿਨਾਰਿਆਂ ਵਾਂਗ ਫ਼ਰਕ ਹੈ। ਆਲੋਚਕ ਤੁਹਾਨੂੰ ਸੇਧ ਪ੍ਰਦਾਨ ਕਰਦੇ ਨੇ ਅਤੇ ਨਿੰਦਕ ਦਾ ਕੰਮ ਬਿਨਾ ਗੱਲੋਂ 'ਤਰਕ' ਮਾਰਨੀ ਹੁੰਦੀ ਹੈ। ਮੇਰਾ ਇਹ ਗੱਲਾਂ ਕਰਨ ਦਾ ਭਾਵ ਹੈ ਕਿ ਕਿਰਨ ਜ਼ਿਆਦਾਤਰ ਚੁੱਪ ਰਹਿ ਕੇ ਹੀ ਦੁਆਵਾਂ ਦੇਣ ਵਾਲ਼ੀ ਫ਼ੌਲਾਦੀ ਦਿਲ ਵਾਲ਼ੀ ਕੁੜੀ ਹੈ ਅਤੇ ਉਹ ਬਦਖੋਹੀ ਕਰਨ ਵਾਲ਼ਿਆਂ ਦੀ ਵੀ ਚਿੰਤਾ ਨਹੀਂ ਕਰਦੀ। ਜੇ ਉਸ ਵਿਚ ਕਹਿਣ ਦਾ ਜਿਗਰਾ ਹੈ, ਤਾਂ ਉਸ ਵਿਚ ਸਹਿਣ ਦਾ ਸਾਹਸ ਵੀ ਹੈ। ਉਹ ਵਿਹਲੜ ਬੰਦੇ ਵਾਂਗ ਸਿੰਗ ਮਿੱਟੀ ਵੀ ਨਹੀਂ ਚੁੱਕਦੀ ਅਤੇ ਨਾ ਹੀ ਸ਼ਬਦਾਂ ਦੀ ਖੁਰ-ਵੱਢ ਕਰਦੀ ਹੈ। ਉਹ ਤਾਂ ਨਿਯਮਬੱਧ ਸੈਨਿਕ ਵਾਂਗ ਸਮਾਜ ਦੇ 'ਵੈਰੀ' 'ਤੇ ਸ਼ਿਸ਼ਤ ਬੰਨ੍ਹ ਨਿਸ਼ਾਨਾ ਲਾਉਂਦੀ ਹੈ। ਮੈਂ ਉਸ ਦੀ ਪਲੇਠੀ ਪੁਸਤਕ "ਕੁਦਰਤ ਕਾਰੀਗਰ ਹੈ" ਨੂੰ ਬਾਂਹਾਂ ਫ਼ੈਲਾ ਕੇ "ਜੀ ਆਇਆਂ" ਆਖਦਾ ਹੋਇਆ, ਉਸ ਤੋਂ ਅਜਿਹੀਆਂ ਹੋਰ ਕਿਤਾਬਾਂ ਦੀ ਆਸ ਰੱਖਾਂਗਾ।

# ਸਤਰੰਗ

# ਜਦੋਂ ਪਾਉਂਦੀ ਏਂ ਤੂੰ ਲੰਮੇ-ਲੰਮੇ ਤੰਦ ਨੀ...

-ਬਲਜਿੰਦਰ ਮਾਨ
98150-18947
-ਸੰਪਾਦਕ ਨਿੱਕੀਆਂ ਕਰੂੰਬਲਾਂ,
ਮਾਹਿਲਪੁਰ (ਹੁਸ਼ਿਆਰਪੁਰ)
ਪੰਜਾਬ ਮੇਲ USA



ਚੁੱਲ੍ਹੇ ਅੱਗ ਅਤੇ ਘੜੇ ਵਿਚ ਪਾਣੀ ਦਾ ਨਾ ਹੋਣਾ ਬਰਬਾਦੀ ਦੇ ਚਿੰਨ੍ਹ ਮੰਨੇ ਗਏ ਹਨ।

ਕਿਸੇ ਜ਼ਮਾਨੇ ਵੱਸਦੇ ਰਸਦੇ ਘਰਾਂ ਦੀ ਇਹ ਉਤਮ ਨਿਸ਼ਾਨੀ ਹੁੰਦੀ ਸੀ। ਸਮੇਂ ਦੀ ਤੋਰ ਨਾਲ ਸਭ ਕੁਝ ਬਦਲ ਗਿਆ ਹੈ। ਘੜਿਆਂ ਦੀ ਥਾਂ ਫਰਿਜ ਆ ਗਈ ਹੈ ਅਤੇ ਬਾਲਣ ਵਾਲੇ ਚੁੱਲ੍ਹੇ ਦੀ ਥਾਂ ਗੈਸ ਵਾਲਾ ਚੁੱਲ੍ਹਾ ਆ ਗਿਆ ਹੈ, ਜਿਸ ਨਾਲ ਚੁੱਲ੍ਹੇ ਵਿਚ ਫੂਕਾਂ ਮਾਰਨ ਦਾ ਯਬਖਾਨਾ ਮੁੱਕ ਗਿਆ ਹੈ। ਪੇਂਡੂ ਘਰਾਂ ਵਿਚ ਮਿੱਟੀ ਦੇ ਬਣੇ ਹੋਏ ਅਨੇਕਾਂ ਕਿਸਮ ਦੇ ਚੁੱਲ੍ਹੇ ਮਿਲਦੇ ਸਨ, ਜਿਨ੍ਹਾਂ ਵਿਚ ਤੰਦੂਰ ਅਤੇ ਲੂੰਬੀ ਵਾਲਾ ਚੁੱਲ੍ਹਾ ਆਮ ਦੇਖੇ ਜਾ ਸਕਦੇ ਸਨ। ਕਈ ਲੋਕ ਤਾਂ ਚੁੱਲ੍ਹੇ ਨੂੰ ਏਨਾ ਸਜਾਉਂਦੇ ਸਨ ਕਿ ਦੇਖਿਆ ਰੱਜ ਨਹੀਂ ਸੀ ਆਉਂਦਾ। ਜੇ ਕਿਤੇ ਚੁੱਲ੍ਹੇ ਤੋਂ ਤਾਜ਼ੇ ਲਹਿੰਦੇ ਪ੍ਰਸਾਦੇ ਛੱਕਣ ਬਹਿ ਜਾਈਏ, ਫਿਰ ਤਾਂ.........। ਚੁੱਲ੍ਹਾ ਬਲਦਾ ਰੱਖਣ ਲਈ ਔਰਤ ਦਾ ਹੋਣਾ ਲਾਜ਼ਮੀ ਹੈ। ਜਿਵੇਂ ਆਖਦੇ ਨੇ:-

ਰੰਨਾ ਵਾਲਿਆਂ ਦੇ ਪੱਕਣ ਪਰਾਉਂਠੇ,
ਛੜਿਆ ਦੀ ਅੱਗ ਨਾ ਬਲ਼ੇ।


ਕਿਸ਼ੋਰ ਅਵਸਥਾ ਵਿਚੋਂ ਲੰਘਦੀ ਹਰ ਮੁਟਿਆਰ ਦੇ ਰੁਝਾਨ ਨੂੰ ਇਨ੍ਹਾਂ ਚਾਰਾਂ ਵੇਦਾਂ ਚਾਟੀ, ਚੁੱਲ੍ਹਾ, ਚੱਕੀ, ਚਰਖਾ ਵੱਲ ਮੋੜਨਾ ਮਾਪਿਆਂ ਅਤੇ ਅਧਿਆਪਕਾਂ ਦਾ ਫਰਜ਼ ਬਣਦਾ ਹੈ। ਕਈ ਵਾਰ ਦੇਖਣ ਸੁਣਨ ਵਿਚ ਆਇਆ ਹੈ ਕਿ ਫਲਾਣੀ ਕਾਲਜੀਏਟ ਕੁੜੀ ਨੂੰ ਰੋਟੀ ਵੀ ਨਹੀਂ ਬਨਾਉਣੀ ਆਉਂਦੀ। ਕਿਉਂ ? ਕਿਉਂਕਿ ਉਨ੍ਹਾਂ ਦਾ ਘਰ ਨੌਕਰਾਂ ਚਾਕਰਾਂ ਨਾਲ ਭਰਿਆ ਪਿਆ ਹੈ। ਖੈਰ, ਕੁਝ ਵੀ ਹੋਵੇ, ਨਾਰੀ ਨੂੰ ਅਜੋਕੇ ਸਮੇਂ ਦੀ ਸੰਪੂਰਨ ਔਰਤ ਅਖਵਾਉਣ ਲਈ ਇਨ੍ਹਾਂ ਚਾਰਾਂ ਕਾਰਜਾਂ ਵਿਚ ਮਾਹਿਰ ਹੋਣਾ ਚਾਹੀਦਾ ਹੈ। ਭਾਵੇਂ ਇਨ੍ਹਾਂ ਦੀ ਲੋੜ ਨਹੀਂ ਰਹੀ ਪਰ ਉਹ ਸਮਾਂ ਇਨ੍ਹਾਂ ਤੋਂ ਬਗੈਰ ਸਪੂੰਰਨ ਨਹੀਂ ਸੀ ਮੰਨਿਆ ਜਾਂਦਾ। ਜੇਕਰ ਅੱਜ ਦੀ ਮੁਟਿਆਰ ਵਾਸਤੇ ਗੱਲ ਕਰਨੀ ਹੋਵੇ, ਤਾਂ ਕਿਹਾ ਜਾ ਸਕਦਾ ਹੈ ਕਿ ਉਸਨੂੰ ਸੂਚਨਾ ਕ੍ਰਾਂਤੀ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ। ਇਹ ਸਭ ਯੰਤਰ ਉਸਦੀ ਤਰੱਕੀ ਲਈ ਅਦਾਰ ਬਣਕੇ ਉਸਦੇ ਜੀਵਨ ਨੂੰ ਸੁਖਾਲਾਂ ਅਤੇ ਆਨੰਦਮਈ ਬਣਾਉਂਦੇ ਹਨ। ਬਦਲ ਰਹੇ ਜਨ ਜੀਵਨ ਬਾਰੇ ਸ਼ਾਇਰ ਲਿਖਦਾ ਹੈ:-

ਚਰਖੇ ਤੇ ਚੁੱਲ੍ਹੇ ਦੀਆਂ ਭੁੱਲ ਕੇ ਸਾਰਾਂ ਨੂੰ
ਫੈਸ਼ਨਾਂ 'ਚ ਮਸਤ ਹੋ ਕੇ ਲੁੱਟਣ ਬਹਾਰਾਂ ਨੂੰ।

ਚਲਾਕ ਸੱਸ ਆਪਣੀ ਬਹੂ ਨੂੰ ਭਾਰਾ ਕੰਮ ਸੌਂਪਣ ਵੇਲੇ ਬੜੀ ਹਲੀਮੀ ਨਾਲ ਇਹ ਕਹਾਵਤ ਆਖਦੀ:-

ਆ ਨੀ ਧੀਏ ਨਿੱਸਲ ਹੋ, ਚਰਖਾ ਛੱਡ ਤੇ ਚੱਕੀ ਝੋ।

ਇਕ ਸਮਾਂ ਸੀ, ਜਦੋਂ ਏਨਾ ਰੁੱਝਿਆ ਹੋਇਆ ਆਮ ਜੀਵਨ ਨਹੀਂ ਸੀ। ਕਿਉਂਕਿ ਉਸ ਵੇਲੇ ਸਾਇੰਸ ਨੇ ਅਜੇ ਏਨੀ ਤਰੱਕੀ ਨਹੀਂ ਸੀ ਕੀਤੀ।



ਚਰਖਾ ਮੈਂ ਆਪਣਾ ਕੱਤਾਂ ਤੰਦ ਤੇਰਿਆਂ ਦੁੱਖਾਂ ਦੀ ਪਾਵਾਂ

ਮਨੁੱਖ ਨੂੰ ਆਪਣੇ ਕਾਰਜਾਂ ਨੂੰ ਸਿਰੇ ਚੜ੍ਹਾਉਣ ਲਈ ਲਹੂ ਪਾਣੀ ਇਕ ਕਰਨਾ ਪੈਂਦਾ, ਅਤੇ ਸਾਰੇ ਕੰਮ ਹੱਥੀਂ ਹੀ ਕੀਤੇ ਜਾਂਦੇ ਸਨ। ਔਰਤਾਂ ਨੇ ਸਾਰੇ ਟੱਬਰ ਲਈ ਤੜਕੇ-ਤੜਕੇ ਚੱਕੀ ਵਿਚ ਦਾਣੇ ਪੀਸ ਕੇ ਆਟਾ ਬਨਾਉਣਾ। ਇਥੇ ਹੀ ਬਸ ਨਹੀਂ, ਖੂਹ ਵਿਚੋਂ ਲੱਜਾਂ ਨਾਲ ਪਾਣੀ ਖਿੱਚਣਾ ਅਤੇ ਡਾਰਾਂ ਬੰਨ੍ਹ-ਬੰਨ੍ਹ ਖੂਹ ਨੂੰ ਜਾਣਾ ਉਨ੍ਹਾਂ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਇਕ ਹੁਸੀਨ ਚਾਲਾ ਸੀ। ਅੱਜ ਨਾ ਤਾਂ ਖੂਹ ਰਹੇ ਅਤੇ ਨਾਹੀਂ ਖੂਹਾਂ 'ਤੇ ਮੁਟਿਆਰਾਂ ਦੀਆਂ ਢਾਣੀਆਂ ਜੁੜਦੀਆਂ ਹਨ। ਤਕਨੀਕੀ ਯੰਤਰਾਂ ਅਤੇ ਸਾਇੰਸ ਨੇ ਸਾਡੇ ਵਿਚਕਾਰ ਜਿਥੇ ਨੇੜਤਾ ਲਿਆਂਦੀ, ਉਥੇ ਸਾਨੂੰ ਮੌਤ ਦੇ ਨੇੜੇ ਵੀ ਲਿਆਂਦਾ ਹੈ। ਬੋਹੜ ਦੀ ਠੰਡੀ-ਠੰਡੀ ਛਾਂ ਕੋਈ ਵਿਰਲਾ ਹੀ ਮਾਣਦਾ ਹੈ। ਜਿਥੇ ਆਕਸੀਜ਼ਨ ਦਾ ਭੰਡਾਰ ਮਿਲਦਾ ਹੈ।

ਇਕ ਸਮਾਂ ਸੀ, ਜਦੋਂ ਹਰ ਘਰ ਚੱਕੀ ਹੁੰਦੀ ਸੀ। ਪਰ ਅੱਜਕੱਲ੍ਹ ਤਾਂ ਇਹ ਸਾਰਾ ਕੁਝ ਅਜਾਇਬ ਘਰਾਂ ਵਿਚ ਹੀ ਦਿਖਾਈ ਦਿੰਦਾ ਹੈ। ਜਦੋਂ ਤੜਕੇ ਉੱਠ ਔਰਤਾਂ ਚੱਕੀ ਚਲਾਉਂਦੀਆਂ, ਤਾਂ ਚੱਕੀ ਇਕ ਅਨੋਖਾ ਸੰਗੀਤ ਅਲਾਪਦੀ। ਮੁਟਿਆਰਾਂ ਦੇ ਮੂੰਹੋਂ ਆਪ ਮੁਹਾਰੇ ਹੀ ਗੀਤ ਵਹਿ ਤੁਰਦੇ। ਇੰਜ ਉਨ੍ਹਾਂ ਦਾ ਕੰਮ ਅਤੇ ਮਨੋਰੰਜਨ ਨਾਲੋਂ-ਨਾਲ ਹੋਈ ਜਾਂਦੇ।

ਮੈਂ ਤੈਨੂੰ ਪੁੱਛਦੀ ਮਾਲੀਆ ਹੋ,
ਇਹ ਬੂਟਾ ਕਾਹੇ ਦਾ ਲਾਇਆ
ਮੈਂ ਤੈਨੂੰ ਦੱਸਦਾ ਗੋਰੀਏ ਹੋ,
ਇਹ ਬੂਟਾ ਨਰਮੇ ਦਾ ਲਾਇਆ ਹੋ।

ਚਰਖਾ ਤਾਂ ਪੇਂਡੂ ਘਰੇਲੂ ਉਦਯੋਗ ਦਾ ਇਕ ਧੁਰਾ ਰਿਹਾ ਹੈ। ਬਹੁਤ ਅਰਸਾ ਲੋਕਾਂ ਨੇ ਇਸ 'ਤੇ ਆਪਣਾ ਜੀਵਨ ਨਿਰਬਾਹ ਕੀਤਾ। ਪਰ ਹੁਣ ਪਹਿਲੇ ਵਾਲੀ ਗੱਲ ਨਹੀਂ ਰਹੀ। ਨਾ ਹੁਣ ਮੁਟਿਆਰਾਂ ਤ੍ਰਿੰਝਣਾਂ 'ਚ ਜੁੜ ਚਰਖੇ ਕੱਤਦੀਆਂ ਨੇ ਅਤੇ ਨਾ ਹੀ ਘਰਾਂ ਵਿਚ ਇਹ ਸਭ ਕੁਝ ਉਪਲੱਬਧ ਹੈ। ਵੀਹਵੀਂ ਸਦੀ ਦੇ ਅੰਤ ਤੱਕ ਬੁੱਢੀਆਂ ਮਾਈਆਂ ਲਈ ਇਹ ਹਲਕੀ ਕਸਰਤ ਦਾ ਇਕ ਸਾਧਨ ਰਹਿ ਗਿਆ ਸੀ। ਜੀਵਨ ਰੂਪੀ ਕਹਾਣੀ ਵਿਚ ਇਸਦਾ ਅਹਿਮ ਰੋਲ ਇੰਜ ਦਰਸਾਇਆ ਗਿਆ ਹੈ।

ਨੀ ਮੈਂ ਕੱਤਾਂ ਪਰੀਤਾਂ ਨਾਲ
ਚਰਖਾ ਚੰਨਣ ਦਾ।

ਇਹ ਵੀ ਇਕ ਤਲਖ ਹਕੀਕਤ ਹੈ ਕਿ ਸਮੇਂ ਦੀ ਤੋਰ ਨਾਲ ਸਮਾਜਿਕ ਰਹੁ-ਰੀਤ ਬਦਲਦੇ ਰਹਿੰਦੇ ਨੇ:-

ਬੇੜੀ ਦਾ ਪੂਰ ਤ੍ਰਿੰਝਣ ਦੀਆਂ ਕੁੜੀਆਂ
ਫੇਰ ਨਾ ਬਹਿਣਾ ਰਲ਼ਕੇ
ਜੋ ਪਾਣੀ ਅੱਜ ਪੱਤਣੋਂ ਲੰਘਿਆ
ਫੇਰ ਨਾ ਵਹਿਣਾ ਭਲ਼ਕੇ।

ਚਰਖਾ ਕੱਤਦੀ ਮੁਟਿਆਰ ਜਦੋਂ ਲੰਬੇ-ਲੰਬੇ ਤੰਦ ਪਾਉਂਦੀ ਹੈ, ਤਾਂ ਗੱਭਰੂਆਂ ਦੇ ਮਨ 'ਤੇ ਕੀ ਬੀਤਦੀ ਹੈ, ਇਸਦਾ ਉਹ ਜ਼ਿਕਰ ਆਪ ਮੁਹਾਰਾ ਹੀ ਗੁਣ ਗੁਣਾਕੇ ਕੋਲੋਂ ਲੰਘਦਾ ਕਰਦਾ ਹੈ:-

ਚਰਖੀ ਰੰਗੀਨ ਦਰਵਾਜ਼ੇ ਵਿਚ ਡਾਹ ਕੇ,
ਜਦੋਂ ਪਾਉਂਦੀ ਏਂ ਤੂੰ ਲੰਬੇ-ਲੰਬੇ ਤੰਦ ਨੀ
ਰਹੀ ਬਚ ਕੇ ਹਾਨਣੇ.........।

ਇਥੇ ਹੀ ਬਸ ਨਹੀਂ, ਚਰਖੇ ਦੀ ਘੂਕਰ ਸਿਰਫ ਤੁਰੇ ਜਾਂਦੇ ਰਾਹੀਆਂ ਨੂੰ ਹੀ ਨਹੀਂ ਰੋਕਦੀ ਸੀ, ਸਗੋਂ ਅਕਾਸ਼ਾਂ ਤੱਕ ਮਾਰ ਕਰਦੀ:-

ਜੋਗੀ ਉਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਚਾਟੀ ਚੁੱਲ੍ਹਾ ਚੱਕੀ ਚਰਖਾ ਚਾਰ ਵੇਦਾਂ ਦੀ ਕਹਾਣੀ ਹੁਣ ਬੀਤੇ ਦੀ ਗੱਲ ਬਣ ਚੁਕੀ ਹੈ। ਇਨ੍ਹਾਂ ਵਿਚੋਂ ਬਹੁਤਿਆਂ ਦਾ ਤਾਂ ਪਤਨ ਹੀ ਹੋ ਚੁੱਕਾ ਸਮਝੋ। ਇਨ੍ਹਾਂ ਦੀ ਸੰਭਾਲ ਕਰਨਾ ਜਿਥੇ ਸਾਡਾ ਸਾਰਿਆਂ ਦਾ ਫਰਜ਼ ਹੈ, ਉਥੇ ਔਰਤ ਦਾ ਇਨ੍ਹਾਂ 'ਤੇ ਪੂਰਾ ਹੱਕ ਹੈ। ਹੱਕ ਤਦ ਹੀ ਮਿਲਣਗੇ, ਜੋ ਹੱਕਾਂ ਦੀ ਵਰਤੋਂ ਕਰਨ ਦਾ ਸਲੀਕਾ ਪਤਾ ਹੋਵੇ। ਇਸ ਲਈ ਹਰ ਪੜ੍ਹੀ-ਲਿਖੀ, ਅਨਪੜ੍ਹ ਮੁਟਿਆਰ ਲਈ ਇਨ੍ਹਾਂ ਚਾਰ ਵੇਦਾਂ ਦਾ ਗਿਆਨ ਹੋਣਾ ਲਾਜ਼ਮੀ ਹੈ। ਨਾਰੀ ਨੂੰ ਸੁੱਘੜ ਸਿਆਣੀ ਬਨਾਉਣ ਅਤੇ ਇਕ ਚੰਗੀ ਗ੍ਰਹਿਣੀ ਕਹਾਉਣ ਲਈ ਇਨ੍ਹਾਂ 'ਤੇ ਮੁਹਾਰਤ ਹਾਸਲ ਕਰਨੀ ਪਵੇਗੀ। ਘਰੇਲੂ ਕਾਰਜਾਂ 'ਚ ਮੁਹਾਰਤ ਹਾਸਲ ਕਰਕੇ ਅਸੀਂ ਕਈ ਹੋਰ ਕਾਰਜਾਂ ਵਿਚ ਵੀ ਸਫ਼ਲਤਾ ਹਾਸਲ ਕਰ ਸਕਦੇ ਹਾਂ।

ਸਾਡੇ ਜਨਜੀਵਨ ਵਿਚ ਚੁੱਲ੍ਹਾ, ਚਾਟੀ, ਚੱਕੀ ਅਤੇ ਚਰਖੇ ਵਲੋਂ ਨਿਭਾਈਆਂ ਗਈਆਂ ਮਹੱਤਵਪੂਰਨ ਭੂਮਿਕਾਵਾਂ ਨੂੰ ਅੱਗੇ ਲਿਖੀਆਂ ਸਤਰਾਂ ਬੜੀ ਖੂਬਸੂਰਤੀ ਨਾਲ ਨਿਖਾਰਦੀਆਂ ਹਨ। ਇਹ ਅਮਰ ਤੁਕਾਂ ਬੀਬੀ ਭਜਨ ਕੌਰ, ਸਤਨਾਮ ਕੌਰ ਅਤੇ ਸ਼੍ਰੀਮਤੀ ਵਿਦਿਆ ਵਲੋਂ ਸੁਣਾਈਆਂ ਗਈਆਂ ਜੋ ਪੁਰਾਤਨ ਕਾਲ ਤੋਂ ਚਲੀਆਂ ਆ ਰਹੀਆਂ ਹਨ:

* ਸੱਸ ਇਕ ਤਾਂ ਦੇ ਦੇ ਚੱਕੀ ਚੁੱਲ੍ਹਾ
ਦੂਆ ਮੈਨੂੰ ਡੋਲਣਾ
ਅੱਗੇ ਤਾਂ ਰਹੀ ਚੁੱਪ
ਹੁਣ ਅਸੀਂ ਬੋਲਣਾ।

* ਚੱਕੀ ਬਹਿ ਕੇ ਝੂਲਦੀ, ਚੁੱਲ੍ਹੇ ਬੈਠੀ ਰਵੇ।
ਹੁਣ ਚੇਤੇ ਆਂਵਦਾ ਮਾਏਂ ਤੇਰਾ ਰਾਜ।

* ਚਰਖਾ ਮੈਂ ਆਪਣਾ ਕੱਤਾਂ, ਤੰਦ ਤੇਰਿਆਂ ਦੁੱਖਾਂ ਦੀ ਪਾਵਾਂ

* ਵੀਰ ਮੇਰੇ ਨੇ ਚਰਖਾ ਦਿੱਤਾ, ਵਿਚ ਸੋਨੇ ਦੀਆਂ ਮੇਖਾਂ।

* ਦਰਾਣੀ ਦੁੱਧ ਰਿੜਕੇ ਜੇਠਾਣੀ ਦੁੱਧ ਰਿੜਕੇ
ਅਸੀਂ ਕਿਉਂ ਬੈਠੇ ਝੁਰਕਾਂਗੇ।
ਵੇ ਲਿਆ ਬੱਕਰੀ ਦੁੱਧ ਰਿੜਕਾਂਗੇ।

* ਚੱਕੀ ਛੁੱਟ ਗਈ ਚੁੱਲ੍ਹੇ ਨੇ ਛੁੱਟ ਜਾਣਾ
ਰਾਜ ਆਇਆ ਤੀਵੀਆਂ ਦਾ।

* ਮੇਰੇ ਚਰਖੇ ਦੀ ਟੁੱਟ ਗਈ ਮਾਲ੍ਹ
ਵੇ ਚੰਨ ਕੱਤਾਂ ਕਿ ਨਾ।

* ਮਣਕੇ ! ਮਣਕੇ ! ਮਣਕੇ !
ਤ੍ਰਿੰਝਣਾਂ 'ਚ ਮੈਂ ਕੱਤਦੀ
ਗੋਰੀ ਵੀਣੀ ਤੇ ਕਲੀਰਾ ਛਣਕੇ।

* ਇਕ ਤੂੰ ਹੋਵੇਂ ਇਕ ਮੈਂ ਹੋਵਾਂ
ਇਕ ਹੋਵੇ ਚਰਖੇ ਦੀ ਗੁੱਝ ਮਿੱਤਰਾ
ਤੂੰ ਕੱਤ ਪੂਣੀਆਂ ਮੇਰੇ ਪਿਆਰ ਦੀਆਂ
ਮੈਂ ਖੇਤੀ ਜਾਵਾਂ ਰੁੱਝ ਮਿਤਰਾ।

* ਭਿੱਜ ਗਈਆਂ ਭਾਬੀਏ ਪੂਣੀਆਂ
ਨਾਲੇ ਬਾਹਰੇ ਭਿਜ ਗਏ ਚਰਖੇ।

* ਆਟਾ ਗੁੰਨਦੀ ਦਾ ਮੁੜਕਾ ਚੋਵੇ
ਧੌਣ 'ਤੇ ਸੰਧੂਰ ਡੁੱਲ੍ਹਿਆ।

* ਜਦ ਪਾਉਂਣ ਮਧਾਣੀ ਚਾਟੀ ਵਿਚ
ਫਿਰ ਜ਼ੋਰ ਉਠੇ ਘੂੰਕਾਰਾਂ ਦਾ।

* ਕੋਈ ਟੂੰਬਦੀ ਐ ਕੋਈ ਕੱਢਦੀ ਐ
ਕੋਈ ਪੀਂਹਦੀ ਐ ਕੋਈ ਛੱਡਦੀ ਐ
ਕੋਈ ਚੋਂਦੀ ਐ ਕੋਈ ਪਰੋਂਦੀ ਐ
ਕੋਈ ਬੇਲਾਂ ਬੂਟੇ ਕੱਢਦੀ ਐ।

ਇਸ ਤਰ੍ਹਾਂ ਪੰਜਾਬੀ ਜਨਜੀਵਨ ਵਿਚ ਜਿੱਥੇ ਇਹ ਨਿੱਗਰ ਕਾਰਜ ਕਿਸੇ ਵੇਲੇ ਸਭ ਸੁਆਣੀਆਂ ਕਰਦੀਆਂ ਸਨ ਪਰ ਅੱਜਕੱਲ੍ਹ ਤਾਂ ਇਹ ਸਭ ਕੁਝ ਮੇਲਿਆਂ 'ਤੇ ਲੱਗਦੀਆਂ ਨੁਮਾਇਸ਼ਾਂ ਵਿਚ ਹੀ ਦਿਖਾਈ ਦਿੰਦਾ ਹੈ। ਤੀਆਂ ਅਤੇ ਤ੍ਰਿੰਝਣਾਂ ਦੇ ਮੇਲੇ ਮੁੜ ਸੁਰਜੀਤ ਹੋ ਰਹੇ ਹਨ। ਜਿਨ੍ਹਾਂ ਵਿਚੋਂ ਉਸ ਜ਼ਮਾਨੇ ਦੀਆਂ ਝੱਲਕੀਆਂ ਦੇਖੀਆਂ ਜਾ ਸਕਦੀਆਂ ਹਨ। ਇਹ ਸਭ ਸਾਧਨ ਸਾਡੀ ਆਰਥਿਕਤਾ ਨਾਲ ਵੀ ਜੁੜੇ ਰਹੇ ਹਨ। ਘਰ ਵਿਚ ਅਜਿਹੇ ਸਾਧਨਾਂ ਦੇ ਚੱਲਦੇ ਹੋਣ ਨਾਲ ਹੀ ਘਰ ਦੇ ਵਿਕਾਸ ਦਾ ਪਤਾ ਲੱਗਦਾ ਸੀ। ਆਓ ਆਪਣੇ ਬੀਤੇ ਨੂੰ ਯਾਦ ਕਰਦਿਆਂ ਭਵਿੱਖ ਨੂੰ ਰੰਗਲਾਂ ਅਤੇ ਮਾਨਣਯੋਗ ਬਣਾਈਏ।

# ਮੇਰਾ ਵੀਰ ਸੰਧਾਰਾ ਲਿਆਇਆ

-ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
98781-11445
(Punjab Mail USA)

ਧੀਆਂ ਧਿਆਣੀਆਂ ਦੇ ਮਾਣ-ਤਾਣ ਨੂੰ ਬੁੱਕਲ ਵਿਚ ਸਾਂਭੀ ਬੈਠਾ ਸੰਧਾਰਾ ਸੱਭਿਆਚਾਰ ਦੀਆਂ ਸੱਧਰਾਂ ਵਿਚ ਸੰਧੂਰੀ ਰੰਗ ਬਿਖੇਰਦਾ ਹੈ। ਸੰਧਾਰਾ ਧੀਆਂ ਧਿਆਣੀਆਂ ਨੂੰ ਮਾਪਿਆਂ ਵਲੋਂ ਤੀਆਂ 'ਤੇ ਭੇਜਿਆ ਵਿਸ਼ੇਸ਼ ਤੋਹਫ਼ਾ ਹੁੰਦਾ ਹੈ। ਬਿਕ੍ਰਮੀ ਕੈਲੰਡਰ ਦੇ ਪੰਜਵੇਂ ਮਹੀਨੇ ਸਾਉਣ ਵਿਚ ਇਸ ਸੰਧਾਰੇ ਦੀ ਰੂਹ ਬੋਲਦੀ ਹੈ। ਉਂਝ ਤਾਂ ਪੰਜਾਬ ਦੇ ਲੋਕਾਂ ਵਿਚ ਪੰਚਮੀਂ, ਦਸਮੀ, ਇਕਾਦਸ਼ੀ, ਪੁੰਨਿਆ ਅਤੇ ਮੱਸਿਆ ਹਰ ਮਹੀਨੇ ਤਿੱਥਾਂ ਤਿਉਹਾਰਾਂ ਨਾਲ ਭਰਪੂਰ ਹੁੰਦੇ ਹਨ, ਪਰ ਸਾਉਣ ਮਹੀਨੇ ਦਿੱਤਾ ਜਾਂਦਾ ਸੰਧਾਰਾ ਧੀਆਂ ਦੇ ਆਤਮ ਵਿਸ਼ਵਾਸ ਅਤੇ ਸਨਮਾਨ ਵਿਚ ਮੋਹ-ਭਿੱਜਾ ਵਾਧਾ ਕਰਦਾ ਹੈ। ਤੀਆਂ 'ਤੇ ਭੇਜਿਆ ਜਾਂਦਾ ਸੰਧਾਰਾ ਸੱਸ-ਨੂੰਹ ਨੂੰ ਦੇ ਰਿਸ਼ਤੇ ਦੀ ਅੰਦਰੂਨੀ ਤਰਜ਼ਮਾਨੀ ਕਰਦਾ ਬਹੁਤ ਕੁੱਝ ਬਿਆਨ ਜਾਂਦਾ ਹੈ।

ਧੀਆਂ ਨੂੰ ਆਸ ਅਤੇ ਭੈ ਲਈ ਸੰਧਾਰਾ ਹੱਲਾਸ਼ੇਰੀ ਦਿੰਦਾ ਹੈ। ਭਾਵ ਅਰਥ ਇਹ ਹਨ ਕਿ ਸੰਧਾਰੇ ਰਾਹੀਂ ਧੀ ਨੂੰ ਮਾਪਿਆਂ ਤੋਂ ਆਸ ਰਹਿੰਦੀ ਹੈ, ਜਦਕਿ ਦੂਜੇ ਪਾਸੇ ਸਹੁਰਿਆਂ ਨੂੰ ਮੀਨ ਮੇਖ ਕਰਨ ਲਈ ਡਰ ਬਣਿਆ ਰਹਿੰਦਾ ਹੈ ਕਿ ਇਸਦੇ ਪਿੱਛੇ ਵੀ ਕੋਈ ਹੈ। ਇਹ ਤੱਥ ਭਾਵੇਂ ਸਦਾਬਹਾਰ ਹਨ ਪਰ ਸੰਧਾਰਾ ਲਿਜਾਣ ਭੇਜਣ ਸਮੇਂ ਵੱਖਰਾ ਰੁੱਤਬਾ ਰੱਖਦੇ ਹਨ। ਹਾਂ ਇਕ ਗੱਲ ਜ਼ਰੂਰ ਹੈ, ਜਦੋਂ ਧੀ ਦੇ ਮਾਪੇ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ, ਤਾਂ ਵੀਰਾਂ



ਭਾਬੀਆਂ ਦੇ ਸੰਧਾਰੇ ਦਾ ਸੰਧੂਰੀ ਰੰਗ ਫਿੱਕਾ ਪੈ ਜਾਂਦਾ ਹੈ। ਤੀਆਂ, ਤਰਿੰਜਣਾਂ, ਪਿੱਪਲਾਂ, ਪੀਂਘਾਂ, ਗਿੱਧੇ, ਮੀਂਹ ਅਤੇ ਸਵਾਦਾਂ ਦਾ ਸਿਖਰ ਸਿਰਨਾਵਾਂ ਸੰਧਾਰੇ 'ਤੇ ਨਿੱਬੜਦਾ ਹੈ। ਸੰਧਾਰਾ ਸੱਭਿਆਚਾਰ ਦੀ ਅਜਿਹੀ ਵੰਨਗੀ ਹੈ, ਜੋ ਬਦਲੇ ਸਮੇਂ ਮੁਤਾਬਿਕ ਬਦਲੇ ਢੰਗ ਤਰੀਕੇ ਨਾਲ ਸਾਉਣ ਵਿਚ ਅੱਜ ਵੀ ਤਰੋਤਾਜ਼ਾ ਅਨੁਭਵ ਦਿੰਦਾ ਹੈ।

ਵਿਆਹ ਤੋਂ ਬਾਅਦ ਪਹਿਲਾ ਸਾਉਣ ਮਹੀਨਾ ਮਾਪਿਆਂ ਦੇ ਘਰ ਮਨਾਉਣਾ ਪੰਜਾਬ ਦੀ ਰੀਤੀ ਹੈ। ਇਸ ਮਹੀਨੇ ਬਾਜ਼ਾਰਾਂ ਦੀਆਂ ਰੌਣਕਾਂ ਦੂਣੀਆਂ ਹੋ ਜਾਂਦੀਆਂ ਹਨ। ਇਸ ਮਹੀਨੇ ਸਹੁਰਿਆਂ ਤੋਂ ਤੁਰਨ ਸਮੇਂ ਬਹੂ ਨੂੰ ਨਿੱਕ ਸੁੱਕ ਦੇ ਕੇ ਮਾਪਿਆਂ ਦੇ ਘਰ ਭੇਜ ਦਿੱਤਾ ਜਾਂਦਾ ਹੈ। ਤੈਅ ਕੀਤੇ ਸਮੇਂ ਮੁਤਾਬਿਕ ਆਪਣੀ ਬਹੂ ਰਾਣੀ ਨੂੰ ਸੰਧਾਰਾ ਮਾਪਿਆਂ ਦੇ ਘਰ ਭੇਜ ਦਿੱਤਾ ਜਾਂਦਾ ਹੈ। ਇਸ ਸੰਧਾਰੇ ਨੂੰ ਕੁੜੀ ਹੁੱਬ-ਹੁੱਬ ਕੇ ਸ਼ਰੀਕੇ ਸਹੇਲੀਆਂ ਵਿਚ ਦੱਸਦੀ ਹੈ। ਇਸ ਸਮੇਂ ਅਤੇ ਵਰਤਾਰੇ ਨੂੰ ਇਉਂ ਬਿਆਨਦੀ ਹੈ:-

"ਜਦੋਂ ਸੱਸ ਨੇ ਸੰਧਾਰਾ ਭੇਜਿਆ, ਨੀ ਗਲੀ ਗਲੀ ਨੱਚਦੀ ਫਿਰਾਂ"

ਸੱਸ ਦੇ ਸੰਧਾਰੇ ਨੂੰ ਵਿਆਹੁਤਾ ਸੱਭਿਆਚਾਰ ਦੀ ਛਹਿਬਰ ਰਾਹੀਂ ਸੁਨੇਹਾ ਦਿੰਦੀ ਹੋਈ ਇਉਂ ਰੂਪਮਾਨ ਹੁੰਦੀ ਹੈ:-

"ਸੱਸ ਨੇ ਸੰਧਾਰਾ ਭੇਜਿਆ ਮੇਰੀ ਹਿੱਕ 'ਤੇ ਰੌਸ਼ਨੀ ਹੋਈ,
ਨੀ ਤੀਆਂ ਵਿਚ ਨੱਚਦੀ ਨੂੰ ਮੈਨੂੰ ਅੱਜ ਨਾ ਵਰਜਿਓ ਕੋਈ,
ਨੀ ਅੱਜ ਨਾ ਵਰਜਿਓ ਕੋਈ"

ਪਹਿਲੇ ਸੰਧਾਰੇ ਤੋਂ ਬਾਅਦ ਫਿਰ ਸਹੁਰੇ ਘਰ ਹੀ ਤੀਆਂ ਸਾਉਣ ਅਤੇ ਸੰਧਾਰੇ ਮਨਾਏ ਹੰਢਾਏ ਜਾਂਦੇ ਹਨ। ਸੱਸ ਬਹੂ ਦੇ ਮਾਪਿਆਂ ਤੋਂ ਅੰਦਰੂਨੀ ਭਾਵਨਾ ਨਾਲ ਸੰਧਾਰਾ ਉਡੀਕ ਕਰਦੀ ਹੈ। ਜ਼ਿੰਦਗੀ ਦੇ ਰੁਝੇਵਿਆਂ ਕਾਰਨ ਜੇ ਤੀਆਂ 'ਤੇ ਨਾ ਜਾਇਆ ਜਾਵੇ, ਤਾਂ ਸੱਸ ਦੀ ਟਕੋਰ, ਮਿਹਣੇ-ਤਾਹਨੇ ਹਾਜ਼ਰ ਹੋ ਜਾਂਦੇ ਹਨ:-

"ਤੈਨੂੰ ਤੀਆਂ 'ਤੇ ਲੈਣ ਨਾ ਆਏ ਬਹੁਤਿਆਂ ਭਰਾਵਾਂ ਵਾਲੀਏ"

ਧੀਆਂ ਧਿਆਣੀਆਂ ਨੂੰ ਮਾਪਿਆਂ ਤੋਂ ਸਾਰੀ ਉਮਰ ਆਸ ਰਹਿੰਦੀ ਹੈ। ਇਸ ਆਸ ਦੀ ਮਾਣਮੱਤੀ ਅਤੇ ਭਾਗਾਂ ਭਰੀ ਵੰਨਗੀ ਸੰਧਾਰਾ ਹੁੰਦੀ ਹੈ। ਵੀਰ ਭੈਣਾਂ ਨੂੰ ਸੰਧਾਰੇ ਦੇਣ ਜਾਣਾ ਇੱਕ ਵਿਰਾਸਤੀ ਗੁਣ ਵਜੋਂ ਲੈਂਦੇ ਹਨ। ਇਸ ਲਈ ਭੈਣ ਵੀਰ ਦੇ ਲਿਆਂਦੇ ਸੰਧਾਰੇ ਨੂੰ ਇਉਂ ਸੱਧਰਾਂ ਵਿਚ ਰੰਗਦੀ ਹੈ:-

"ਮੇਰਾ ਵੀਰ ਸੰਧਾਰਾ ਲਿਆਇਆ ਨੀਂ ਚੀਰ ਕੇ ਲੰਬੇ ਪੈਂਡੇ ਆਇਆ"

ਸਾਉਣ, ਸੰਧਾਰਾ ਅਤੇ ਸੱਧਰਾਂ ਸੱਭਿਆਚਾਰ ਦੀ ਖ਼ੁਸ਼ਬੂ ਹਰ ਸਾਲ ਸਾਵਣ ਮਹੀਨੇ ਬਿਖੇਰਦੀਆਂ ਰਹਿੰਦੀਆਂ ਹਨ, ਇਨ੍ਹਾਂ ਵਿਚ ਮੋਹ ਭਿੱਜੇ ਰਿਸ਼ਤੇ ਦੇ ਤੰਦ ਜੁੜੇ ਰਹਿੰਦੇ ਹਨ।

## ਅੰਤਰਰਾਸ਼ਟਰੀ ਦੋਸਤੀ ਦਿਵਸ 'ਤੇ ਵਿਸ਼ੇਸ਼

# ਦੋਸਤੀ ਬਿਨ ਜ਼ਿੰਦਗੀ ਰਸਹੀਣ ਹੈ

-ਜਸਵਿੰਦਰ ਸਿੰਘ ਰੁਪਾਲ
ਪੰਜਾਬ ਮੇਲ USA





ਦੋਸਤੀ ਦੀ ਪਰਿਭਾਸ਼ਾ ਬਹੁਤ ਵਧੀਆ ਦਿੱਤੀ ਗਈ ਹੈ – "ਦੋਸਤੀ ਉਹ ਬੈਂਕ ਹੈ, ਜਿੱਥੇ ਜ਼ਿੰਦਗੀ ਦੇ ਭੇਦ ਜਮ੍ਹਾਂ ਕਰਵਾਏ ਜਾਂਦੇ ਹਨ।" ਸੱਚਮੁੱਚ ਇਹ ਗੱਲ ਪੂਰਨ ਤੌਰ 'ਤੇ ਠੀਕ ਵੀ ਹੈ ਕਿ ਕੋਈ ਵੀ ਇਨਸਾਨ ਆਪਣੇ ਦਿਲ ਨੂੰ ਕਿਸੇ ਨਾ ਕਿਸੇ ਦੋਸਤ ਅੱਗੇ ਜ਼ਰੂਰ ਖੋਲ੍ਹ ਕੇ ਰੱਖ ਦਿੰਦਾ ਹੈ, ਜਿਹੜਾ ਉਸਨੂੰ ਸੰਕਟ ਵਿਚੋਂ ਕੱਢਣ, ਜ਼ਿੰਦਗੀ ਵਿਚ ਅੱਗੇ ਵਧਣ ਅਤੇ ਹਰ ਮੁਸੀਬਤ ਦਾ ਹੌਂਸਲੇ ਨਾਲ ਟਕਰਾ ਕਰਨ ਦਾ ਉਤਸ਼ਾਹ ਵੀ ਬਣਾਈ ਰੱਖਦਾ ਹੈ ਅਤੇ ਲੋੜ ਅਤੇ ਸਮਰੱਥਾ ਅਨੁਸਾਰ ਆਪਣੇ ਦੋਸਤ ਨੂੰ ਸਹਿਯੋਗ ਦੇ ਕੇ ਉਸਦੀ ਬਾਂਹ ਵੀ ਫੜਦਾ ਹੈ। ਦੋਸਤੀ ਨਿਭਾਏ ਜਾਣ ਦਾ ਇਕ ਬਹੁਤ ਵੱਡਾ ਇਤਿਹਾਸ ਸਾਡੇ ਕੋਲ ਮੌਜੂਦ ਹੈ। ਪਰ ਅਸੀਂ ਪਹਿਲਾਂ ਦੋਸਤੀ ਦਿਵਸ ਬਾਰੇ ਜਾਣ ਲਈਏ। ਫੇਰ ਹੋਰ ਅੱਗੇ ਚੱਲਦੇ ਹਾਂ।

ਅੰਤਰਰਾਸ਼ਟਰੀ ਦੋਸਤੀ ਦਿਵਸ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਂਤੀ ਅਤੇ ਖੁਸ਼ੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ। ਇਹ ਦੱਖਣੀ ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ 30 ਜੁਲਾਈ ਨੂੰ ਮਨਾਇਆ ਜਾਂਦਾ ਹੈ, ਜਦਕਿ ਭਾਰਤ, ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ ਅਗਸਤ ਦੇ ਪਹਿਲੇ ਐਤਵਾਰ ਨੂੰ ਦੋਸਤੀ ਦਿਵਸ ਦੇ ਰੂਪ ਵਿਚ ਮੰਨਿਆ ਗਿਆ ਹੈ। ਦੋਸਤੀ ਬਾਰੇ ਹੋਰ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਇਸ ਦਿਵਸ ਦੇ ਇਤਿਹਾਸ ਬਾਰੇ ਜਾਣੀਏ।

ਸਭ ਤੋਂ ਪਹਿਲਾਂ ਇਹ ਦਿਨ ਮਨਾਉਣ ਲਈ ਡਾਕਟਰ ਰੇਮਨ ਅਰਟੇਮੀਓ ਬਰਾਚੋ ਨੇ ਦੱਖਣੀ ਅਮਰੀਕਾ ਦੇ ਪਾਰਾਗੁਆ ਵਿਚ ਮੰਗ ਰੱਖੀ ਸੀ। ਮੁੱਖ ਮਕਸਦ ਸੀ ਲੋਕਾਂ ਵਿਚ ਸ਼ਾਂਤੀ, ਸਾਂਝ ਅਤੇ ਆਪਸੀ ਸਮਝ ਦਾ ਵਿਕਾਸ ਕਰਨਾ। ਇਸ ਵਿਚਾਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕਾਫੀ ਸਹਿਯੋਗ ਅਤੇ ਉਤਸ਼ਾਹ ਮਿਲਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਸੰਯੁਕਤ ਰਾਸ਼ਟਰ ਨੇ 2011 ਵਿਚ 30 ਜੁਲਾਈ ਦੇ ਦਿਨ ਨੂੰ ਅੰਤਰਰਾਸ਼ਟਰੀ ਦੋਸਤੀ ਦਿਵਸ ਵਜੋਂ ਸਰਕਾਰੀ ਤੌਰ 'ਤੇ ਐਲਾਨ ਕਰ ਦਿੱਤਾ। ਇਹ ਦਿਨ ਸ਼ਾਂਤੀ ਲਿਆਉਣ ਵਿਚ, ਵੱਖ-ਵੱਖ ਵਰਗਾਂ ਵਿਚ ਦੂਰੀਆਂ ਘਟਾਉਣ ਵਿਚ ਅਤੇ ਵਿਸ਼ਵ ਵਿਆਪੀ ਆਪਸੀ ਸਤਿਕਾਰ ਅਤੇ ਸਮਝ ਬਣਾਉਣ ਵਿਚ ਦੋਸਤੀ ਦੇ ਯੋਗਦਾਨ ਨੂੰ ਸਲਾਹੁੰਦਾ ਹੈ। ਇਸ ਦਿਵਸ ਨੂੰ ਮਨਾਏ ਜਾਣ ਦੇ ਖਾਸ ਮਕਸਦ ਅਤੇ ਮਹੱਤਵ ਇਹ ਹਨ–

**–ਵਿਸ਼ਵ ਸ਼ਾਂਤੀ ਨੂੰ ਉਤਸ਼ਾਹ ਦੇਣਾ:–** ਦੋਸਤੀਆਂ ਨੂੰ ਮਜ਼ਬੂਤ ਕਰਨ ਨਾਲ ਅਤੇ ਬਣਾਈ ਰੱਖਣ ਨਾਲ ਵੱਖ-ਵੱਖ ਸੱਭਿਆਚਾਰਾਂ, ਜਾਤਾਂ, ਕੌਮਾਂ ਅਤੇ ਦੇਸ਼ਾਂ ਵਿਚਕਾਰ ਦੂਰੀਆਂ ਘਟਦੀਆਂ ਹਨ, ਆਪਸੀ ਪਿਆਰ ਵਧਦਾ ਹੈ, ਜਿਸ ਨਾਲ ਵਿਸ਼ਵ ਵਿਆਪੀ ਸ਼ਾਂਤੀ ਬਣਾਏ ਰੱਖਣ ਵਿਚ ਬਹੁਤ ਵੱਡੀ ਮੱਦਦ ਮਿਲੇਗੀ।

**– ਸਮਾਜਿਕ ਸੰਬੰਧ ਮਜ਼ਬੂਤ ਕਰਨੇ:–** ਵਧੇਰੇ ਦੋਸਤੀਆਂ ਸਮਾਜ ਵਿਚ ਵਧੇਰੇ ਮਜ਼ਬੂਤ ਸਮਾਜਿਕ ਸੰਬੰਧ ਪੈਦਾ ਕਰਨਗੀਆਂ, ਜਿਸ ਨਾਲ ਇਕ ਵਿਅਕਤੀ ਨੂੰ ਸਾਰਥਕ ਅਤੇ ਸੁਹਾਵੇਂ ਸੰਬੰਧਾਂ ਦੀ ਮਹੱਤਤਾ ਬਾਰੇ ਜਾਣਕਾਰੀ ਮਿਲੇਗੀ ਅਤੇ ਉਸਦਾ ਸਮਾਜਿਕ ਨਜ਼ਰੀਆ ਵਿਸ਼ਾਲ ਹੋਏਗਾ।

**–ਸੱਭਿਆਚਾਰਾਂ ਦਾ ਅਦਾਨ ਪ੍ਰਦਾਨ:–** ਦੋਸਤੀ ਦੇ ਸਿੱਟੇ ਵਜੋਂ ਵੱਖੋ-ਵੱਖਰੇ ਸੱਭਿਆਚਾਰਕ ਚੌਗਿਰਦੇ ਵਾਲੇ ਵਿਅਕਤੀ ਇੱਕ ਦੂਸਰੇ ਨਾਲ ਆਪੋ-ਆਪਣੇ ਸੱਭਿਆਚਾਰ ਦੀ ਗੱਲ ਕਰਨਗੇ। ਦੂਸਰੇ ਸੱਭਿਆਚਾਰ ਬਾਰੇ ਸਾਡੀ ਦ੍ਰਿਸ਼ਟੀ ਵਿਸ਼ਾਲ ਹੋਏਗੀ, ਜਿਸ ਨਾਲ ਸਹਿਣਸ਼ਕਤੀ ਵਧੇਗੀ ਅਤੇ ਵਿਭਿੰਨਤਾ ਨੂੰ ਸਮਝਣਾ ਆਸਾਨ ਹੋ ਜਾਏਗਾ।

**–ਮਾਨਸਿਕ ਸਿਹਤ ਬਣਾਈ ਰੱਖਣ ਲਈ ਲਾਭਦਾਇਕ:–** ਇਹ ਦੋਸਤ ਹੀ ਹੁੰਦਾ ਹੈ, ਜਿਸ ਕੋਲ ਅਸੀਂ ਆਪਣੇ ਦੁੱਖ ਚਿੰਤਾਵਾਂ ਅਤੇ ਸਮੱਸਿਆਵਾਂ ਸਾਂਝੀਆਂ ਕਰਦੇ ਹਾਂ। ਅਜਿਹਾ ਕਰਨ ਨਾਲ ਮਾਨਸਿਕ ਉਦਾਸੀ ਜਾਂ ਡਿਪ੍ਰੈਸ਼ਨ ਨੇੜੇ ਨਹੀਂ ਆ ਸਕਦਾ। ਮਾਨਸਿਕ ਤੰਦਰੁਸਤੀ, ਭਾਵਨਾਤਮਕ ਸਹਿਯੋਗ ਨਾਲ ਆਉਂਦੀ ਹੈ, ਜਿਸ ਨਾਲ ਕਿਸੇ ਵੀ ਤਰ੍ਹਾਂ ਦਾ ਤਣਾਅ ਖਤਮ ਹੋ ਕੇ ਸੰਤੁਸ਼ਟੀ ਅਤੇ ਸੰਤੁਲਨ ਵਾਲਾ ਵਧੀਆ ਜੀਵਨ ਜਿਊਣ ਵੱਲ ਝੁਕਾਅ ਵਧੇਗਾ।

***ਖੋਲ੍ਹਿਆ ਹੁੰਦਾ ਹੈ ਜੇ ਦਿਲ ਨੂੰ ਯਾਰਾਂ ਨਾਲ,***
***ਖੋਲ੍ਹਣਾ ਨਾ ਪੈਂਦਾ ਇਸਨੂੰ ਅੱਜ ਔਜਾਰਾਂ ਨਾਲ।.... (ਸੁਰਜੀਤ ਪਾਤਰ)***

**–ਵਰਗ ਗਤੀਵਿਧੀਆਂ ਦਾ ਸਰੋਤ :–** ਇਸ ਨਾਲ ਵੱਖ-ਵੱਖ ਖੇਤਰਾਂ ਦੀਆਂ ਗਤੀਵਿਧੀਆਂ ਨੂੰ ਹੁਲਾਰਾ ਮਿਲਦਾ ਹੈ, ਜਿਸ ਨਾਲ ਮਨੁੱਖੀ ਊਰਜਾ ਠੀਕ ਥਾਂ 'ਤੇ ਖਰਚ ਹੁੰਦੀ ਹੈ ਅਤੇ ਸਮਾਜ ਨੂੰ ਇਕ ਉਸਾਰੂ ਸੇਧ ਮਿਲਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦੋਸਤੀਆਂ ਦਾ ਦਾਇਰਾ ਜਿੰਨਾ ਵੱਡਾ ਹੋਏਗਾ, ਉਤਨਾ ਸਿਰਫ ਸੰਬੰਧਿਤ ਵਿਅਕਤੀਆਂ ਨੂੰ ਹੀ ਨਹੀਂ, ਸਗੋਂ ਸਮਾਜ ਨੂੰ ਅਤੇ ਵਿਸ਼ਵ ਨੂੰ ਵੀ ਲਾਭ ਪੁੱਜੇਗਾ।

ਇਨਸਾਨ ਬਚਪਨ ਤੋਂ ਸ਼ੁਰੂ ਕਰਕੇ ਆਪਣੇ ਜੀਵਨ ਦੇ ਅੰਤ ਤੱਕ ਦੋਸਤ ਬਣਾਉਂਦਾ ਰਹਿੰਦਾ ਹੈ। ਬਹੁਤੀ ਵਾਰ ਇਹ ਦੋਸਤੀਆਂ ਚਿਰ ਸਥਾਈ ਨਹੀਂ ਹੁੰਦੀਆਂ। ਕੁਝ ਕੁ ਪਲ ਤੋਂ ਸ਼ੁਰੂ ਹੋ ਕੇ ਕੁਝ ਕੁ ਸਾਲਾਂ ਤੱਕ ਦਾ ਇਨ੍ਹਾਂ ਦਾ ਜੀਵਨ ਹੈ। ਹਰ ਇਨਸਾਨ ਨੇ ਆਪਣੀ ਗਤੀਸ਼ੀਲ ਜ਼ਿੰਦਗੀ ਦੇ ਨਾਲ-ਨਾਲ ਤੁਰਦੇ ਆਪਣੀ ਥਾਂ, ਆਪਣਾ ਕੰਮ, ਆਪਣੇ ਸ਼ੌਕ, ਆਪਣੀ ਪਸੰਦ, ਆਪਣੀ ਸੋਚ ਬਦਲਦੇ ਰਹਿਣਾ ਹੁੰਦਾ ਹੈ। ਇਨ੍ਹਾਂ ਬਦਲਦੀਆਂ ਪ੍ਰਸਥਿਤੀਆਂ ਵਿਚ ਪੁਰਾਣੇ ਦੋਸਤ ਟੁੱਟਦੇ ਰਹਿੰਦੇ ਹਨ ਅਤੇ ਨਵੇਂ ਦੋਸਤ ਬਣਦੇ ਵੀ ਰਹਿੰਦੇ ਹਨ। ਕੁਝ ਭਾਗਾਂ ਵਾਲੇ ਅਜਿਹੇ ਜਿਊੜੇ ਵੀ ਹੁੰਦੇ ਹਨ, ਜਿਨ੍ਹਾਂ ਨੇ ਜਿਸ ਨਾਲ ਇਕ ਵਾਰ ਦੋਸਤੀ ਬਣਾ ਲਈ, ਉਹ ਮਰਨ ਤੱਕ ਨਿਭਾਉਂਦੇ ਵੀ ਹਨ। ਭਾਵੇਂ ਇਸ ਨਿਭਣ ਵਿਚ ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਦੁਸ਼ਵਾਰੀਆਂ ਵੀ ਆਉਂਦੀਆਂ ਹਨ ਪਰ ਜਿਨ੍ਹਾਂ ਹਿਰਦਿਆਂ ਵਿਚ ਪ੍ਰੇਮ ਹੈ, ਉਹ ਔਖ ਝੱਲ ਕੇ ਵੀ ਦੋਸਤੀ ਪਾਲਦੇ ਹਨ।

ਅਰਬੀ ਵਿਚ ਦੋਸਤੀ ਦੇ 13 ਦਰਜੇ ਹਨ। ਬਹੁਤੇ ਲੋਕਾਂ ਦੇ ਜ਼ਿਆਦਾਤਰ ਦੋਸਤ 5ਵੇਂ ਦਰਜੇ ਜਾਂ ਇਸ ਤੋਂ ਹੇਠਾਂ ਦੇ ਹੁੰਦੇ ਹਨ। ਸਾਡੇ ਵਿਚੋਂ ਬਹੁਤਿਆਂ ਦਾ ਇੱਕ ਵੀ 12ਵੇਂ ਦਰਜੇ ਦਾ ਦੋਸਤ ਨਹੀਂ ਹੈ।

– ਜਮੈਲ ਕੋਈ ਅਜਿਹਾ ਵਿਅਕਤੀ, ਜਿਸ ਨਾਲ ਤੁਹਾਡੀ ਸਿਰਫ ਮੁਲਾਕਾਤ ਦੀ ਹੱਦ ਤੱਕ ਜਾਣ-ਪਛਾਣ ਹੋਵੇ।

– ਜਲੀਸ ਕੋਈ ਅਜਿਹਾ ਵਿਅਕਤੀ, ਜਿਸ ਨਾਲ ਤੁਸੀਂ ਕੁਝ ਸਮਾਂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਬਿਤਾ ਸਕਦੇ ਹੋ।

– ਸਮੀਰ ਕੋਈ ਅਜਿਹਾ ਵਿਅਕਤੀ, ਜਿਸ ਨਾਲ ਤੁਹਾਨੂੰ ਗੱਲਬਾਤ ਕਰਨ ਵਿਚ ਕੋਈ ਦਿੱਕਤ ਮਹਿਸੂਸ ਨਾ ਹੋਵੇ।

– ਨਦੀਮ ਖਾਣ-ਪੀਣ ਦਾ ਅਜਿਹਾ ਸਾਥੀ, ਜਿਸ ਨੂੰ ਤੁਸੀਂ ਆਪਣੇ ਖਾਲੀ ਸਮੇਂ ਵਿਚ ਯਾਦ ਕਰ ਸਕੋ।

– ਸਾਹਿਬ ਕੋਈ ਅਜਿਹਾ ਵਿਅਕਤੀ, ਜੋ ਤੁਹਾਡੀ ਭਲਾਈ ਲਈ ਚਿੰਤਤ ਹੋਵੇ।

– ਰਫ਼ੀਕ ਕੋਈ ਅਜਿਹਾ ਵਿਅਕਤੀ, ਜਿਸ 'ਤੇ ਤੁਸੀਂ ਨਿਰਭਰ ਕਰ ਸਕਦੇ ਹੋ। ਤੁਸੀਂ ਸ਼ਾਇਦ ਆਪਣੀਆਂ ਛੁੱਟੀਆਂ ਉਸ ਨਾਲ ਬਿਤਾਉਣਾ ਚਾਹੋ।

– ਸਿੱਦੀਕ ਇੱਕ ਸੱਚਾ ਦੋਸਤ, ਕੋਈ ਅਜਿਹਾ ਵਿਅਕਤੀ ਜੋ ਤੁਹਾਡੇ ਨਾਲ ਕਿਸੇ ਮਤਲਬ ਲਈ ਦੋਸਤੀ ਨਹੀਂ ਕਰਦਾ। ਇਸ ਦੀ ਬਜਾਇ ਉਸ ਨਾਲ ਤੁਹਾਡਾ ਰਿਸ਼ਤਾ ਨਿਰਸਵਾਰਥ, ਨਿਰਲੇਪ, ਦਿਖਾਵੇ ਤੋਂ ਬਿਨਾਂ, ਸੱਚਾਈ ਅਤੇ ਇਮਾਨਦਾਰੀ 'ਤੇ ਅਧਾਰਿਤ ਹੁੰਦਾ ਹੈ।

– ਖਲੀਲ ਇੱਕ ਨਜ਼ਦੀਕੀ ਦੋਸਤ, ਕੋਈ ਅਜਿਹਾ ਵਿਅਕਤੀ ਜਿਸ ਦੀ ਮੌਜੂਦਗੀ ਤੁਹਾਨੂੰ ਖੁਸ਼ ਕਰਦੀ ਹੈ।

– ਅਨੀਸ ਕੋਈ ਅਜਿਹਾ ਵਿਅਕਤੀ, ਜਿਸ ਦੀ ਮੌਜੂਦਗੀ ਵਿਚ ਤੁਸੀਂ ਸਕੂਨ ਮਹਿਸੂਸ ਕਰਦੇ ਹੋ।

– ਨਜੀ ਭਰੋਸੇਮੰਦ ਅਤੇ ਹਮਰਾਜ਼, ਕੋਈ ਅਜਿਹਾ ਵਿਅਕਤੀ, ਜੋ ਤੁਹਾਡਾ ਹਮਰਾਜ਼ ਹੈ ਅਤੇ ਜਿਸ 'ਤੇ ਤੁਸੀਂ ਬਹੁਤ ਜ਼ਿਆਦਾ ਭਰੋਸਾ ਕਰਦੇ ਹੋ।

– ਸਫੀ ਤੁਹਾਡਾ ਸਭ ਤੋਂ ਵਧੀਆ ਦੋਸਤ, ਕੋਈ ਅਜਿਹਾ ਵਿਅਕਤੀ, ਜਿਸ ਨੂੰ ਤੁਸੀਂ ਦੂਜੇ ਦੋਸਤਾਂ ਨਾਲੋਂ ਤਰਜੀਹ ਦਿੰਦੇ ਹੋ।

– ਕਰੀਨ ਕੋਈ ਅਜਿਹਾ ਵਿਅਕਤੀ, ਜਿਸ ਨਾਲ ਜੋ ਤੁਹਾਡੇ ਤੋਂ ਵੱਖ ਨਾ ਹੋਵੇ। ਨਾ ਸਿਰਫ ਤੁਸੀਂ ਜਾਣਦੇ ਹੋ ਕਿ ਉਹ ਕਿਵੇਂ ਸੋਚਦਾ ਹੈ, ਬਲਕਿ ਉਹ ਤੁਹਾਡੇ ਵਿਚਾਰਾਂ ਤੋਂ ਵੀ ਜਾਣੂ ਹੋਵੇ, ਤੁਸੀਂ ਦੋਵੇਂ ਇੱਕ ਦੂਜੇ ਦੇ ਮਿਜਾਜ਼ ਨੂੰ ਜਾਣਦੇ ਹੋ।

– ਹਬੀਬ ਇਹ ਦੋਸਤੀ ਦਾ ਸਭ ਤੋਂ ਉੱਤਮ ਦਰਜਾ ਹੈ, ਜਿਸ ਵਿਚ ਇੱਕ ਦੋਸਤ ਮਿੱਤਰਤਾ ਦੇ ਹੋਰ ਸਾਰੇ ਗੁਣਾਂ ਦੇ ਨਾਲ-ਨਾਲ ਮਹਿਬੂਬ ਦਾ ਦਰਜਾ ਲੈ ਲੈਂਦਾ ਹੈ। ਭਾਵ ਇਕ ਅਜਿਹਾ ਵਿਅਕਤੀ, ਜਿਸ ਨਾਲ ਨਿਰਸਵਾਰਥ ਮੁਹੱਬਤ ਹੋਵੇ।

ਸੋ ਇਹ ਸਾਡੇ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿਸ ਦਰਜੇ ਦੇ ਦੋਸਤ ਬਣਾ ਰਹੇ ਹਾਂ।

ਕ੍ਰਿਸ਼ਨ ਸੁਦਾਮੇ ਦੀ ਦੋਸਤੀ ਇਤਿਹਾਸ ਦੀ ਇਕ ਬਹੁਤ ਵਧੀਆ ਮਿਸਾਲ ਹੈ, ਜਿੱਥੇ ਸੁਦਾਮੇ ਨੇ ਬਚਪਨ ਵਿਚ ਕ੍ਰਿਸ਼ਨ ਨੂੰ ਸੱਤੂ ਖਵਾਏ ਸੀ, ਤਾਂ ਰਾਜਾ ਬਣੇ ਕ੍ਰਿਸ਼ਨ ਨੇ ਸੁਦਾਮੇ ਨੂੰ ਨਾ ਕੇਵਲ ਪੂਰਾ ਮਾਣ-ਸਤਿਕਾਰ ਹੀ ਦਿੱਤਾ, ਸਗੋਂ ਉਸਦੀ ਆਰਥਿਕ ਤੌਰ 'ਤੇ ਮਦਦ ਵੀ ਕੀਤੀ। ਭਾਈ ਮਰਦਾਨੇ ਦੀ ਗੁਰੂ ਨਾਨਕ ਜੀ ਨਾਲ, ਸਾਈਂ ਮੀਆਂ ਮੀਰ ਦੀ ਗੁਰੂ ਅਰਜਨ ਜੀ ਨਾਲ ਅਤੇ ਭਾਈ ਬੁੱਧੂ ਸ਼ਾਹ ਦੀ ਗੁਰੂ ਗੋਬਿੰਦ ਸਿੰਘ ਜੀ ਨਾਲ ਪ੍ਰੇਮ ਅਤੇ ਦੋਸਤੀ ਦੀ ਗੱਲ ਅਸੀਂ ਅੱਜ ਤੱਕ ਪਾਉਂਦੇ ਆ ਰਹੇ ਹਾਂ। ਵਿਸ਼ਵ ਦਾ ਇਤਿਹਾਸ ਦੋਸਤੀਆਂ ਦੇ ਲੰਮੇ ਅਜਿਹੇ ਕਿੱਸਿਆਂ ਨਾਲ ਭਰਿਆ ਪਿਆ ਹੈ, ਜਿੱਥੇ ਇੱਕ ਦੋਸਤ ਨੇ ਦੂਜੇ ਦੀ ਖੁਸ਼ੀ ਲਈ, ਸੰਕਟ ਦੂਰ ਕਰਨ ਲਈ ਆਪਣੀ ਜਾਨ ਤੱਕ ਦੀ ਵੀ ਪ੍ਰਵਾਹ ਨਾ ਕੀਤੀ ਹੋਵੇ।

ਆਮ ਤੌਰ 'ਤੇ ਹਰ ਦੋਸਤੀ ਜਾਂ ਸਾਂਝ ਦਾ ਕੋਈ ਨਾ ਕੋਈ ਆਧਾਰ ਹੁੰਦਾ ਹੈ। ਇਹ ਸਾਂਝ ਇੱਕੋ ਜਿਹੇ ਸ਼ੌਕ ਜਾਂ ਰੁਚੀਆਂ ਤੋਂ ਸ਼ੁਰੂ ਹੋ ਸਕਦੀ ਹੈ। ਖਿਡਾਰੀ, ਸੰਗੀਤਕਾਰ, ਗਾਇਕ, ਲੇਖਕ, ਕਲਾਕਾਰ ਆਦਿ ਆਪਣੀਆਂ ਇਨ੍ਹਾਂ ਰੁਚੀਆਂ ਕਰਕੇ ਦੋਸਤੀ ਵਧਾਉਂਦੇ ਹਨ। ਇੱਕੋ ਸ਼ਖਸੀਅਤ ਦੇ ਪ੍ਰਸ਼ੰਸਕ ਵੀ ਦੋਸਤ ਬਣ ਜਾਂਦੇ ਹਨ। ਇੱਕੋ ਧਰਮ, ਇੱਕੋ ਜਾਤ, ਇਕੋ ਭਾਸ਼ਾ, ਇੱਕੋ ਇਲਾਕਾ ਵੀ ਵਿਅਕਤੀਆਂ ਨੂੰ ਜੋੜਨ ਦਾ ਸਬੱਬ ਬਣਦਾ ਹੈ। ਕਿਸੇ ਕਿੱਤੇ ਨਾਲ ਜੁੜੇ ਹੋਏ, ਉਸ ਕਿੱਤੇ ਨਾਲ ਸੰਬੰਧਿਤ ਲੋਕਾਂ ਨਾਲ ਸੰਬੰਧ ਪੈਦਾ ਹੁੰਦੇ ਹਨ, ਜਿਨ੍ਹਾਂ ਵਿਚੋਂ ਕੁਝ ਸੰਬੰਧ ਦੋਸਤੀ ਦੇ ਪੱਧਰ 'ਤੇ ਪੁੱਜ ਜਾਂਦੇ ਹਨ। ਇਨ੍ਹਾਂ ਵਿਚੋਂ ਕੁਝ ਤੋੜ ਤੱਕ ਨਿੱਭ ਵੀ ਜਾਂਦੇ ਹਨ, ਬਹੁਤੀ ਵਾਰੀ ਕੁਝ ਸਮੇਂ ਪਿੱਛੋਂ ਇਹ ਖਤਮ ਵੀ ਹੋ ਜਾਂਦੀਆਂ ਹਨ। ਇੱਕ ਗੱਲ ਪੱਕੀ ਹੈ, ਜਿੰਨਾ ਕੋਈ ਵਿਅਕਤੀ ਕਿਸੇ ਵੀ ਖੇਤਰ ਵਿਚ ਬਹੁਤ ਜ਼ਿਆਦਾ ਮਾਹਰ ਹੈ ਜਾਂ ਬਹੁਤ ਜ਼ਿਆਦਾ ਰੁਚੀ ਲੈਂਦਾ ਹੈ, ਉਤਨਾ ਉਹ ਉਸ ਖੇਤਰ ਦੇ ਹੋਰ ਵਿਅਕਤੀਆਂ ਨਾਲ ਜ਼ਿਆਦਾ ਸੰਬੰਧ ਬਣਾ ਕੇ ਰੱਖੇਗਾ।

ਤਸਵੀਰ ਦਾ ਦੂਜਾ ਪੱਖ ਵੀ ਹੈ। ਇਨਸਾਨੀ ਮਨ ਚੰਚਲ ਹੈ, ਮੋਹ ਮਾਇਆ ਦੇ ਲੋਭ ਵਿਚ ਭਟਕਦਾ ਰਹਿੰਦਾ ਹੈ। ਅਜਿਹੇ ਕਿੱਸੇ ਵੀ ਕੋਈ ਘੱਟ ਨਹੀਂ, ਜਿੱਥੇ ਦੋਸਤੀ ਵਿਚ ਬੇਵਫ਼ਾਈ ਅਤੇ ਧੋਖੇ ਵੀ ਮਿਲਦੇ ਹਨ। ਕਦੇ ਕਿਸੇ ਦੋਸਤ ਨੇ ਦੂਜੇ ਦੋਸਤ ਦੀ ਧਨ ਦੌਲਤ 'ਤੇ ਨਜ਼ਰ ਟਿਕਾ ਲਈ, ਕਦੇ ਕਿਸੇ ਨੇ ਦੋਸਤ ਦੀ ਭੈਣ, ਪਤਨੀ ਜਾਂ ਕਿਸੇ ਹੋਰ ਰਿਸ਼ਤੇ ਦੀ ਔਰਤ 'ਤੇ ਬੁਰੀ ਨਜ਼ਰ ਰੱਖ ਲਈ। ਫੇਰ ਅਜਿਹੀਆਂ ਦੋਸਤੀਆਂ ਨੂੰ ਦੁਸ਼ਮਣੀਆਂ ਵਿਚ ਬਦਲਦੇ ਵੀ ਪੜ੍ਹਦੇ, ਸੁਣਦੇ, ਦੇਖਦੇ ਹਾਂ। ਦੋਸਤ ਦੀ ਤਾਂ ਹਲਕੀ ਜਿਹੀ ਬੇਸਮਝੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ, ਬੇਵਫ਼ਾਈ ਅਤੇ ਧੋਖੇ ਤਾਂ ਬਿਲਕੁਲ ਹੀ ਤੋੜ ਕੇ ਰੱਖ ਦਿੰਦੇ ਹਨ। ਯਾਦ ਕਰੀਏ ਜਦੋਂ ਮਨਸੂਰ ਨੂੰ ਪੱਥਰ ਮਾਰਨ ਦੀ ਸਜ਼ਾ ਸੁਣਾਈ ਗਈ ਸੀ ਤੇ ਮਨਸੂਰ ਦੇ ਦੋਸਤ ਨੇ ਉਸਦੇ ਫੁੱਲ ਮਾਰ ਦਿੱਤਾ ਸੀ, ਤੇ ਮਨਸੂਰ ਫੁੱਲ ਦੀ ਚੋਟ ਨਹੀਂ ਸੀ ਸਹਾਰ ਸਕਿਆ, ਉਹ ਰੋ ਪਿਆ ਸੀ। ਕਿਸੇ ਸ਼ਾਇਰ ਦੇ ਸ਼ਬਦਾਂ ਵਿਚ

ਦੁਨੀਆਂ ਦੇ ਪੱਥਰਾਂ ਦੀ ਸਾਨੂੰ ਪੀੜ ਰਤਾ ਨਾ ਹੋਈ।
ਸੱਜਣਾਂ ਨੇ ਫੁੱਲ ਮਾਰਿਆ ਸਾਡੀ ਰੂਹ ਅੰਬਰਾਂ ਤੱਕ ਰੋਈ।

ਜਦੋਂ ਇਹ ਦੋਸਤੀ ਵਿਰੋਧੀ ਲਿੰਗ ਵਾਲੇ ਵਿਅਕਤੀ ਨਾਲ ਹੋਵੇ, ਤਾਂ ਇਹ ਸੰਬੰਧ ਬਹੁਤ ਜ਼ਿਆਦਾ ਨਾਜ਼ੁਕ ਹੁੰਦਾ ਹੈ। ਇਸ ਨੂੰ ਬਣਾਈ ਰੱਖਣਾ ਕਾਫੀ ਜ਼ਿਆਦਾ ਵੱਡੀ ਜ਼ਿੰਮੇਵਾਰੀ ਮੰਗਦਾ ਹੈ। ਵਧੇਰੇ ਉੱਨਤ ਅਤੇ ਪੱਛਮੀ ਦੇਸ਼ਾਂ ਲਈ ਲੜਕੇ ਲੜਕੀ ਦੀ ਦੋਸਤੀ ਬਿਲਕੁਲ ਉਸੇ ਅੰਦਾਜ਼ ਵਿਚ ਹੈ, ਜਿਵੇਂ ਦੋ ਲੜਕਿਆਂ ਦੀ ਜਾਂ ਦੋ ਲੜਕੀਆਂ ਦੀ। ਪਰ ਵਿਕਾਸਸ਼ੀਲ ਅਤੇ ਅਵਿਕਸਿਤ ਦੇਸ਼ਾਂ ਨੇ ਅਜੇ ਇਸ ਪੱਧਰ 'ਤੇ ਆਪਣੀ ਮਾਨਸਿਕਤਾ ਨਹੀਂ ਬਣਾਈ ਹੁੰਦੀ। ਇਨ੍ਹਾਂ ਦੇਸ਼ਾਂ ਵਿਚ ਲੜਕੇ-ਲੜਕੀ ਦੀ ਦੋਸਤੀ ਦਾ ਅਰਥ ਪ੍ਰੇਮੀ ਪ੍ਰੇਮਿਕਾ ਰਾਹੀਂ ਪਤੀ ਪਤਨੀ ਬਣਨ ਦਾ ਹੈ। ਇਸ ਤੋਂ ਬਿਨਾਂ ਇਹ ਭੈਣ-ਭਰਾ ਦੇ ਰਿਸ਼ਤੇ 'ਤੇ ਆ ਜਾਂਦੇ ਹਨ। ਇੱਕ ਲੜਕੇ ਅਤੇ ਲੜਕੀ ਨੂੰ ਦੋਸਤਾਂ ਵਾਂਗ ਖੁੱਲ੍ਹਾ ਵਿਚਰਨਾ ਅਜੇ ਇਨ੍ਹਾਂ ਸਮਾਜਾਂ ਵਿਚ ਪ੍ਰਵਾਨਿਤ ਨਹੀਂ। ਭਾਵੇਂ ਹੁਣ ਕੁਝ ਸੋਚ ਬਦਲ ਰਹੀ ਹੈ ਅਤੇ ਆਸ ਕਰਦੇ ਹਾਂ ਕਿ ਹੌਲੀ-ਹੌਲੀ ਹੋਰ ਸੁਧਾਰ ਹੋਏਗਾ।

ਅੱਜ ਮੀਡੀਆ ਦਾ ਯੁੱਗ ਹੈ। ਸੋਸ਼ਲ ਮੀਡੀਆ ਨੇ ਬਹੁਤ ਸਾਰੀਆਂ ਨਵੀਆਂ ਸਮੀਕਰਣਾਂ ਬਣਾ ਦਿੱਤੀਆਂ ਹਨ। ਅਕਸਰ ਇਹ ਕਿਹਾ ਜਾਂਦਾ ਹੈ ਕਿ ਮੋਬਾਈਲ ਫੋਨ ਨੇ ਦੂਰ ਵਾਲੇ ਨੇੜੇ ਕਰ ਦਿੱਤੇ ਹਨ ਅਤੇ ਨੇੜੇ ਵਾਲੇ ਦੂਰ ਕਰ ਦਿੱਤੇ ਹਨ। ਕੋਈ ਸ਼ੱਕ ਨਹੀਂ ਕਿ ਸੋਸ਼ਲ ਮੀਡੀਆ ਨੇ ਬਹੁਤ ਦੂਰ-ਦੂਰ ਬੈਠੇ ਬਹੁਤ ਨੇੜੇ ਲੈ ਆਂਦੇ ਹਨ। ਇਹ ਦੋਸਤੀਆਂ ਬਹੁਤੀ ਵਾਰੀ ਆਰਜੀ ਹੁੰਦੀਆਂ ਹਨ। ਕਿਤੇ-ਕਿਤੇ ਬਹੁਤ ਦੇਰ ਤੱਕ ਨਿਭਣ ਵਾਲੀਆਂ ਅਤੇ ਬਹੁਤ ਗੂੜ੍ਹੀਆਂ ਦੋਸਤੀਆਂ ਵੀ ਇਸ ਮੰਚ ਨੇ ਬਣਾਈਆਂ ਹਨ ਪਰ ਦੂਜੇ ਪਾਸੇ ਇਸੇ ਮੀਡੀਆ ਨੇ ਧੋਖੇ, ਅਸ਼ਲੀਲਤਾ ਅਤੇ ਹਿੰਸਾ ਫੈਲਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ ਕਿਉਂਕਿ ਵੱਡੀ ਗੱਲ ਤਾਂ ਇਸਨੂੰ ਵਰਤਣ ਵਾਲੇ 'ਤੇ ਨਿਰਭਰ ਕਰਦੀ ਹੈ ਕਿ ਉਹ ਹੋਰਾਂ ਨਾਲ ਗੱਲਬਾਤ ਕਰਨ ਸਮੇਂ ਅਤੇ ਕੁਮੈਂਟ ਕਰਨ ਸਮੇਂ ਕਿਸ ਸੋਚ ਨਾਲ ਕਿਸ ਭਾਸ਼ਾ ਦੀ ਵਰਤੋਂ ਕਰਦਾ ਹੈ। ਪਾਰਾ ਆਮ ਵਿਅਕਤੀ ਲਈ ਜ਼ਹਿਰ ਹੈ, ਪਰ ਇੱਕ ਹਕੀਮ ਦੇ ਹੱਥਾਂ ਵਿਚ ਜਾ ਕੇ ਅਉਖਧ ਬਣ ਜਾਂਦਾ ਹੈ। ਠੀਕ ਵਰਤੋਂ ਕਰਨ ਨਾਲ ਇਸ ਪਲੇਟਫਾਰਮ ਤੋਂ ਵੀ ਵਧੀਆ, ਟਿਕਾਊ ਅਤੇ ਚੰਗੇ ਸੰਬੰਧ ਸਿਰਜੇ ਜਾ ਸਕਦੇ ਹਨ।

ਆਰਥਿਕ ਪੱਖ ਦੀ ਗੱਲ ਨਾ ਕਰੀਏ, ਤਾਂ ਵਿਚਾਰ ਅਧੂਰੀ ਰਹਿ ਜਾਏਗੀ। ਦੋਸਤੀ ਦੀ ਪਵਿੱਤਰਤਾ ਅਤੇ ਮਹੱਤਵ ਨੂੰ ਧੁਰ ਹਿਰਦੇ ਤੋਂ ਪਹਿਚਾਨਣ ਵਾਲਿਆਂ ਲਈ ਮਾਇਆ ਕਦੇ ਰੁਕਾਵਟ ਨਹੀਂ ਬਣਦੀ। ਪਰ ਉਸ ਡੂੰਘੇ ਅਹਿਸਾਸ ਤੋਂ ਵੰਚਿਤ ਲੋਕਾਂ ਦੇ ਮੂੰਹੋਂ ਅਕਸਰ ਸੁਣਦੇ ਹਾਂ ਕਿ ਪੈਸਾ ਵਿੱਚ ਆਇਆ ਤੇ ਦੋਸਤੀ ਜਾਂ ਸੰਬੰਧ ਟੁੱਟਿਆ। ਇਹ ਸੰਬੰਧ ਟੁੱਟਣ ਦੀ ਨੌਬਤ ਉਦੋਂ ਹੀ ਆਉਂਦੀ ਹੈ, ਜਦੋਂ ਅਸੀਂ ਵੱਧ ਦੀ ਕਾਮਨਾ ਕਰਦੇ ਹਾਂ, ਦੂਸਰੇ ਦੀ ਹਾਲਤ ਨੂੰ ਆਪਣੀ ਨਹੀਂ ਸਮਝਦੇ। ਲੋੜ ਤੋਂ ਵੱਧ ਕੀਤੀ ਆਸ, ਲੋੜ ਤੋਂ ਵੱਧ ਕੀਤਾ ਵਿਸ਼ਵਾਸ ਅਤੇ ਲੋੜ ਤੋਂ ਵੱਧ ਰੱਖਿਆ ਅਧਿਕਾਰ ਅੰਤ ਵਿਚ ਖੁਆਰ ਕਰ ਸਕਦੇ ਹਨ। ਕਿਸੇ ਨੇ ਬਹੁਤ ਠੀਕ ਕਿਹਾ ਹੈ ਕਿ ਸੰਬੰਧ ਬਣਾਉਣ ਲਈ ਦਿਲ ਦੀ ਵਰਤੋਂ ਕਰੋ, ਪਰ ਉਨ੍ਹਾਂ ਨੂੰ ਨਿਭਾਉਣ ਲਈ ਦਿਮਾਗ ਦੀ ਵਰਤੋਂ ਵੀ ਜ਼ਰੂਰ ਕਰੋ।

ਜੇ ਸਾਡੇ ਮਨ ਵਿਚ ਸਾਂਝ, ਦੋਸਤੀ ਅਤੇ ਪ੍ਰੇਮ ਲਈ ਲਗਨ ਬਣੀ ਰਹੇ, ਇਹ ਜੋਤ ਜਗਦੀ ਰਹੇ ਤਾਂ ਅਸੀਂ ਸਦਾ ਹੀ ਜਾਗ੍ਰਿਤ ਹੋ ਕੇ ਇਹ ਵਿਸ਼ਲੇਸ਼ਣ ਵੀ ਕਰਨ ਦੇ ਯੋਗ ਹੋ ਸਕਾਂਗੇ ਕਿ ਕੋਈ ਵੀ ਦੋਸਤੀ ਦਾ ਰੰਗ ਕਦੋਂ ਫਿੱਕਾ ਪੈਣ ਲੱਗਦਾ ਹੈ। ਸੁਚੇਤ ਮਨ, ਇੱਕ ਦਮ ਹਰਕਤ ਵਿਚ ਆ ਜਾਏਗਾ। ਬਹੁਤ ਹਲਕਾ ਜਿਹਾ ਸ਼ੱਕ, ਬੇਵਿਸ਼ਵਾਸੀ, ਓਹਲਾ, ਹਲਕੀ ਜਿਹੀ ਵੀ ਬੇਧਿਆਨੀ, ਗੂੜ੍ਹੇ ਤੋਂ ਗੂੜ੍ਹੇ ਸੰਬੰਧ ਨੂੰ ਤਹਿਸ-ਨਹਿਸ ਕਰਨ ਦੀ ਤਾਕਤ ਰੱਖਦੀ ਹੈ। ਪਰ ਅੰਦਰੋਂ ਬਾਹਰੋਂ ਇੱਕ ਹੋ ਕੇ ਗੱਲ ਕਰਨ ਵਾਲੇ ਆਪਣਾ ਵਿਸ਼ਵਾਸ ਬਣਾਈ ਰੱਖਣ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਜਿਸ ਸ਼ਖਸ ਨੂੰ ਆਪਣੀ ਕਿਸੇ ਵੀ ਭੁੱਲ ਲਈ ਮੁਆਫੀ ਮੰਗਣ ਦੀ ਜਾਚ ਆਉਂਦੀ ਹੋਵੇ, ਜਿਹੜਾ ਦੂਸਰੇ ਦੀ ਗਲਤੀ ਜਾਂ ਭੁੱਲ ਨੂੰ ਧੁਰ ਅੰਦਰੋਂ ਮੁਆਫ ਕਰ ਸਕੇ, ਉਹ ਦੋਸਤੀ ਦੇ ਰਾਹਾਂ 'ਤੇ ਹਮੇਸ਼ਾ ਮਹਿਕਾਂ ਵੰਡਦੇ ਫੁੱਲ ਵਿਛਾਉਣ ਵਿਚ ਸਫਲ ਹੁੰਦਾ ਹੈ।

ਆਓ ਆਪਣੇ ਦਿਲਾਂ ਨੂੰ ਵਿਸ਼ਾਲ ਕਰੀਏ। ਦੋਸਤੀਆਂ ਪਾਈਏ ਵੀ ਅਤੇ ਨਿਭਾਈਏ ਵੀ। ਜੇ ਕਦੇ ਕਿਸੇ ਦੋਸਤ ਨੂੰ ਕਿਸੇ ਕਾਰਨ ਸਾਡੇ ਤੋਂ ਦੂਰ ਹੋਣਾ ਪੈ ਗਿਆ, ਉਹ ਰੁਝੇਵੇਂ ਵਿਚ ਬੁਲਾ ਨਾ ਸਕਿਆ, ਕਿਤੇ ਲੋੜ ਵੇਲੇ ਸਾਡੀ ਇੱਛਾ ਅਨੁਸਾਰ ਸਾਥ ਨਾ ਦੇ ਸਕਿਆ, ਤਾਂ ਇੱਕਦਮ ਭੜਕ ਨਾ ਜਾਈਏ। ਉਹ ਵੀ ਕਿਸੇ ਹਾਲਾਤ ਜਾਂ ਮਜਬੂਰੀ ਦਾ ਸਤਾਇਆ ਹੋ ਸਕਦਾ ਹੈ। ਆਪਣੀ ਹਉਮੈ ਨੂੰ ਤਿਆਗ ਕੇ ਹੀ ਕੋਈ ਵੀ ਸੰਬੰਧ ਸੁਖਾਵਾਂ ਰਹਿ ਸਕਦਾ ਹੈ।

ਗੁਰੂ ਸਾਹਿਬ ਉਨ੍ਹਾਂ ਨੂੰ ਦੋਸਤ ਆਖਦੇ ਹਨ, ਜਿਹਨਾਂ ਨੂੰ ਮਿਲ ਕੇ ਸਾਡੀ ਬੁਰੀ ਮੱਤ ਦੂਰ ਹੋਵੇ।

ਜਿਨਾ ਦਿਸੰਦੜਿਆਂ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ॥ (ਪੰਨਾ : 520, ਮ : 5)

ਕੋਈ ਪਦਾਰਥਕ ਵਸਤੂ ਜਾਂ ਮਾਇਆ, ਕੋਈ ਸੰਬੰਧੀ ਜਾਂ ਵਿਅਕਤੀ, ਕੋਈ ਧਰਮ, ਜਾਤ, ਨਸਲ, ਇਲਾਕਾ ਆਦਿ ਦੀ ਕੰਧ ਸਾਡੇ ਇਸ ਪਵਿੱਤਰ ਰਿਸ਼ਤੇ ਵਿਚ ਰੁਕਾਵਟ ਨਾ ਬਣ ਸਕੇ। ਇੱਕ ਖੂਬਸੂਰਤ ਅਤੇ ਪ੍ਰੇਮ ਭਿੱਜਿਆ ਸੰਸਾਰ ਸਿਰਜਣ ਲਈ ਅਸੀਂ ਆਪਣੀ ਪੂਰੀ ਨਿਮਰਤਾ ਅਤੇ ਪਿਆਰ ਨਾਲ ਦੋਸਤੀਆਂ ਪਾਵਾਂਗੇ ਅਤੇ ਨਿਭਾਂਵਾਂਗੇ ਤਾਂ ਇਹ ਸਾਡੀ ਆਦਤ ਵਿਚ ਸ਼ਾਮਲ ਹੋ ਸਕੇਗਾ। ਆਸ ਕਰੀਏ ਕਿ ਇਹ ਬਣੀ ਹੋਈ ਆਦਤ ਇੰਨਾ ਵੱਡਾ ਵਿਸ਼ਵਾਸ ਪੈਦਾ ਕਰ ਸਕੇ, ਜਿੱਥੇ ਸਾਨੂੰ ਕਿਸੇ ਪੁਲਿਸ ਫੌਜ ਆਦਿ ਦੀ ਲੋੜ ਹੀ ਨਾ ਰਹੇ। ਦੇਸ਼ਾਂ ਦੀਆਂ ਹੱਦਬੰਦੀਆਂ ਖਤਮ ਹੋ ਜਾਣ ਅਤੇ ਸਾਰਾ ਵਿਸ਼ਵ ਸੱਚਮੁੱਚ ਦਾ ਇੱਕ ਵੱਡਾ ਪਿੰਡ ਹੋਵੇ, ਜਿੱਥੇ ਲੋਕ ਸਿਰਫ ਪਿਆਰ ਅਤੇ ਦੋਸਤੀ ਹੀ ਕਰਨੀ ਜਾਣਦੇ ਹੋਣ, ਵਾਰ ਭਾਵ, ਈਰਖਾ, ਦੁਸ਼ਮਣੀ ਨੂੰ ਇਸ ਪਿੰਡ ਵਿਚ ਦਾਖਲਾ ਹੀ ਨਾ ਮਿਲੇ। ਆਓ ਮਿਲ ਕੇ ਅਰਦਾਸ ਕਰੀਏ, ਤਾਂ ਕਿ ਅਜਿਹੇ ਦਿਨ ਮਨਾਉਣੇ ਸਾਰਥਕ ਹੋ ਜਾਣ।

## ਚੂਹੇ ਖਾਣੀ ਬਿੱਲੀ

ਨੌਂ ਸੌ ਚੂਹੇ ਖਾ ਬੈਠੀ ਹਾਂ,
ਚਿੱਤ ਅਪਣਾ ਪਰਚਾ ਬੈਠੀ ਹਾਂ।
ਬੜੇ ਪੁਆੜੇ ਪਾ ਬੈਠੀ ਹਾਂ,
ਦੁਸ਼ਮਣ ਕਈ ਬਣਾ ਬੈਠੀ ਹਾਂ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਹੱਜ ਜਾਣ ਦਾ ਹੱਜ ਨਹੀਂ ਰਹਿ ਗਿਆ,
ਭੁੱਲ ਬਖਸ਼ਾਉਣ ਦਾ ਪੱਜ ਨਹੀਂ ਰਹਿ ਗਿਆ।
ਜਿਉਣ ਦਾ ਕੋਈ ਚੱਜ ਨਹੀਂ ਰਹਿ ਗਿਆ,
ਰਲਣ ਲਈ ਕੋਈ ਵੱਗ ਨਹੀਂ ਰਹਿ ਗਿਆ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਜਿੱਧਰ ਜਾਵਾਂ ਕੋਈ ਮੂੰਹ ਨਹੀਂ ਲਾਉਂਦਾ,
ਹਰ ਕੋਈ ਮਿਲਣੋਂ ਕੰਨੀ ਕਤਰਾਉਂਦਾ।
ਸੌ ਬਹਾਨੇ ਘੜ ਦਿਖਲਾਉਂਦਾ,
ਰਿਸ਼ਤੇ ਨਾਤੇ ਤੋੜਨਾ ਚਾਹੁੰਦਾ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਚੂਹੇ ਨਾ ਖਾਂਦੀ ਤਾਂ ਹੋਰ ਕੀ ਖਾਂਦੀ,
ਖੀਰਾਂ ਪੂੜੇ ਕਿੱਥੋਂ ਲਿਆਂਦੀ।
ਢਿੱਡ ਦੀਆਂ ਆਂਦਰਾਂ ਕਿਵੇਂ ਵਰਾਂਦੀ,
ਤੇ ਭੁੱਖ ਦੀ ਅੱਗ ਨੂੰ ਕਿਵੇਂ ਬੁਝਾਂਦੀ।
ਦੱਸੋ ਹੁਣ ਮੈਂ ਕਿੱਧਰ ਨੂੰ ਜਾਵਾਂ,
ਰਹਿੰਦੀ ਉਮਰ ਨੂੰ ਕਿਵੇਂ ਲੰਘਾਵਾਂ?

ਤੂੰ ਨਿੱਤ ਮੈਨੂੰ ਤੋਹਮਤਾਂ ਲਾਵੇਂ,
ਮੇਰੇ ਔਗੁਣ ਖ਼ੂਬ ਗਿਣਾਵੇਂ।
ਆਪਣੇ ਪਰਦੇ ਵਿਚ ਛੁਪਾਵੇਂ,
ਕਿਸ ਤੋਂ ਕਿਹੜਾ ਇਨਸਾਫ਼ ਕਰਾਵੇਂ।
ਤੇਰੇ ਪਰਦੇ ਲਾਹ ਕੇ ਵਿਖਾਵਾਂ,
ਰਹਿੰਦੀ ਉਮਰ ਮੈਂ ਇਵੇਂ ਲੰਘਾਵਾਂ।

ਸੁਣ ਉਏ ਮੇਰਿਆ ਸੁਥਰਿਆ ਲੋਕਾ,
ਦਰ ਦਰ ਦੇਂਦੀ ਹਾਂ ਮੈਂ ਹੋਕਾ।
ਫੇਰ ਆਪਣੀ ਪੀੜ੍ਹੀ ਹੇਠ ਸੋਟਾ,
ਛੱਡ ਕਰਨਾ ਹੰਕਾਰ ਤੂੰ ਫੋਕਾ।
ਹੁਣ ਤੇਰੇ ਸਾਹਮੇਂ ਮੈਂ ਖੜ੍ਹ ਜਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।

ਪੋਲ ਤੇਰੇ ਵੀ ਖੋਲ੍ਹ ਦਿਆਂ ਮੈਂ,
ਤੱਕੜੀ ਵਿਚ ਤੈਨੂੰ ਤੋਲ ਦਿਆਂ ਮੈਂ।
ਸੱਚ ਤੇਰਾ ਵੀ ਬੋਲ ਦਿਆਂ ਮੈਂ,
ਚੌਰਾਹੇ ਵਿਚ ਤੇਰੀ ਰੋਲ ਦਿਆਂ ਮੈਂ।
ਲੋਈ ਸਿਰ ਤੋਂ ਲਾਹ ਦਿਖਾਵਾਂ,
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।
ਰਹਿੰਦੀ ਉਮਰ ਨੂੰ ਇਵੇਂ ਲੰਘਾਵਾਂ।

ਰਵਿੰਦਰ ਸਿੰਘ ਕੁੰਦਰਾ,
ਕਵੈਂਟਰੀ, ਯੂ.ਕੇ.



## ਸਾਵਣ ਦੀ ਹੂਕ

ਆਈ ਰੁੱਤ ਸੁਹਾਣੀ ਅੜਿਆ,
ਤੈਨੂੰ ਭੈੜੇ ਫ਼ਰਜ਼ਾਂ ਨੇ ਫੜਿਆ।
ਨਾ ਸਾਨੂੰ ਤੜਫ਼ਾ ਵੇ ਸੱਜਣਾ,
ਜਲਦੀ ਫੇਰਾ ਪਾ ਵੇ ਸੱਜਣਾ।

ਬਰਸੇ ਛੰਮ ਛੰਮ ਪੈਣ ਫੁਹਾਰਾਂ,
ਬਲਦੀ ਸੀਨੇ ਅੱਗ ਪਿਆਰਾਂ।
ਠੰਢੀ ਵਗਦੀ ਪੌਣ ਵੇ ਸੱਜਣਾ,
ਦੇਵੇ ਨਾ ਅੱਖ ਲੌਣ ਵੇ ਸੱਜਣਾ।

ਚੜ੍ਹੀਆਂ ਵੇ ਘਨਘੋਰ ਘਟਾਵਾਂ,
ਨੱਚਦੇ ਮੋਰ ਵੇ ਦੇਖ ਘਬਰਾਵਾਂ।
ਉੱਠੀ ਕਾਲਜੇ ਲੋਰ ਵੇ ਸੱਜਣਾ,
ਤੂੰ ਮੇਰਾ ਚਿਤਚੋਰ ਵੇ ਸੱਜਣਾ।

ਉਪਰੋਂ ਵਰ੍ਹਦਾ ਠੰਢਾ ਵੇ ਪਾਣੀ,
ਅੱਗ ਲਾਉਂਦਾ ਦਿਲੇ ਵੇ ਜਾਣੀ।
ਡੋਲੇ ਤਨ ਦੀ ਤਾਣੀ ਵੇ ਸੱਜਣਾ,
ਕੰਬੇ ਜਿੰਦ ਨਿਮਾਣੀ ਵੇ ਸੱਜਣਾ।

ਅੜਿਆ ਤੈਥੋਂ ਨ ਕੁੱਝ ਲੁਕਾਵਾਂ,
ਜਿੰਦ ਚਾਹੇ ਬਣਜਾਂ ਪਰਛਾਵਾਂ।
ਤੂੰ ਮੈਂਡਾ ਦਿਲਦਾਰ ਵੇ ਸੱਜਣਾ,
ਦੇਵਾਂ ਮੈਂ ਜਿੰਦ ਵਾਰ ਵੇ ਸੱਜਣਾ।

-ਸੇਵਾ ਸਿੰਘ 'ਨੂਰਪੁਰੀ'



## ਦਸਤਾਰ

ਸਿਰ ਉੱਤੇ ਸਜੀ ਹੋਈ ਦਸਤਾਰ ਨੂੰ
ਸਮਝੀਂ ਨਾ ਕੱਪੜਾ ਤੂੰ ਇਸ ਸ਼ਾਨ ਨੂੰ
ਬੜੇ ਮਹਿੰਗੇ ਮੁੱਲ ਇਹ ਕਮਾਈ ਹੋਈ ਆ
ਜਿਹੜੀ ਪੱਗ ਸਿਰ 'ਤੇ ਸਜਾਈ ਹੋਈ ਆ।

ਇੱਜ਼ਤਾਂ ਦੇ ਰਾਖੇ ਉੱਚੇ ਕਿਰਦਾਰ ਦੀ
ਅਸਲੀ ਨਿਸ਼ਾਨੀ ਇਹ ਸਿਰਦਾਰ ਦੀ
ਸੀਸ ਦੇ ਕੇ ਸਿਰਾਂ ਨੇ ਜਿਤਾਈ ਹੋਈ ਆ
ਜਿਹੜੀ ਪੱਗ ਸਿਰ 'ਤੇ ਸਜਾਈ ਹੋਈ ਆ।

ਤਖਤਾਂ ਦੇ ਤਾਜਾਂ ਤੋਂ ਵੀ ਉੱਚੀ ਸ਼ਾਨ ਐ
ਨਿਮਾਣਿਆਂ ਨੂੰ ਦਿੱਤਾ ਹੋਇਆ ਉੱਚਾ ਮਾਣ ਐ
ਹੰਨੈ-ਹੰਨੈ ਪਾਤਸ਼ਾਹੀ ਟਿਕਾਈ ਹੋਈ ਆ
ਜਿਹੜੀ ਪੱਗ ਸਿਰ 'ਤੇ ਸਜਾਈ ਹੋਈ ਆ

ਲੱਖਾਂ ਵਿਚੋਂ ਲੱਭ ਜੇ ਪਛਾਣ ਵੱਖਰੀ
'ਦਵਿੰਦਰਾ' ਇਹ ਦੁਨੀਆਂ 'ਤੇ ਸ਼ਾਨ ਵੱਖਰੀ
ਗੁਰੂ ਦਰੋਂ ਇਹ ਵਰੋਸਾਈ ਹੋਈ ਆ
ਜਿਹੜੀ ਪੱਗ ਸਿਰ 'ਤੇ ਸਜਾਈ ਹੋਈ ਆ।

-ਦਵਿੰਦਰ ਸਿੰਘ ਸੇਖੋਂ



## ਬਾਹਰ ਕੀ ਲੱਭਦਾ ਏਂ

ਜ਼ਰਾ ਆਪਣੇ ਅੰਦਰ ਝਾਕ, ਬਾਹਰ ਕੀ ਲੱਭਦਾ ਏਂ
ਉਹਦਾ ਤੇਰੇ ਅੰਦਰ ਵਾਸ, ਬਾਹਰ ਕੀ ਲੱਭਦਾ ਏਂ

ਚੁੱਲੇ ਤੇਰੇ ਆਪ ਜਲਾਊ, ਆਪੇ ਤੇਰੀ ਭੁੱਖ ਮਿਟਾਊ
ਦਿੱਤੇ ਜਿਹਨੇ ਸਵਾਸ, ਬਾਹਰ ਕੀ ਲੱਭਦਾ ਏਂ
ਜ਼ਰਾ ਆਪਣੇ ਅੰਦਰ ਝਾਕ, ਬਾਹਰ ਕੀ ਲੱਭਦਾ ਏਂ

ਕੀ ਭਾਲਦੈਂ ਬੰਦਿਆਂ ਕੋਲੋਂ, ਪੀੜ ਹੀ ਮਿਲਣੀ ਕੰਡਿਆਂ ਕੋਲੋਂ
ਰੱਖ ਰੱਬ ਦੇ ਉੱਤੇ ਆਸ, ਬਾਹਰ ਕੀ ਲੱਭਦਾ ਏਂ
ਜ਼ਰਾ ਆਪਣੇ ਅੰਦਰ ਝਾਕ ਬਾਹਰ ਕੀ ਲੱਭਦਾ ਏਂ

ਪੱਥਰਾਂ ਵਿਚ ਉਹ ਕੀੜੇ ਪਾਲੇ, ਨੇਹਰਿਆਂ ਦੇ ਵਿਚ ਕਰੇ ਉਜਾਲੇ
ਬਰਫ਼ਾਂ ਵਿਚ ਉਹ ਤਪਸ਼ਾਂ ਦਿੰਦਾ, ਧੁੱਪ 'ਚ ਠੰਡੀਆਂ ਬਕਸ਼ਾਂ ਦਿੰਦਾ
ਉਹ ਵੱਸਦਾ ਤੇਰੇ ਪਾਸ, ਦੂਰ ਕੀ ਲੱਭਦਾ ਏਂ
ਜ਼ਰਾ ਆਪਣੇ ਅੰਦਰ ਝਾਕ, ਬਾਹਰ ਕੀ ਲੱਭਦਾ ਏਂ

ਚੁਗਲੀ ਨਿੰਦਿਆ ਭੰਡਣਾ ਛੱਡਦੇ, ਬੰਦਿਆਂ ਕੋਲੋਂ ਮੰਗਣਾ ਛੱਡਦੇ
ਰੱਬ 'ਤੇ ਰੱਖ ਧਰਵਾਸ, ਬਾਹਰ ਕੀ ਲੱਭਦਾ ਏਂ
ਜ਼ਰਾ ਅੰਦਰ ਵੱਲ ਨੂੰ ਝਾਕ, ਬਾਹਰ ਕੀ ਲੱਭਦਾ ਏਂ

ਜਪੁਜੀ ਪੜ੍ਹਕੇ ਮੰਨਣ ਲੱਗਜਾ, ਬਾਣੀ ਪੱਲੇ ਬੰਨ੍ਹਣ ਲੱਗਜਾ
ਸ਼ਾਮੀ ਕਰ ਰਹਿਰਾਸ, ਬਾਹਰ ਕੀ ਦੱਸਦਾ ਏਂ
ਜ਼ਰਾ ਆਪਣੇ ਅੰਦਰ ਝਾਕ ਬਾਹਰ ਕੀ ਲੱਭਦਾ ਏਂ

ਮਾਇਆ ਪਿੱਛੇ ਲੱਗਾ ਫਿਰਦੈਂ, ਜਿਨ੍ਹਾਂ ਲਈ ਤੂੰ ਭੱਜਾ ਫਿਰਦੈਂ ,
ਕਿਸੇ ਨਾ ਪੁੱਛਣੀ ਬਾਤ, ਬਾਹਰ ਕੀ ਲੱਭਦਾ ਏਂ
ਜ਼ਰਾ ਆਪਣੇ ਅੰਦਰ ਝਾਕ, ਬਾਹਰ ਕੀ ਲੱਭਦਾ ਏਂ

ਜਿੰਨੇ ਰੱਬ ਨੇ ਲਿਖਤੇ ਦਾਣੇ, ਇਹ ਤਾਂ ਮਿੱਤਰਾ ਓਨੇ ਈ ਖਾਣੇ
ਪੈਸੇ ਧੇਲੇ ਕੋਠੀਆਂ ਲਾਣੇ, 'ਡਾਣਸੀਵਾਲੀਆ' ਨਾਲ ਨੀ ਜਾਣੇ
ਅੰਤ ਵੇਲੇ ਜਦ ਗੋਡੇ ਜੁੜਗੇ, ਸਾਹਾਂ ਵਾਲੇ ਪਰਿੰਦੇ ਉਡਗੇ
ਸਭ ਨੇ ਕਹਿਣਾ ਚੱਕਲੋ ਚੱਕਲੋ, ਅਰਥੀ ਉੱਤੇ ਰੱਖਲੋ ਰੱਖਲੋ
ਸਾੜ ਦੇਣਾ ਤੇਰਾ ਮਾਸ, ਬਾਹਰ ਕੀ ਲੱਭਦਾ ਏਂ
ਉਹ ਬੈਠਾ ਤੇਰੇ ਪਾਸ, ਦੂਰ ਕੀ ਲੱਭਦਾ ਏਂ
ਜ਼ਰਾ ਆਪਣੇ ਅੰਦਰ ਝਾਕ, ਬਾਹਰ ਕੀ ਲੱਭਦਾ ਏਂ
ਉਹਦਾ ਤੇਰੇ ਅੰਦਰ ਵਾਸ, ਬਾਹਰ ਕੀ ਲੱਭਦਾ ਏਂ

-ਕੁਲਵੀਰ ਸਿੰਘ ਡਾਨਸੀਵਾਲ,
ਸਰੀ, ਬੀ.ਸੀ. ਕੈਨੇਡਾ, 778-863-2472



## ਨੂਰ-ਬੇਨੂਰ

ਸਾਉਣ ਦਾ ਮਹੀਨਾ ਮਾਹੀਆ, ਹੋ ਗਈ ਬਰਸਾਤ ਵੇ।
ਆ ਜਾ ਪ੍ਰਦੇਸੋਂ ਦਿਲ ਚਾਹਵੇ ਮੁਲਾਕਾਤ ਵੇ।

ਇੱਕ ਦੂਜੇ ਦੀਆਂ ਜਦੋਂ ਬਾਹਵਾਂ ਵਿਚ ਹੋਵਾਂਗੇ,
ਸਾਨੂੰ ਖ਼ੁਸ਼ ਵੇਖ ਖ਼ੁਸ਼, ਹੋਣੀ ਕਾਇਨਾਤ ਵੇ।

ਸਿਲਸਿਲਾ ਸ਼ੁਰੂ ਹੋਣਾ ਜਦੋਂ ਗੱਲਬਾਤ ਦਾ,
ਲੱਗਣਾ ਨ੍ਹੀਂ ਪਤਾ ਕਦੋਂ ਲੰਘ ਜਾਣੀ ਰਾਤ ਵੇ।

ਆਟਾ ਜਦੋਂ ਗੁੰਨ੍ਹਦੀ ਮੈਂ ਯਾਦ ਹੁੱਝਾਂ ਮਾਰਦੀ,
ਹੰਝੂਆਂ ਦੇ ਨਾਲ ਭਰ ਜਾਂਦੀ ਏ ਪਰਾਤ ਵੇ।

ਦੁਨੀਆਂ ਦੇ ਵਿਚ ਕਮੀਂ ਕੋਈ ਨ੍ਹੀਂ ਸੌਗਾਤਾਂ ਦੀ,
ਪਰ ਵੱਡੀ ਪਿਆਰ ਤੋਂ ਨਾ ਕੋਈ ਵੀ ਸੌਗਾਤ ਵੇ।

ਨੂਰ ਵੀ ਬੇਨੂਰ ਹੋਇਆ ਤੇਰੇ ਤੋਂ ਬਗੈਰ ਚੰਨਾਂ,
ਬੰਜਰ ਜ਼ਮੀਨ ਜਿਹੇ ਹੋ ਗਏ ਨੇ ਹਾਲਾਤ ਵੇ।

ਉੱਡਕੇ ਪਰਿੰਦਿਆਂ ਦੇ ਵਾਂਗ ਆਵੇਂ 'ਨਾਗਰਾ',
ਐਹੋ ਜਿਹੀ ਰੱਬ ਕੋਈ ਵਿਖਾਵੇ ਕਰਾਮਾਤ ਵੇ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ-+1-360-448-1989



## ਗ਼ਜ਼ਲ

ਗਲ੍ਹਵਕੜੀ ਵਿਚ ਧੁੱਪਾਂ ਛਾਵਾਂ ਵੇਖਾਂਗੇ।
ਤੇਰੇ ਘਰ ਦਾ ਵੀ ਸਿਰਨਾਵਾਂ ਵੇਖਾਂਗੇ।
ਇੱਕ ਵਾਰੀ ਤੂੰ ਆ ਕੇ ਵੇਖ ਸਹੀ ਕਿਧਰੇ,
ਪਲਕਾਂ ਉੱਤੇ ਰਖ ਕੇ ਰਾਵ੍ਹਾਂ ਵੇਖਾਂਗੇ।
ਪੁੱਤ ਗਏ ਪ੍ਰਦੇਸ਼ ਕਿਵੇਂ ਕੀ ਹਾਲਤ ਹੈ?
ਪਿੰਡ 'ਚ ਕੱਲੀਆਂ ਰਹਿੰਦੀਆਂ ਮਾਵਾਂ ਵੇਖਾਂਗੇ।
ਜਿੱਥੇ ਤੇਰੇ ਮੇਰੇ ਸਾਹਾਂ ਦੀ ਗਾਥਾ।
ਮੁੱਦਤ ਪਿੱਛੋਂ ਜਾ ਕੇ ਥਾਵਾਂ ਵੇਖਾਂਗੇ।
ਰਾਮ ਲਕਛਮਣ ਵਾਲੀ ਪਿਆਰ ਕਹਾਣੀ ਵਿਚ,
ਕਿੰਝ ਦੀਆਂ ਨੇ ਭਰਤ-ਖੜ੍ਹਾਵਾਂ ਵੇਖਾਂਗੇ।
ਅੰਬਰ ਛੂਹ ਕੇ ਬੋਅ ਹੋ ਕੇ ਜੋ ਆਈ ਹੈ,
ਪਾਟੀ ਗੁੱਡੀ ਵਿਚ ਤਨਾਵਾਂ ਵੇਖਾਂਗੇ।
ਦੀਪ ਜਗਾ ਕੇ ਰਖਿਆ ਦਿਲ ਦੀ ਮਮਟੀ 'ਤੇ,
ਤੇਰੇ ਸਾਹ ਦੀਆਂ ਤੇਜ਼ ਹਵਾਵਾਂ ਵੇਖਾਂਗੇ।
ਬਚਪਨ ਠਾਠ ਜਵਾਨੀ ਵਿਚ ਜੋ ਨੇੜੇ ਸੀ,
ਵਿਚ ਬੁਢਾਪੇ ਜਾ ਕੇ ਬਾਵ੍ਹਾਂ ਵੇਖਾਂਗੇ।
ਇੱਕ ਨਦੀ ਨੂੰ ਛੂਹ ਸਕਦਾ ਪਾ ਸਕਦਾ ਨਈਂ,
ਚੰਨ ਦੇ ਚਾਨਣ ਅੰਦਰ ਹਾਵ੍ਹਾਂ ਵੇਖਾਂਗੇ।
ਵਹ੍ਹ ਜਾਂਦੀਆਂ ਨੇ ਜਾਂ ਫਿਰ ਸੁੱਕੀਆਂ ਤੁਰ ਜਾਂਦੀਆਂ,
ਮਾਰੂਥਲ ਦੇ ਵਿਚ ਘਟਾਵਾਂ ਵੇਖਾਂਗੇ।
ਕਹਿੰਦੇ ਸੂਰਜ ਤੇਰੇ ਹਾਸੇ ਵਿਚ ਵੱਸਦਾ,
ਤੇਰੀਆਂ ਤੜਕੇ ਸ਼ੋਖ਼ ਅਦਾਵਾਂ ਵੇਖਾਂਗੇ।
ਜਿਨ੍ਹਾਂ ਦੀ ਖ਼ੁਸ਼ਬੂ ਨੇ ਬਾਲਮ ਲੁੱਟਿਆ ਸੀ,
ਕਿੰਝ ਦੇ ਨੇ ਉਹ ਫੁੱਲ ਖ਼ਿਜ਼ਾਵਾਂ ਵੇਖਾਂਗੇ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409



## ਗੀਤ; ਆ ਗਿਆ ਏ ਸਾਉਣ ...

ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤਾਂ ਸਾਗਰਾਂ ਤੋਂ ਪਾਰ, ਗਿਓਂ ਕਾਗਜ਼ ਕਮਾਉਣ
ਆ ਗਿਆ ਏ ਸਾਉਣ......

ਇਹ ਸਾਉਣ ਕਾਹਦਾ ਆਇਆ, ਤੇਰੀ ਯਾਦ ਨੇ ਸਤਾਇਆ
ਚੰਨਾ ਪ੍ਰਦੇਸ ਜਾ ਕੇ, ਖਤ ਇੱਕ ਵੀ ਨਾ ਪਾਇਆ
ਹਰ ਰੋਜ਼ ਹੀ ਆਉਂਦੇ, ਚੰਨਾ ਹੋਰਾਂ ਨੂੰ ਤਾਂ ਫੋਨ
ਆ ਗਿਆ ਏ ਸਾਉਣ......

ਰੁੱਖਾਂ ਬਦਲੇ ਨੇ ਰੰਗ, ਉੱਠੇ ਦਿਲ 'ਚੋਂ ਤਰੰਗ
ਓਦੋਂ ਮੱਲੋਮੱਲੀ ਮੇਰਾ, ਚਿਹਰਾ ਹੋ ਜਾਏ ਝਰੰਗ
ਜਦੋਂ ਬਾਰਸ਼ ਦੇ ਪਿੱਛੋਂ, ਵਗੇ ਠੰਡੀ-ਮਿੱਠੀ ਪੌਣ
ਆ ਗਿਆ ਏ ਸਾਉਣ......

ਪੰਛੀ ਕਰਦੇ ਕਲੋਲਾਂ, ਬਾਗੀਂ ਕੂਕਦੀਆਂ ਕੋਇਲਾਂ
ਵੇ ਮੈਂ ਦਿਲ ਵਾਲੇ ਭੇਦ, ਦੱਸ ਕੀਹਦੇ ਕੋਲ ਖੋਹਲਾਂ
ਲੈਣ ਲੱਗੈਂ ਇਮਤਿਹਾਨ, ਮੈਨੂੰ ਲੱਗੈਂ ਅਜਮਾਉਣ
ਆ ਗਿਆ ਏ ਸਾਉਣ......

ਹੋ ਭਲੂਰੀਆ ਤੂੰ ਸ਼ਾਇਰ, ਇਹ ਕੀ ਕਰੀ ਜਾਨੈਂ ਕਹਿਰ
ਆਪੇ ਆਖਦਾ ਸੀ ਹੁੰਦਾ, ਸੋਹਣੇ ਸੱਜਣਾਂ ਬਗੈਰ
ਰਹਿ ਕੇ ਸੱਜਣਾਂ ਤੋਂ ਦੂਰ, ਕਾਹਦਾ ਜੱਗ 'ਤੇ ਜਿਉਣ
ਆ ਗਿਆ ਏ ਸਾਉਣ......

ਆ ਗਿਆ ਏ ਸਾਉਣ, ਪਰ ਦੱਸੇ ਤੈਨੂੰ ਕੌਣ
ਤੂੰ ਤੇ ਸਾਗਰਾਂ ਤੋਂ ਪਾਰ, ਗਿਓਂ ਡਾਲਰ ਕਮਾਉਣ
ਆ ਗਿਆ ਏ ਸਾਉਣ......

-ਜਸਵੀਰ ਸਿੰਘ ਭਲੂਰੀਆ,
ਸਰੀ, ਕੈਨੇਡਾ
ਸੰਪ: +91-99159-95505






REALTY ONE GROUP

Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com